ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 71 | 17 May to 23 May, 2023 | Ph.: (510) 240-5949 | Email: asrtimes@gmail.com

# ਕੀ ਪੂਰਾ ਦੇਸ਼ ਸੁਣੇਗਾ ਜਲੰਧਰ ਤੇ ਕਰਨਾਟਕ ਚੋਣਾਂ ਦੇ ਨਤੀਜਿਆਂ ਦੀ ਗੂੰਜ ?

## ਅਗਲੀਆਂ ਲੋਕ ਸਭਾ ਚੋਣਾਂ 'ਤੇ ਪ੍ਰਭਾਵ ਪਾਉਣਗੇ ਤਾਜ਼ਾ ਚੋਣ ਨਤੀਜੇ

## ਹਿੰਦੂ-ਮੁਸਲਮਾਨ ਵਿਵਾਦ ਦੀ ਥਾਂ ਲੋਕਾਂ ਨੂੰ ਚਾਹੀਦਾ ਹੈ ਰੋਜ਼ਾਨਾ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ

**ਅੰਮ੍ਰਿਤਸਰ ਟਾਈਮਜ਼ ਦੀ ਵਿਸ਼ੇਸ਼ ਰਿਪੋਰਟ**

ਪੰਜਾਬ ਅਤੇ ਕਰਨਾਟਕ ਸਮੇਤ ਪੂਰੇ ਭਾਰਤ ਲਈ ਮਈ ਮਹੀਨਾ ਵੱਡੀ ਸਿਆਸੀ ਮਹੱਤਤਾ ਰੱਖਣ ਵਾਲਾ ਬਣ ਗਿਆ ਹੈ। ਮਈ ਮਹੀਨੇ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਅਤੇ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਪੰਜਾਬ, ਕਰਨਾਟਕ ਅਤੇ ਭਾਰਤ ਦੀ ਕੌਮੀ ਸਿਆਸਤ ਵਿੱਚ ਗਰਮੀ ਲਿਆ ਦਿੱਤੀ ਹੈ। ਜਲੰਧਰ ਅਤੇ ਕਰਨਾਟਕ ਦੇ ਚੋਣ ਨਤੀਜਿਆਂ ਨੇ ਭਾਜਪਾ ਦੇ ਅਜੇਤੂ ਸਮਝੇ ਜਾਂਦੇ ਰੱਥ ਨੂੰ ਬ੍ਰੇਕਾਂ ਲਗਾ ਦਿੱਤੀਆਂ ਹਨ ਅਤੇ ਪੂਰੇ ਦੇਸ਼ ਅੱਗੇ ਨਵਾਂ ਸਿਆਸੀ ਦ੍ਰਿਸ਼ ਪੇਸ਼ ਕੀਤਾ ਹੈ।

ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀ ਜਿੱਤ ਨੇ ਪੰਜਾਬ 'ਚ ਰਾਜ ਕਰ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਹੁਣ ਤਕ ਦੀ ਕਾਰਗੁਜਾਰੀ 'ਤੇ ਮੋਹਰ ਲਗਾ ਦਿੱਤੀ ਹੈ। ਇਸ ਚੋਣ 'ਚ ਭਾਜਪਾ ਦੇ ਚੌਥੇ ਸਥਾਨ 'ਤੇ ਆਉਣ ਕਾਰਨ ਭਾਜਪਾ ਦੀ ਪੰਜਾਬ 'ਚ ਅ ਾਪਣਾ ਪੂਰਾ ਆਧਾਰ ਬਣਾਉਣ ਅਤੇ ਅਕਾਲੀ ਦਲ ਨੂੰ ਪਿੱਛੇ ਛੱਡਣ ਦੀ ਯੋਜਨਾ ਪੂਰੀ ਨਹੀਂ ਹੋਈ, ਦੂਜੇ ਪਾਸੇ ਕਾਂਗਰਸ ਦੇ ਪੱਕੇ ਗੜ੍ਹ ਵਿੱਚ ਸੰਨ੍ਹ ਲਾ ਕੇ ਆਮ ਆਦਮੀ ਪਾਰਟੀ ਦੋਆਬੇ 'ਚ ਵੀ ਹੋਰ ਮਜ਼ਬੂਤ ਹੋ ਗਈ ਹੈ। ਇਸ ਚੋਣ ਦੌਰਾਨ ਆਪਣੇ ਪੈਰਾਂ ਸਿਰ ਮੁੜ ਖੜ੍ਹਾ ਹੋਣ ਦਾ ਯਤਨ ਕਰ ਰਹੇ ਅਕਾਲੀ ਦਲ ਨੂੰ ਨਮੋਸ਼ੀ ਭਰੀ ਹਾਰ ਹੋਈ ਹੈ। ਜਲੰਧਰ ਚੋਣ 'ਚ ਅਕਾਲੀ ਉਮੀਦਵਾਰ ਦੀ ਹਾਰ ਕਾਰਨ ਸੁਖਬੀਰ ਬਾਦਲ ਲਈ ਵੱਡੀਆਂ ਚੁਨੌਤੀਆਂ ਖੜੀਆਂ ਹੋ ਗਈਆਂ ਹਨ ਅਤੇ ਹੁਣ ਸੁਖਬੀਰ ਬਾਦਲ ਦੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਕਾਰਗੁਜਾਰੀ 'ਤੇ ਬਾਗੀ ਟਕਸਾਲੀ ਅਕਾਲੀ ਆਗੂਆਂ ਵੱਲੋਂ ਹੀ ਸਵਾਲ





ਚੁੱਕੇ ਜਾ ਰਹੇ ਹਨ। ਜਲੰਧਰ ਅਤੇ ਕਰਨਾਟਕ ਚੋਣਾਂ ਦੇ ਨਤੀਜਿਆਂ ਨੇ ਭਾਜਪਾ ਨੂੰ ਉਸ ਦੀ ਅਸਲ ਸਥਿਤੀ ਦਾ ਸ਼ੀਸ਼ਾ ਦਿਖਾ ਦਿੱਤਾ ਹੈ। ਹੁਣ ਸਿਆਸੀ ਮਾਹਿਰ ਕਹਿ ਰਹੇ ਹਨ ਕਿ ਜਲੰਧਰ ਅਤੇ ਕਰਨਾਟਕ ਚੋਣਾਂ ਦੇ ਨਤੀਜੇ ਅਗਲੀਆਂ ਲੋਕ ਸਭਾ ਚੋਣਾਂ 'ਤੇ ਵੀ ਵੱਡਾ ਪ੍ਰਭਾਵ ਪਾਉਣਗੇ।

**ਨ਼ਫਰਤ ਦੀ ਰਾਜਨੀਤੀ ਦੀ ਹਾਰ**

ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜਿਆਂ ਦੀ ਆਵਾਜ਼ ਪੂਰੇ ਦੇਸ਼ ਵਿੱਚ ਗੂੰਜ ਰਹੀ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਕਰਨਾਟਕ ਦੇ ਲੋਕਾਂ ਨੇ ਨ਼ਫਰਤ ਦੀ ਰਾਜਨੀਤੀ ਦੀ ਥਾਂ ਆਮ ਲੋਕਾਂ ਦੇ ਮੁੱਦਿਆਂ ਨੂੰ ਚੁਣ ਕੇ ਪੂਰੇ ਦੇਸ਼ ਨੂੰ ਨਵਾਂ ਰਾਹ ਦਿਖਾਇਆ ਹੈ। ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਤਾਂ ਕਹਿਣ ਲੱਗ ਪਏ ਹਨ ਕਿ ਕਰਨਾਟਕ ਦੇ ਲੋਕਾਂ ਨੇ ਨ਼ਫਰਤ ਦਾ ਬਾਜ਼ਾਰ ਬੰਦ ਕਰਕੇ ਉਥੇ ਮੁਹੱਬਤ ਦੀ ਦੁਕਾਨ ਖੋਲ ਲਈ ਹੈ। ਅਸਲ ਵਿੱਚ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਸੰਦੇਸ਼ ਬਹੁਤ ਸਪੱਸ਼ਟ ਅਤੇ ਉੱਚਾ ਹੈ। ਸੰਦੇਸ਼ ਇਹ ਹੈ ਕਿ ਰਾਜਨੀਤੀ 'ਚ ਹਿੰਦੂ-ਮੁਸਲਮਾਨ ਵਿਵਾਦ ਬਹੁਤ ਹੋ ਗਿਆ, ਹੁਣ ਜਨਤਾ ਨੂੰ ਰੋਜ਼ਾਨਾ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਚਾਹੀਦਾ ਹੈ। ਇਹ ਸੰਦੇਸ਼ ਇੰਨਾ ਉੱਚਾ ਹੈ ਕਿ ਇਹ ਕਰਨਾਟਕ ਤੋਂ ਇਲਾਵਾ ਪੂਰੇ ਦੇਸ਼ ਵਿੱਚ ਗੂੰਜ ਰਿਹਾ ਹੈ। ਖਾਸ ਕਰਕੇ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਰਾਜਾਂ ਵਿੱਚ, ਜਿੱਥੇ ਅਗਲੇ ਕੁਝ ਮਹੀਨਿਆਂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਕਿਹਾ ਜਾ ਰਿਹਾ ਹੈ ਕਿ ਕਰਨਾਟਕ ਦੇ ਵੋਟਰਾਂ ਨੇ (ਬਾਕੀ ਸ਼ਫਾ 29 'ਤੇ)

## ਜਲੰਧਰ 'ਚ ਨਮੋਸ਼ੀਜਨਕ ਹਾਰ ਕਾਰਨ ਡਗਮਗਾਇਆ ਸੁਖਬੀਰ ਦਾ ਸਿਆਸੀ ਭਵਿੱਖ

ਪੰਜਾਬ ਦੀ ਸੱਤਾ 'ਤੇ ਲੰਮਾ ਸਮਾਂ ਕਾਬਜ਼ ਰਹਿਣ ਵਾਲੇ ਸ਼੍ਰੋਮਣੀ ਅਕਾਲੀ ਦਲ ਲਈ ਜਲੰਧਰ ਸੰਸਦੀ ਹਲਕੇ ਤੋਂ ਨਮੋਸ਼ੀ ਭਰੀ ਹਾਰ ਨਾਲ ਸੂਬੇ ਦੀ ਸਭ ਤੋਂ ਪੁਰਾਣੀ ਖੇਤਰੀ ਪਾਰਟੀ ਦੀਆਂ ਮੁਸ਼ਕਿਲਾਂ ਹੋਰ ਵੀ ਵਧ ਗਈਆਂ ਹਨ। ਇਸ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗਠਜੋੜ ਨੂੰ ਮਹਿਜ਼ 17.85 ਫੀਸਦੀ ਵੋਟਾਂ ਮਿਲੀਆਂ। ਦੇਖਿਆ ਜਾਵੇ ਤਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੀ ਗੁਆਚੀ ਸ਼ਾਖ਼ ਬਹਾਲ ਕਰਨ ਲਈ ਇਸ ਚੋਣ ਲਈ ਜ਼ੋਰ ਲਾਇਆ ਸੀ। ਬਾਦਲਕਿਆਂ ਦੀ ਸਮੁੱਚੀ ਲੀਡਰਸ਼ਿਪ ਨੇ ਜਲੰਧਰ ਵਿੱਚ ਡੇਰੇ ਲਾਏ ਹੋਏ ਸਨ ਤੇ 2022 ਦੀਆਂ ਚੋਣਾਂ ਵਿੱਚ ਹੋਈ ਹਾਰ ਤੋਂ ਬਾਅਦ ਅਕਾਲੀ ਦਲ ਇਸ ਸੰਸਦੀ ਚੋਣ ਦੇ ਜ਼ਰੀਏ ਪੈਰਾਂ-ਸਿਰ ਖੜ੍ਹੇ ਹੋਣ ਦੀ ਤਾਕ ਵਿੱਚ ਸੀ ਪਰ ਚੋਣ ਨਤੀਜਿਆਂ ਨੇ ਅਕਾਲੀ ਦਲ ਦੇ ਆਗੂਆਂ ਦੀ ਫੂਕ ਕੱਢਕੇ ਰਖ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਿਰਫ਼ ਨਕੋਦਰ ਤੇ ਕਰਤਾਰਪੁਰ ਵਿਧਾਨ ਸਭਾ ਹਲਕਿਆਂ ਵਿੱਚ ਹੀ



ਗੁਜ਼ਾਰੇ ਜੋਗੀ ਵੋਟ ਮਿਲੀ ਹੈ। ਸ਼ਹਿਰੀ ਹਲਕਿਆਂ ਵਿੱਚ ਤਾਂ ਪਾਰਟੀ ਪੂਰੀ ਤਰ੍ਹਾਂ ਫਾਡੀ ਰਹੀ। ਅਕਾਲੀ-ਬਸਪਾ ਉਮੀਦਵਾਰ ਡਾ. ਸੁਖਵਿੰਦਰ ਸਿੰਘ ਸੁੱਖੀ ਨੂੰ 1,58,445 ਵੋਟਾਂ ਮਿਲੀਆਂ ਹਨ। ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਦਾ ਮੰਨਣਾ ਹੈ ਕਿ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਵਿਕਾਸ ਨਹੀਂ ਕਰ ਸਕੇਗਾ। ਇਹ ਹੁਣ ਸਿਆਸੀ ਮੌਤ ਵੱਲ ਵਧ ਰਿਹਾ ਹੈ। ਵੱਡੇ ਅਕਾਲੀ ਨੇਤਾਵਾਂ ਦੇ ਭਾਜਪਾ ਜਾਂ ਆਪ ਵਿੱਚ ਜਾਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਜੇਕਰ ਸੁਖਬੀਰ ਬਾਦਲ ਨੇ ਪਾਰਟੀ ਦਾ ਵਿਸਥਾਰ ਨਾ ਕੀਤਾ ਤੇ ਅਨੰਦਪੁਰ ਮਤੇ ਵਰਗਾ ਖੇਤਰੀ ਏਜੰਡਾ ਪੇਸ਼ ਕਰਕੇ ਇਮਾਨਦਾਰ ਨੌਜਵਾਨ ਲੀਡਰਸ਼ਿਪ ਨੂੰ ਥਾਂ ਨਾ ਦਿੱਤੀ ਤਾਂ ਸਾਲ 2024 ਵਿੱਚ ਹੋਣ ਵਾਲੀਆਂ ਸੰਸਦੀ ਚੋਣਾਂ ਅਤੇ ਉਸ ਤੋਂ ਬਾਅਦ ਵਿਧਾਨ ਸਭਾ ਦੀਆਂ ਚੋਣਾਂ ਤੱਕ ਦਾ ਪੈਂਡਾ ਅਕਾਲੀ ਦਲ ਅਤੇ ਪਾਰਟੀ ਪ੍ਰਧਾਨ ਲਈ (ਬਾਕੀ ਸ਼ਫਾ 29 'ਤੇ)

## ਸਾਲ 2022 ਦੌਰਾਨ 2021 ਦੇ ਮੁਕਾਬਲੇ ਮੌਤ ਦੀ ਸਜ਼ਾ 'ਚ 53 ਫ਼ੀਸਦੀ ਹੋਇਆ ਵਾਧਾ

## ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਵਾਲੇ ਦੇਸ਼ਾਂ ਦੀ ਗਿਣਤੀ 112 ਤੱਕ ਪਹੁੰਚੀ



### ਐਮਨੈਸਟੀ ਇੰਟਰਨੈਸ਼ਨਲ ਨੇ ਜਾਰੀ ਕੀਤੀ ਰਿਪੋਰਟ

ਲੰਡਨ/ਏ.ਟੀ.ਨਿਊਜ਼ :-ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ ਪੱਛਮੀ ਏਸ਼ੀਆ ਅਤੇ ਉੱਤਰੀ ਅਫਰੀਕਾ ਵਿੱਚ 70 ਪ੍ਰਤੀਸ਼ਤ ਮੌਤ ਦੀ ਸਜ਼ਾ ਦੇਣ ਦੇ ਮਾਮਲੇ ਇਰਾਨ ਵਿੱਚ ਵਾਪਰੇ, ਜਿੱਥੇ 2021 ਵਿੱਚ 314 ਲੋਕਾਂ ਨੂੰ ਫਾਂਸੀ ਦਿੱਤੀ ਗਈ ਸੀ, ਜਦੋਂ ਕਿ 2022 ਵਿੱਚ 576 ਲੋਕਾਂ ਨੂੰ ਫਾਂਸੀ ਦਿੱਤੀ ਗਈ ਸੀ। ਸਾਊਦੀ ਅਰਬ ਵਿੱਚ 2021 ਵਿੱਚ 65 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਦ ਕਿ 2022 ਵਿੱਚ ਇਹ ਗਿਣਤੀ ਵਧ ਕੇ 196 ਹੋ ਗਈ ਸੀ।

ਐਮਨੈਸਟੀ ਇੰਟਰਨੈਸ਼ਨਲ ਨੇ ਆਪਣੀ ਸਾਲਾਨਾ ਰਿਪੋਰਟ ਵਿੱਚ ਕਿਹਾ ਕਿ 2021 ਦੇ ਮੁਕਾਬਲੇ 2022 ਵਿੱਚ ਫਾਂਸੀ ਦੀ ਸਜ਼ਾ ਵਿੱਚ 53 ਫੀਸਦੀ ਵਾਧਾ ਹੋਇਆ ਹੈ ਤੇ ਇਰਾਨ ਅਤੇ ਸਾਊਦੀ ਅਰਬ ਵਿੱਚ ਕਾਫੀ ਵਾਧਾ ਹੋਇਆ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਆਪਣੀ ਰਿਪੋਰਟ ਵਿੱਚ ਏਸ਼ੀਆ ਵਿੱਚ ਇੰਡੋਨੇਸ਼ੀਆ ਵਲੋਂ ਸਭ ਤੋਂ ਵੱਧ ਮੌਤ ਦੀ ਸਜ਼ਾ ਸੁਣਾਏ ਜਾਣ ਦੀ ਸਖਤ ਆਲੋਚਨਾ ਕੀਤੀ ਹੈ। ਐਮਨੈਸਟੀ ਨੇ ਕਿਹਾ ਕਿ ਪੱਛਮੀ ਏਸ਼ੀਆ ਅਤੇ ਉੱਤਰੀ ਅਫਰੀਕਾ ਵਿੱਚ ਮੌਤ ਦੀ ਸਜ਼ਾ ਦਿਤੇ ਜਾਣ ਦੇ 70 ਪ੍ਰਤੀਸ਼ਤ ਮਾਮਲੇ ਇਰਾਨ ਵਿੱਚ ਵਾਪਰੇ ਸਨ, ਜਿੱਥੇ 2021 ਵਿੱਚ 314 ਲੋਕਾਂ ਨੂੰ ਫਾਂਸੀ ਦਿੱਤੀ ਗਈ ਸੀ, ਜਦੋਂ ਕਿ 2022 ਵਿੱਚ 576 ਲੋਕਾਂ ਨੂੰ ਫਾਂਸੀ ਦਿੱਤੀ ਗਈ ਸੀ। ਸਾਊਦੀ ਅਰਬ ਵਿੱਚ 2021 ਵਿਚ 65 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਜਦਕਿ 2022 ਵਿੱਚ ਇਹ ਗਿਣਤੀ ਵਧ ਕੇ 196 ਹੋ ਗਈ। ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ 2021 ਦੇ ਮੁਕਾਬਲੇ ਕੁਵੈਤ, ਮਿਆਂਮਾਰ, ਫਲਸਤੀਨੀ ਖੇਤਰ, ਸਿੰਗਾਪੁਰ ਅਤੇ ਅਮਰੀਕਾ ਵਿੱਚ ਵੀ ਫਾਂਸੀ ਦੀ ਸਜ਼ਾ ਵਿੱਚ ਕਾਫੀ ਵਾਧਾ ਹੋਇਆ ਹੈ। ਸਾਲ 2021 ਵਿੱਚ 18 ਦੇਸ਼ਾਂ ਵਿੱਚ 579 ਲੋਕਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ ਜਦਕਿ 2022 ਵਿੱਚ 20 ਦੇਸ਼ਾਂ ਵਿੱਚ 883 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਐਮਨੈਸਟੀ ਨੇ ਕਿਹਾ ਕਿ ਕਈ ਦੇਸ਼ਾਂ ਜਿਵੇਂ ਕਿ ਚੀਨ, ਉੱਤਰੀ ਕੋਰੀਆ ਅਤੇ ਵੀਅਤਨਾਮ ਵਲੋਂ ਅਜਿਹੇ ਮਾਮਲੇ ਲੁਕਾਉਣ ਤੇ ਪਾਬੰਦੀਆਂ ਕਾਰਣ ਮੌਤ ਦੀ ਸਜ਼ਾ ਬਾਰੇ ਸਹੀ ਮੁਲਾਂਕਣ ਨਹੀਂ ਹੋ ਸਕਿਆ। ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਕਿ 2022 ਦੌਰਾਨ ਇੰਡੋਨੇਸ਼ੀਆ ਵਿੱਚ 112 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸ ਵਿਚੋਂ 94 ਪ੍ਰਤੀਸ਼ਤ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਲਈ ਦੋਸ਼ੀ ਸਨ। (ਬਾਕੀ ਸ਼ਫਾ 29 'ਤੇ)

# ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਜਾਤ ਦੇ ਆਧਾਰ ’ਤੇ ਪਾਬੰਦੀ ਲਗਾਉਣ ਵਾਲਾ ਬਿੱਲ ਕੀਤਾ ਪਾਸ

ਕੈਲੀਫੋਰਨੀਆ/ਏ.ਟੀ.ਨਿਊਜ਼ :- ਸੈਨੇਟ ਨੇ ਜਾਤੀ-ਵਿਰੋਧੀ ਬਿੱਲ #SB403 ਨੂੰ ਭਾਰੀ ਬਹੁਮਤ (34-1) ਨਾਲ ਪਾਸ ਕਰ ਦਿੱਤਾ ਹੈ, ਕੈਲੀਫੋਰਨੀਆ ਜਾਤ-ਵਿਰੋਧੀ ਕਾਨੂੰਨ ਬਣਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣਨ ਦੇ ਰਾਹ ’ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਸੈਨੇਟ ਮੈਂਬਰ ਆਇਸ਼ਾ ਵਹਾਬ ਦਾ ਬਿੱਲ, SB403, 34-1 ਵੋਟਾਂ ਨਾਲ ਸੀਨੇਟ ਵਿੱਚ ਪਾਸ ਹੋ ਗਿਆ।

ਅਗਲੇਰੀ ਕਰਵਾਈ ਲਈ ਹੁਣ ਇਹ ਬਿੱਲ ਡੈਮੋਕਰੇਟਿਕ-ਨਿਯੰਤਰਿਤ ਰਾਜ ਅਸੈਂਬਲੀ ਵਿੱਚ ਜਾਵੇਗਾ, ਜੇਕਰ ਉਥੇ ਇਹ ਪਾਸ ਹੋ ਜਾਂਦਾ ਹੈ, ਤਾਂ ਉਸ ਤੋਂ ਬਾਅਦ ਗਵਰਨਮੈਂਟ ਗੇਵਿਨ ਨਿਊਜ਼ਮ ਦੇ ਦਸਤਖ਼ਤ ਲਈ ਜਾਵੇਗਾ। ਜੇਕਰ ਬਿੱਲ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਕੈਲੀਫੋਰਨੀਆ ਜਾਤ ਦੀ ਸੁਰੱਖਿਆ ਕਰਨ ਵਾਲਾ ਪਹਿਲਾ ਰਾਜ ਬਣ ਜਾਵੇਗਾ।

ਇਸ ਮੌਕੇ ਕੈਲੀਫੋਰਨੀਆ ਡੈਮੋਕ੍ਰੇਟਿਕ ਪਾਰਟੀ ਦੀ ਜਸਮੀਤ ਬੈਂਸ ਨੇ ਆਇਸ਼ਾ ਵਹਾਬ ਨੂੰ ਬਿੱਲ ਪਾਸ ਹੋਣ ’ਤੇ ਵਧਾਈ ਦਿੱਤੀ। ਇਸ ਚੋਟੀ ਦੀ ਲੀਡਰਸ਼ਿਪ ਨੂੰ ਇਕੱਠਿਆਂ ਦੇਖ ਕੇ ਸਿੱਖ ਕੌਮ ਦਾ ਮਾਣ ਹੋਰ ਵੱਧ ਗਿਆ।ਦੱਸਣ ਯੋਗ ਹੈ ਕਿ ਕੈਲੀਫੋਰਨੀਆ ਵਿੱਚ ਬਹੁਤ ਸਾਰੇ ਲੋਕ ਹਨ ਜੋ ਜਾਤ ਦੇ ਸਦਮੇ ਤੋਂ ਠੀਕ ਹੋਣਾ ਚਾਹੁੰਦੇ ਹਨ, ਤਦਮੋਜ਼ੀ ਸੌਂਦਰਰਾਜਨ, ਜੋ ਇੱਕ ਦਲਿਤ ਜਾਤ ਨਾਲ ਸਬੰਧਿਤ ਹਨ ਅਤੇ ਜਾਤੀ ਇਕੁਇਟੀ ਸੰਗਠਨ ਸਮਾਨਤਾ ਲੈਬਜ਼ ਦੇ ਸੰਸਥਾਪਕ ਨੇ, ਉਹਨਾਂ ਨੇ ਵੋਟ ਪਾਉਣ ਤੋਂ ਬਾਅਦ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਇਸ ਪਲ ਬਾਰੇ ਜੋ ਕੁਝ ਅਵਿਸ਼ਵਾਸ਼ਯੋਗ ਹੈ ਉਹ ਇਹ ਹੈ ਕਿ ਸੁੰਦਰ ਅੰਤਰ-ਜਾਤੀ ਅਤੇ ਅੰਤਰ-ਧਰਮ ਗੱਠਜੋੜ ਦੇਖਣਾ, ਅਸੀਂ ਉਸ ਸਮੂਹ ਦੇ ਮੈਂਬਰ ਹਨ ਜਿਨ੍ਹਾਂ ਨੂੰ ਜਾਤ ਪਾਤ ਦੇ ਨਜ਼ਰੀਏ ਦੁਆਰਾ ਨੁਕਸਾਨ ਪਹੁੰਚਾਇਆ ਗਿਆ ਹੈ ਇਸ ਲਈ ਅਸੀਂ ਆਜ਼ਾਦੀ ਚਾਹੁੰਦੇ ਹਨ।





ਪਿਛਲੇ ਕੁਝ ਸਾਲਾਂ ਤੋਂ, ਸੁੰਦਰਰਾਜਨ ਦਲਿਤਾਂ ਲਈ ਵਧੇਰੇ ਸੁਰੱਖਿਆ ਪ੍ਰਦਾਨ ਕਰਨ ਲਈ ਦੇਸ਼ ਵਿਆਪੀ ਦਬਾਅ ਦੇ ਨੇਤਾਵਾਂ ਵਿੱਚੋਂ ਇੱਕ ਰਿਹਾ ਹੈ, ਜੋ ਭਾਰਤੀ ਜਾਤ ਪ੍ਰਣਾਲੀ ਦੇ ਅਧੀਨ ਦੱਬੇ-ਕੁਚਲੇ ਵਰਗਾਂ ਵਿੱਚ ਪੈਦਾ ਹੋਏ ਹਨ। ਹਾਲਾਂ ਕਿ ਭਾਰਤ ਵਿੱਚ ਸਮਾਜਿਕ ਪੱਧਰੀ ਕਰਨ ਦੀ ਕਠੋਰ ਲੜੀ ਹੁਣ ਗੈਰ-ਕਾਨੂੰਨੀ ਹੈ, ਅਮਰੀਕਾ ਵਿੱਚ ਡਾਇਸਪੋਰਾ ਭਾਈ ਚਾਰਿਆਂ ਵਿੱਚ, ਬਹੁਤ ਸਾਰੇ ਭਾਰਤੀ ਲੋਕ ਇਹ ਕਹਿੰਦੇ ਹਨ ਕਿ ਉਹਨਾਂ ਨੂੰ ਅਜੇ ਵੀ ਬੇਦਖਲੀ, ਹਿੰਸਾ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਹ ਬਿੱਲ ਕੈਲੀਫੋਰਨੀਆ ਦੇ ਮੌਜੂਦਾ ਨਾਗਰਿਕ ਅਧਿਕਾਰ ਕਾਨੂੰਨ ਨੂੰ ਅੱਪਡੇਟ ਕਰੇਗਾ ਤਾਂ ਜੋ ਨਸਲ ਅਤੇ ਲਿੰਗ ਵਰਗੀਆਂ ਹੋਰ ਸੁਰੱਖਿਅਤ ਸ਼੍ਰੇਣੀਆਂ ਵਿੱਚ ਜਾਤ ਨੂੰ ਸ਼ਾਮਲ ਕੀਤਾ ਜਾ ਸਕੇ।

ਪਰ ਕੁਝ ਭਾਰਤੀ ਅਮਰੀਕੀ ਸਮੂਹਾਂ ਨੇSB 403 ਦੇ ਵਿਰੁੱਧ ਬੋਲਦੇ ਹੋਏ ਕਿਹਾ ਹੈ ਕਿ ਅਮਰੀਕਾ ਵਿੱਚ ਜਾਤੀ ਵਿਤਕਰੇ ਵਿਰੁੱਧ ਸੁਰੱਖਿਆ ਸ਼ਾਮਲ ਕਰਨਾ ਜ਼ਰੂਰੀ ਨਹੀਂ ਹੈ ਅਤੇ ਇਹ ਭਾਰਤੀਆਂ ਅਤੇ ਹਿੰਦੂਆਂ ਨਾਲ ਵਿਤਕਰਾ ਕਰਦਾ ਹੈ। ਵਹਾਬ ਨੇ ਕਿਹਾ ਕਿ ਬਿੱਲ ਧਰਮਾਂ, ਕੌਮੀਅਤਾਂ ਅਤੇ ਭਾਈ ਚਾਰਿਆਂ ਦੇ ਸਮੂਹਾਂ ਦੀ ਸੁਰੱਖਿਆ ਲਈ ਤਿਆਰ ਕੀਤਾ ਗਿਆ ਹੈ। ਇਸ ਨੂੰ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ, ਮੀਟੂ ਇੰਟਰਨੈਸ਼ਨਲ ਅਤੇ ਕੈਲੀਫੋਰਨੀਆ ਲੇਬਰ ਫੈਡਰੇਸ਼ਨ ਦਾ ਸਮਰਥਨ ਪ੍ਰਾਪਤ ਹੈ।ਵਹਾਬ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਕਿਹਾ ਕਿ ਜਦੋਂ ਤੋਂ ਉਸਨੇ ਬਿੱਲ ਪੇਸ਼ ਕੀਤਾ ਹੈ, ਉਸਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਸਮੇਤ ਪਰਿਵਾਰ ਲਗਾਤਾਰ ਮਿਲ ਰਹੀਆਂ ਹਨ। ਸੁੰਦਰਰਾਜਨ ਅਤੇ ਹੋਰ ਦਲਿਤ ਕਾਰਕੁਨਾਂ ਦਾ ਕਹਿਣਾ ਹੈ ਕਿ ਜਾਤੀ ਸਮਾਨਤਾ ਵਾਲੇ ਖੇਤਰ ਵਿੱਚ ਉਨ੍ਹਾਂ ਦੇ ਕੰਮ ਨੇ ਡੌਕਸਿੰਗ ਅਤੇ ਇੱਥੋਂ ਤੱਕ ਕਿ ਸਰੀਰਕ ਪਰੇਸ਼ਾਨੀ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।

(ਬਾਕੀ ਸਫ਼ਾ 29 ’ਤੇ)

## ਅਮਰੀਕੀ ਸੈਨਟ ਵੱਲੋਂ ਗੀਤਾ ਰਾਓ ਗੁਪਤਾ ਦੀ ਔਰਤਾਂ ਦੇ ਮੁੱਦਿਆਂ ਬਾਰੇ ਕੌਮਾਂਤਰੀ ਰਾਜਦੂਤ ਵਜੋਂ ਨਿਯੁਕਤੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕੀ ਸੈਨਟ ਵੱਲੋਂ ਭਾਰਤੀ ਅਮਰੀਕੀ ਗੀਤਾ ਰਾਓ ਗੁਪਤਾ ਦੀ ਰਾਸ਼ਟਰਪਤੀ ਜੋ ਬਾਈਡੇਨ ਵੱਲੋਂ ਔਰਤਾਂ ਦੇ ਮੁੱਦਿਆਂ ਸਬੰਧੀ ਕੌਮਾਂਤਰੀ ਰਾਜਦੂਤ ਵਜੋਂ ਕੀਤੀ ਗਈ ਨਿਯੁਕਤੀ ਦੀ ਸੈਨਟ ਦੁਆਰਾ ਪੁਸ਼ਟੀ ਕਰ ਦੇਣ ਦੀ ਖਬਰ ਹੈ। ਇਹ ਅਹੁਦਾ ਰਾਜਨੀਤਿਕ ਵਖਰੇਵਿਆਂ ਕਾਰਨ ਪਿਛਲੇ ਤਕਰੀਬਨ ਦੋ ਸਾਲ ਤੋਂ ਖਾਲੀ ਪਿਆ ਸੀ। ਯੂ ਐਨ ਫਾਉਂਡੇਸ਼ਨ ਵਿਖੇ ਲੜਕੀਆਂ ਤੇ ਔਰਤਾਂ ਬਾਰੇ 3 ਡੀ ਪ੍ਰੋਗਰਾਮ ਦੀ ਸਾਬਕਾ ਕਾਰਜਕਾਰੀ ਡਾਇਰੈਕਟਰ ਗੁਪਤਾ ਲਿੰਗ ਬਰਾਬਰਤਾ ਤੇ ਔਰਤਾਂ ਦੀ ਆਰਥਕ ਸੁਰੱਖਿਆ ਸਬੰਧੀ ਕੌਮਾਂਤਰੀ ਆਗੂ ਵਜੋਂ ਜਾਣੀ ਜਾਂਦੀ ਹੈ। ਪੁਸ਼ਟੀ ਤੋਂ ਪਹਿਲਾਂ ਸੈਨੇਟਰ ਜੀਨ ਸ਼ਾਹੀਨ (ਡੈਮੋਕਰੈਟਿਕ) ਨੇ ਸੈਨਟ ਵਿੱਚ ਸੰਬੋਧਨ ਕਰਦਿਆਂ ਅਮਰੀਕਾ ਤੇ (ਬਾਕੀ ਸਫ਼ਾ 29 ’ਤੇ)



## ਅਮਰੀਕਾ ਦੇ ਸ਼ਹਿਰ ਫਰਮਿੰਗਟਨ ’ਚ ਹੋਈ ਗੋਲੀਬਾਰੀ ਵਿੱਚ 3 ਮੌਤਾਂ, 2 ਪੁਲਿਸ ਅਫ਼ਸਰਾਂ ਸਮੇਤ 9 ਹੋਰ ਜ਼ਖ਼ਮੀ

ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਨਿਊ ਮੈਕਸੀਕੋ ਰਾਜ ਦੇ ਸ਼ਹਿਰ ਫਰਮਿੰਗਟਨ ਵਿੱਚ ਹੋਈ ਗੋਲੀਬਾਰੀ ਵਿੱਚ ਘੱਟੋ ਘੱਟ 3 ਲੋਕਾਂ ਦੇ ਮਾਰੇ ਜਾਣ ਤੇ ਦੋ ਪੁਲਿਸ ਅਫ਼ਸਰਾਂ ਸਮੇਤ ਕਈ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਨਿਊ ਮੈਕਸੀਕੋ ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਹਮਲਾਵਰ ਦੀ ਉਮਰ 18 ਸਾਲ ਦੇ ਆਸਪਾਸ ਹੈ ਤੇ ਉਹ ਵੀ ਪੁਲਿਸ ਦੀ ਜਵਾਬੀ ਕਾਰਵਾਈ ਵਿੱਚ ਮਾਰਿਆ ਗਿਆ। ਜ਼ਖ਼ਮੀ ਪੁਲਿਸ ਅਫ਼ਸਰਾਂ ਵਿੱਚ ਫਰਮਿੰਗਟਨ ਪੁਲਿਸ ਵਿਭਾਗ ਤੇ ਨਿਊ ਮੈਕਸੀਕੋ ਸਟੇਟ ਪੁਲਿਸ ਦਾ ਇੱਕ-ਇੱਕ ਅਫ਼ਸਰ ਸ਼ਾਮਿਲ ਹੈ, ਜਿਨਾਂ ਦਾ ਹਸਪਤਾਲ ਵਿੱਚ ਇਲਾਜ਼ ਚੱਲ ਰਿਹਾ ਹੈ। ਉਨ੍ਹਾਂ ਦੀ ਹਾਲਤ ਸਥਿੱਰ ਦਸੀ ਜਾਂਦਾ ਹੈ। ਡਿਪਟੀ ਚੀਫ ਬਰਿਕ ਕਰੁਮ ਨੇ ਇਕ ਬਿਆਨ ਵਿੱਚ ਕਿਹਾ ਹੈ ਕਿ ਕੁਲ 9 ਲੋਕ ਜ਼ਖ਼ਮੀ ਹੋਏ ਹਨ। ਉਨਾਂ ਕਿਹਾ ਕਿ ਸਵੇਰੇ 9 ਵਜੇ ਦੇ ਕਰੀਬ ਗੋਲੀਬਾਰੀ ਹੋਣ ਦੀ ਸੂਚਨਾ ਮਿਲਣ ’ਤੇ 4 ਪੁਲਿਸ ਅਫ਼ਸਰ ਮੌਕੇ ’ਤੇ ਪੁੱਜੇ ਸਨ। ਮੌਕੇ ’ਤੇ ਹਾਲਾਤ ਬਹੁਤ ਅਫਰਾ ਤਫਰੀ ਵਾਲੇ ਸਨ ਤੇ ਹਮਲਾਵਰ ਨਿਰੰਤਰ ਗੋਲੀਆਂ ਚਲਾ ਰਿਹਾ ਸੀ ਜਿਸ (ਬਾਕੀ ਸਫ਼ਾ 29 ’ਤੇ)




## ਸਿੱਖ ਕੌਂਸਲ ਆਫ਼ ਕੈਲੀਫੋਰਨੀਆ ਨੇ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਦੇ ਪ੍ਰਬੰਧਕਾਂ ਦਾ ਕੀਤਾ ਸਨਮਾਨ

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਸੈਂਟਰਲ ਕੈਲੀਫੋਰਨੀਆ ਦੇ ਸਮੂਹ ਗੁਰੂਘਰਾਂ ਦੇ ਪ੍ਰਬੰਧਾਂ ਅਤੇ ਸਿੱਖੀ ਦੇ ਪ੍ਰਚਾਰ ਲਈ ਬਣੀ ਸੰਸਥਾ ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਫਰਿਜ਼ਨੋ ਨਜ਼ਦੀਕੀ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ, ਸਨਵਾਕੀਨ ਦੇ ਸਮੂੰਹ ਪ੍ਰਬੰਧਕਾਂ ਦਾ ਸਿੱਖੀ ਦੇ ਪ੍ਰਚਾਰ ਵਿੱਚ ਸੇਵਾਵਾਂ ਨਿਭਾਉਣ, ਗੁਰੂਘਰ ਦੇ ਉਚੇਚੇ ਪ੍ਰਬੰਧਾਂ ਅਤੇ ਗੁਰੂਘਰ ਦਾ ਸਿੱਖ ਕੌਂਸਲ ਦੇ ਮੈਂਬਰ ਕਰਕੇ ਵਿਸ਼ੇਸ਼ ਤੌਰ ’ਤੇ ਪਲੈਕ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸਿੱਖ ਕੌਂਸਲ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾਂ ਨੇ ਸੰਬੋਧਨ ਕਰਦਿਆਂ ਗੁਰੂਘਰ ਦੀ ਪ੍ਰਬੰਧਕ ਕਮੇਟੀ ਦੇ ਚੰਗੇ ਕਾਰਜਾਂ ਦੀ ਗੱਲ ਕਰਦੇ ਹੋਏ ਸਭ ਹਾਜ਼ਰੀਨ ਨੂੰ ਵਧਾਈ ਦਿੱਤੀ। ਜਦ ਕਿ ਸਿੱਖ ਕੌਂਸਲ ਦੇ ਬਾਕੀ ਪ੍ਰਮੁੱਖ ਮੈਂਬਰਾਂ ਵਿੱਚ ਗੁਰਜੰਟ ਸਿੰਘ ਗਿੱਲ, ਭਾਈ ਪਰਮਪਾਲ ਸਿੰਘ ਆਦਿ ਹਾਜ਼ਰ ਸਨ। ਇਸ ਸਮੇਂ ਗੁਰੂਘਰ ਦੀ ਸਮੁੱਚੀ ਕਮੇਟੀ ਵੱਲੋਂ ਗੁਰਬਿੰਦਰ ਸਿੰਘ ਧਾਲੀਵਾਲ ਨੇ ਸਿੱਖ ਕੌਂਸਲ ਵੱਲੋਂ ਇਹ ਮਾਣ ਬਖਸਣ ਲਈ ਧੰਨਵਾਦ ਕੀਤਾ। ਯਾਦ ਰਹੇ ਕਿ ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਕੈਲੀਫੋਰਨੀਆ ਦਾ ਸਭ ਤੋਂ ਪਹਿਲਾ ਅਤੇ ਪੁਰਾਣਾ ਗੁਰੂਘਰ ਹੈ। ਜਿਸ ਨੂੰ ਹੈਰੀਟੇਜ਼ ਹੋਣ ਦਾ ਮਾਣ ਪ੍ਰਾਪਤ ਹੈ।



## ਮੁੱਖ ਮੰਤਰੀ ਪੰਜਾਬ ਦੀ ਬਦਲਾਖੋਰੀ ਸਿਆਸਤ ’ਤੇ ਸੱਚ ਦੀ ਜਿੱਤ: ਸੁਖਪਾਲ ਸਿੰਘ ਖਹਿਰਾ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਚ ਕਾਂਗਰਸ ਪਾਰਟੀ ਦੇ ਹੱਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਆਪਸੀ ਖਿੱਚੋਤਾਣ ਲਗਤਾਰ ਚੱਲ ਰਹੀ ਹੈ। ਜਿਸ ਦੇ ਚਲਦੇ ਪੰਜਾਬ ਵਿਚ ਸਿਆਸੀ ਮਹੌਲ ਲਗਾਤਾਰ ਭਖਿਆ ਨਜ਼ਰ ਆਉਂਦਾ ਹੈ। ਸੋਸ਼ਲ ਮੀਡੀਆ ਉੱਤੇ ਪੋਸਟਾਂ ਪਾ ਕੇ ਆਪਣੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ। ਕਾਂਗਰਸ ਵਧਾਇਕ ਸੁਖਪਾਲ ਸਿੰਘ ਖਹਿਰਾ ਨੇ ਅੱਜ ਲਾਈਵ ਹੋ ਕੇ ਪੰਜਾਬ ਸਰਕਾਰ ਦੀ ਬਦਲਾਖੋਰੀ ਦੀ ਸਿਆਸਤ ਉਤੇ ਬੋਲਦੇ ਕਿਹਾ ਕਿ , ‘ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਡੀ ਜੱਦੀ ਜ਼ਮੀਨ ਸੰਬੰਧੀ 37 ਸਾਲ ਪੁਰਾਣੇ 1986 ਦੇ ਕੁਝ ਇੰਤਕਾਲਾਂ ਨੂੰ ਅਧਾਰ ਬਣਾ ਕੇ ਮੇਰੇ, ਮੇਰੀ ਪਤਨੀ ਅਤੇ ਮੇਰੇ ਸਵਰਗਵਾਸੀ ਪਿਤਾ ਸ. ਸੁਖਜਿੰਦਰ ਸਿੰਘ ਜੀ ਖਿਲਾਫ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਿਆਸੀ ਬਦਲਾਖੋਰੀ ਤਹਿਤ ਥਾਣਾ ਭੁਲੱਥ ਵਿਖੇ DSP ਸੁਖਨਿੰਦਰ ਅਤੇ ਪੁਲਿਸ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਸ਼ਰਮਨਾਕ FIR No 30 ਦਰਜ ਕੀਤੇ ਜਾਣ ਦੇ ਮਸਲੇ ਵਿੱਚ ਮੇਰੀ ਅਤੇ ਮੇਰੀ ਪਤਨੀ ਦੀ ਜਾਨ ਅਤੇ ਅਜ਼ਾਦੀ ਦੀ ਹਿਫ਼ਾਜ਼ਤ ਕੀਤੀ ਹੈ। ਮੈਂ ਮੁੜ ਦੁਹਰਾਉਂਦਾ ਹਾਂ ਕਿ ਮੈਂ ਮੁੱਖ ਮੰਤਰੀ ਦੀ ਅਜਿਹੀ ਨਫ਼ਰਤ ਭਰੀ ਰਾਜਨੀਤੀ ਤੋਂ ਡਰਕੇ ਬੈਠਣ ਵਾਲਾ ਨਹੀਂ ਹਾਂ ਅਤੇ ਪੰਜਾਬ (ਬਾਕੀ ਸਫ਼ਾ 29 ’ਤੇ)



# ਅਮਰੀਕਾ ਖ਼ਬਰਨਾਮਾ

## ਐਲਾਮੀਡਾ ਕਾਊਂਟੀ ਸੁਪਰਵਾਈਜ਼ਰ, ਕੈਲੀਫੋਰਨੀਆ ਵੱਲੋਂ ਸਮਾਜ ਸੇਵਕ ਕਸ਼ਮੀਰ ਸਿੰਘ ਸ਼ਾਹੀ ਦਾ ਸ਼ਾਹੀ ਢੰਗ ਨਾਲ ਸਨਮਾਨ






ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ): ਬੇ ਏਰੀਆ ਵਿੱਚ ਵੱਖ- ਵੱਖ ਖਿੱਤਿਆਂ ’ਚ ਸਮਾਜ ਸੇਵਾ ਦੇ ਕੰਮ ਕਰਨ ਬਦਲੇ ਚਰਚਾ ’ਚ ਰਹਿਣ ਵਾਲੇ ਕਸ਼ਮੀਰ ਸਿੰਘ ਸ਼ਾਹੀ ਦਾ ਐਲਾਮੀਡਾ ਕਾਊਂਟੀ ਸੁਪਰਵਾਈਜ਼ਰ ਵੱਲੋਂ ਸ਼ਾਹੀ ਢੰਗ ਨਾਲ ਸਨਮਾਨ ਕੀਤਾ ਗਿਆ। ਏਸ਼ੀਅਨ ਅਮਰੀਕਨ ਅਤੇ ਪੈਸੀਫਿਕ ਆਈਲੈਂਡਰ (ਏਏਪੀਆਈ) ਵੱਲੋਂ ਇਸ ਮਹੀਨੇ ਨੂੰ ਹੈਰੀਟੇਜ ਮਹੀਨੇ ਵਜੋਂ ਘੋਸ਼ਿਤ ਕੀਤਾ ਗਿਆ ਹੈ। ਏਏਪੀਆਈ ਜੋ ਏਸ਼ੀਅਨ ਅਮਰੀਕਨਾਂ, ਨੇਟਿਵ ਹਵਾਈਅਨੀਆਂ, ਅਤੇ ਪੈਸੀਫਿਕ ਆਈਲੈਂਡਰਜ਼ ’ਤੇ ਵਾਈਟ ਹਾਊਸ ਇਨੀਸ਼ੀਏਟਿਵ ਦੁਆਰਾ ਅਪਣਾਇਆ ਗਿਆ ਇਕ ਸਮੂਹ ਹੈ।

ਅਮਰੀਕਾ ਵਿੱਚ ਏਸ਼ੀਆਈ ਲੋਕਾਂ ਦੇ ਯੋਗਦਾਨ ਨੂੰ 1978 ਤੋਂ ਰਾਸ਼ਟਰੀ ਪੱਧਰ ’ਤੇ ਮਾਨਤਾ ਦਿੱਤੀ ਗਈ ਸੀ ਤੇ ਮਈ ਦਾ ਮਹੀਨਾ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਇਹ 1843 ਵਿੱਚ ਸੀਮਤ ਰਾਜਾਂ ਵਿੱਚ ਪਹਿਲੇ ਜਾਪਾਨੀ ਪ੍ਰਵਾਸੀਆਂ ਦੇ ਆਉਣ ਦੀ ਯਾਦ ਦਿਵਾਉਂਦਾ ਹੈ ਤੇ 1869 ਵਿੱਚ ਰੇਲਮਾਰਗ, 20.000 ਚੀਨੀ ਪ੍ਰਵਾਸੀਆਂ ਦੀ ਮਿਹਨਤ (ਬਾਕੀ ਸਫ਼ਾ 29 ’ਤੇ)

## ਵੱਡੇ ਕਰਜ਼ੇ ’ਚ ਡੁੱਬਿਆ ਅਮਰੀਕਾ : ਵਿੱਤ ਮੰਤਰੀ ਜੈਨੇਟ ਯੇਲੇਨ

### ਅਮਰੀਕਾ ਦੇ ਡਿਫਾਲਟਰ ਹੋਣ ਦਾ ਖ਼ਤਰਾ ਵਧਿਆ



ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੀ ਵਿੱਤ ਮੰਤਰੀ ਜੈਨੇਟ ਯੇਲੇਨ ਨੇ ਅਮਰੀਕਾ ਦੀ ਆਰਥਿਕ ਸਥਿਤੀ ਨੂੰ ਲੈ ਕੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕਰਜ਼ੇ ਵਿੱਚ ਡੁੱਬੇ ਅਮਰੀਕਾ ਦੇ ਡਿਫਾਲਟਰ ਬਣਨ ਦਾ ਖ਼ਤਰਾ ਹੈ। ਯੇਲੇਨ ਨੇ ਜਾਪਾਨ ’ਚ ਜੀ-7, ਗਰੁੱਪ ਆਫ ਸੇਵਨ ਦੇ ਨਾਲ-ਨਾਲ ਭਾਰਤ, ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਦੇ ਵਿੱਤ ਮੰਤਰੀਆਂ ਨਾਲ ਬੈਠਕ ਤੋਂ ਪਹਿਲਾਂ ਇਕ ਪ੍ਰੈੱਸ ਕਾਨਫਰੰਸ ’ਚ ਇਹ ਸਖਤ ਚਿਤਾਵਨੀ ਦਿੱਤੀ।

ਵਿੱਤ ਮੰਤਰੀ ਜੈਨੇਟ ਦੇ ਅਨੁਸਾਰ, 31.46 ਟ੍ਰਿਲੀਅਨ ਡਾਲਰ ਦੇ ਕਰਜ਼ੇ ਦੀ ਅਦਾਇਗੀ ਵਿੱਚ ਅਮਰੀਕੀ ਸਰਕਾਰ ਦੀ ਡਿਫਾਲਟ ਦੁਨੀਆ ਭਰ ਵਿੱਚ ਆਰਥਿਕ ਸੰਕਟ ਦਾ ਕਾਰਨ ਬਣ ਸਕਦੀ ਹੈ। ਯੇਲੇਨ ਨੇ ਕਿਹਾ ਕਿ ਇਸ ਮੁੱਦੇ ’ਤੇ ਰਿਪਬਲਿਕਨ ਪਾਰਟੀ ਦੇ ਅਸਹਿਯੋਗ ਕਾਰਨ ਸੰਕਟ ਪੈਦਾ ਹੋਇਆ ਹੈ। ਡਿਫਾਲਟ ਦੀ ਧਮਕੀ ਅਮਰੀਕੀ ਸਰਕਾਰ ਦੀ ਕ੍ਰੈਡਿਟ ਰੇਟਿੰਗ ਵਿੱਚ ਗਿਰਾਵਟ ਦਾ ਕਾਰਨ ਬਣ ਸਕਦੀ ਹੈ, ਜਿਵੇਂ ਕਿ 2011 ਵਿੱਚ ਕਰਜ਼ੇ ਦੀ ਸੀਲਿੰਗ ਟਕਰਾਅ ਦੌਰਾਨ ਹੋਇਆ ਸੀ।

ਅਮਰੀਕੀ ਖਜ਼ਾਨਾ ਮੁਖੀ ਜੈਨੇਟ ਯੇਲੇਨ ਨੇ ਕਾਂਗਰਸ ਨੂੰ 31.4 ਟ੍ਰਿਲੀਅਨ ਡਾਲਰ ਦੀ ਫੈਡਰਲ ਕਰਜ਼ੇ ਦੀ ਸੀਮਾ ਵਧਾਉਣ ਅਤੇ ਡਿਫਾਲਟ ਤੋਂ ਬਚਣ ਦੀ ਅਪੀਲ ਕੀਤੀ। ਯੇਲੇਨ ਨੇ ਕਿਹਾ ਕਿ ਜੇਕਰ ਅਜਿਹਾ ਨਾ ਹੋ ਸਕਿਆ ਤਾਂ ਦੁਨੀਆ ਭਰ ’ਚ ਆਰਥਿਕ ਮੰਦੀ ਦਾ ਖਤਰਾ ਪੈਦਾ ਹੋ ਜਾਵੇਗਾ ਅਤੇ ਦੁਨੀਆ (ਬਾਕੀ ਸਫ਼ਾ 29 ’ਤੇ)

## 2 ਬੱਚਿਆਂ ਦੇ ਕਤਲ ਤੇ ਪਤੀ ਦੀ ਪਹਿਲੀ ਪਤਨੀ ਦੀ ਹੱਤਿਆ ਦੀ ਸਾਜਿਸ਼ ਮਾਮਲੇ ’ਚ ਔਰਤ ਦੋਸ਼ੀ ਕਰਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇੱਕ ਅਮਰੀਕੀ ਜਿਊਰੀ ਨੇ ਆਪਣੇ ਦੋ ਬੱਚਿਆਂ ਦੀ ਹੱਤਿਆ ਕਰਨ ਤੇ ਪਤੀ ਦੀ ਪਹਿਲੀ ਪਤਨੀ ਦੀ ਹੱਤਿਆ ਲਈ ਸਾਜਿਸ਼ ਰਚਣ ਦੇ ਦੋਸ਼ਾਂ ਤਹਿਤ ਲੌਰੀ ਵਾਲੋਅ ਡੇਬੈਲ ਨਾਮੀ ਔਰਤ ਨੂੰ ਦੋਸ਼ੀ ਕਰਾਰ ਦਿੱਤਾ ਹੈ। ਡੇਬੈਲ, ਜਿਸ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ, ਵਿਰੁੱਧ 2019 ਵਿੱਚ ਆਪਣੇ ਮਤਰੇਏ ਬੱਚਿਆਂ 17 ਸਾਲਾ ਟਾਈਲੀ ਰੀਆਨ ਤੇ 7 ਸਾਲਾ ਜੋਸ਼ੂਆ ਵਾਲੋਅ ਦੀਆਂ ਮੌਤਾਂ ਦੇ ਮਾਮਲੇ ਵਿੱਚ ਫਸਟ ਡਿਗਰੀ ਹੱਤਿਆਵਾਂ ਤੇ ਆਪਣੇ ਪਤੀ ਚੈਡ ਡੇਬੈਲ ਦੀ ਪਹਿਲੀ ਪਤਨੀ ਟੈਮੀ ਡੇਬੈਲ ਦੀ ਹੱਤਿਆ ਦੇ ਮਾਮਲੇ ਵਿੱਚ ਸਾਜਿਸ਼ ਰਚਣ ਦੇ ਦੋਸ਼ ਆਇਦ ਕੀਤੇ ਗਏ ਸਨ। ਉਸ ਨੂੰ ਘੱਟੋ ਘੱਟ ਉਮਰ ਭਰ ਲਈ ਜੇਲ ਦੀ ਸਜ਼ਾ ਹੋ ਸਕਦੀ ਹੈ। 7 ਮਰਦ ਜੱਜਾਂ ਤੇ 5 ਔਰਤ ਜੱਜਾਂ ’ਤੇ ਅਧਾਰਤ ਜਿਊਰੀ ਨੇ ਬੀਤੇ ਵੀਰਵਾਰ ਇਸ ਮਾਮਲੇ ’ਤੇ ਸੁਣਵਾਈ ਸ਼ੁਰੂ ਕੀਤੀ ਸੀ। ਬਹਿਸ ਉਪਰੰਤ ਜਿਊਰੀ ਨੇ ਸਰਬਸੰਮਤੀ ਨਾਲ ਲੌਰੀ ਵਾਲੋਅ ਡੇਬੈਲ ਨੂੰ ਦੋਸ਼ੀ ਕਰਾਰ ਦਿੱਤਾ। ਜਦੋਂ ਫੈਸਲਾ ਪੜ੍ਹਿਆ ਜਾ ਰਿਹਾ ਸੀ ਤਾਂ ਲੌਰੀ ਡੇਬੈਲ ਦੇ ਚੇਹਰੇ ’ਤੇ ਜਾਹਿਰਾ ਤੌਰ ’ਤੇ ਕੋਈ ਪ੍ਰਤੀਕਰਮ ਨਜ਼ਰ ਨਹੀਂ ਆਇਆ। ਉਹ ਚੁੱਪ ਚਾਪ ਫੈਸਲਾ (ਬਾਕੀ ਸਫ਼ਾ 29 ’ਤੇ)

## ਫਰਿਜ਼ਨੋ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਦਿਵਸ ਮਨਾਇਆ



ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਉੱਭੀ ਧਾਲੀਆਂ): ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜੀਆ ਦੀ 300 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕਰਵਾਏ ਗਏ। ਜਿੱਥੇ ਗੁਰਬਾਣੀ ਦੇ ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿੰਨ੍ਹਾਂ ਵਿੱਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਗੁਰੂਘਰ ਦੇ ਹਜ਼ੂਰੀ ਗ੍ਰੰਥੀ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਕਥਾ ਵਿਚਾਰਾਂ ਕਰਦੇ ਹੋਏ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਜਦ ਕਿ ਗੁਰੂਘਰ ਦੇ ਸਟੇਜ਼ ਸਕੱਤਰ ਗੁਰਪ੍ਰੀਤ ਸਿੰਘ ਮਾਨ ਨੇ ਬੋਲਦੇ ਹੋਏ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜੀਆ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂੰਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ ਵਰਲਡ ਫਾਈਨੈਂਸਲ ਗਰੁੱਪ ਅਤੇ ਸੰਗਤਾਂ ਵੱਲੋਂ ਨਿਭਾਈ ਗਈ। ਗੁਰੂ ਦੇ ਲੰਗਰ ਅਤੁੱਟ ਵਰਤੇ।

## ਰੇਪ ਮਾਮਲੇ ’ਚ 29 ਸਾਲ ਜੇਲ੍ਹ ਕੱਟਣ ਉਪਰੰਤ ਇੱਕ ਵਿਅਕਤੀ ਨੂੰ ਐਲਾਨਿਆ ਨਿਰਦੋਸ਼, ਹੋਈ ਰਿਹਾਈ



ਰਿਹਾਈ ਉਪਰੰਤ ਪੈਟਰਿਕ ਬਰਾਊਨ (ਵਿਚਕਾਰ) ਆਪਣੇ ਪਰਿਵਾਰਕ ਮੈਂਬਰਾਂ ਨਾਲ ਹੱਥ ਉਪਰ ਕਰਕੇ ਰੱਬ ਦਾ ਸ਼ੁੱਕਰ ਕਰਦਾ ਹੋਇਆ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਲੋਇਸੀਆਨਾ ਰਾਜ ਵਿੱਚ ਨਿਊ ਓਰਲੀਨਜ ਸ਼ਹਿਰ ਦੇ ਵਸਨੀਕ ਇੱਕ ਵਿਅਕਤੀ ਨੂੰ ਜਬਰਜਿਨਾਹ ਦੇ ਮਾਮਲੇ ਵਿੱਚ 29 ਸਾਲ ਕੈਦ ਕੱਟਣ ਉਪਰੰਤ ਨਿਰਦੋਸ਼ ਕਰਾਰ ਦੇ ਕੇ ਰਿਹਾਅ ਕਰਨ ਦੀ ਖਬਰ ਹੈ। ਪੈਟਰਿਕ ਬਰਾਊਨ ਨਾਮੀ ਵਿਅਕਤੀ ਨੂੰ 1994 ਵਿੱਚ ਮਤਰੇਈ ਧੀ ਨਾਲ ਜਬਰਜਿਨਾਹ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਦ ਕਿ ਪੈਟਰਿਕ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਸੀ ਤੇ ਕਿਹਾ ਸੀ ਕਿ ਉਸ ਨੂੰ ਫਸਾਇਆ ਗਿਆ ਹੈ। ਓਰਲੀਨਜ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਉਸ ਸਮੇ ਬੱਚੀ ਦੀ ਅਦਾਲਤ ਵਿੱਚ ਗਵਾਹੀ ਨਹੀਂ ਹੋਈ ਸੀ ਬਲਕਿ ਉਸ ਦੀ ਤਰਫੋਂ ਕੁਝ ਹੋਰ ਲੋਕਾਂ ਨੇ ਗਵਾਹੀ ਦਿੱਤੀ ਸੀ। 2002 ਤੋਂ ਬਾਅਦ ਬੱਚੀ ਨੇ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਨੂੰ ਵਾਰ-ਵਾਰ ਬੇਨਤੀ ਕੀਤੀ ਕਿ ਮਾਮਲੇ ਦੀ ਦੁਬਾਰਾ ਜਾਂਚ ਕੀਤੀ ਜਾਵੇ ਤੇ ਅਸਲ ਦੋਸ਼ੀ ਨੂੰ ਸਜ਼ਾ ਦਿੱਤੀ ਜਾਵੇ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਦੀ ਮਨੁੱਖੀ ਹੱਕਾਂ ਬਾਰੇ ਇਕਾਈ ਨੇ ਮਾਮਲੇ ਦੀ ਨਵੇਂ ਸਿਰੇ ਤੋਂ ਜਾਂਚ ਉਪਰੰਤ ਸਿੱਟਾ ਕੱਢਿਆ ਕਿ ਪੈਟਰਿਕ ਵਿਰੁੱਧ ਸਬੂਤ ਮੰਨਘੜਤ ਹਨ। ਉਸ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਫੈਸਲੇ ਨੂੰ ਸੋਧਿਆ ਜਾਵੇ। ਕ੍ਰਿਮੀਨਲ ਡਿਸਟ੍ਰਿਕਟ ਕੋਰਟ ਦੇ ਜੱਜ ਕੈਲਵਿਨ ਜੌਹਨਸਨ ਵੱਲੋਂ ਸਜ਼ਾ ਰੱਦ ਕਰਨ ਦਾ ਫੈਸਲਾ ਸੁਣਾਉਣ ਉਪਰੰਤ ਬਰਾਊਨ ਨੂੰ ਤੁਰੰਤ ਰਿਹਾਅ ਕਰ ਦਿੱਤਾ ਗਿਆ। ਬਿਆਨ ਅਨੁਸਾਰ ਅਦਾਲਤ ਵਿੱਚ ਪੀੜਤ ਬੱਚੀ ਮੌਜੂਦ ਸੀ ਤੇ ਉਸ ਨੇ ਆਪਣਾ ਬਿਆਨ ਦਰਜ ਕਰਵਾਇਆ ਹੈ।

## ਫਰਿਜ਼ਨੋ ਵਿਰਸਾ ਫਾਊਂਡੇਸ਼ਨ ਦੇ ਸ਼ੋਅ ’ਚ ਜਾਸਰ ਹੁਸੈਨ ਅਤੇ ਰਾਜੀ ਮੁਸੱਵਰ ਵੱਲੋਂ ਆਪਣੀ ਗਾਇਕੀ ਦਾ ਮੁਜ਼ਾਹਰਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਫਰਿਜ਼ਨੋ ਸ਼ਹਿਰ ’ਚ ਵਿਰਸਾ ਫਾਊਂਡੇਸ਼ਨ ਨੇ ਫੋਕ ਲੋਰ ਦੇ ਸਹਿਯੋਗ ਨਾਲ ਸਕਿੱਚ ਆਰਟਿਸਟ ਰਾਜੀ ਮੁਸੱਵਰ ਦੀ ਸਕਿੱਚ ਪ੍ਰਦਰਸ਼ਨੀ ਲਗਾਈ ਅਤੇ ਗਾਇਕ ਜਾਸਰ ਹੁਸੈਨ ਦਾ ਸ਼ੋਅ ਸਥਾਨਿਕ ਰੀਜੈਂਸੀ ਹਾਲ ਵਿੱਚ ਕਰਵਾਇਆ ਗਿਆ। ਜਿੱਥੇ ਵੱਡੀ ਗਿਣਤੀ ਵਿੱਚ ਲੋਕ ਪਰਿਵਾਰਾਂ ਸਮੇਤ ਪਹੁੰਚੇ ਹੋਏ ਸਨ। ਇਸ ਮੌਕੇ ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾ ਅੰਦਾਜ਼ ਵਿੱਚ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਆਸਟ੍ਰੇਲੀਆ ਤੋਂ ਪਹੁੰਚੇ ਸਕਿੱਚ ਆਰਟਿਸਟ ਰਾਜੀ ਮੁਸੱਵਰ ਦੀ ਸਕਿੱਚ ਪ੍ਰਦਰਸ਼ਨੀ ਦਾ ਲੋਕਾਂ ਨੇ ਭਰਪੂਰ ਅਨੰਦ ਲਿਆ ਅਤੇ ਰਾਜੀ ਨੇ ਸਟੇਜ ਤੋਂ ਆਪਣੇ ਆਰਟ ਸਬੰਧੀ ਲੋਕਾਂ ਨਾਲ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਮੈਂ ਸਕਿੱਚ ਨਹੀਂ ਵਾਹੁੰਦਾ, ਬਲਕਿ ਜਿਹੜੇ ਲੋਕਾਂ ਦੇ ਦਾਦੇ, ਨਾਨੇ ਜਾਂ ਮਾਪੇ ਇਸ ਜਹਾਨ ਤੋਂ ਕੂਚ ਕਰ ਗਏ ਨੇ ਉਹਨਾਂ ਦੀਆਂ ਰੂਹਾਂ ਨੂੰ ਤਸਵੀਰਾਂ ਰਾਹੀਂ ਤਰਾਸ਼ਕੇ ਰਿਸ਼ਤੇ ਨਾਤੇ ਬਣਾਉਣਾ ਹਾਂ। ਉਹਨਾਂ ਕਿਹਾ ਕਿ ਮੇਰੀਆਂ ਤਸਵੀਰਾਂ ਕਵਿਤਾ ਕਹਿੰਦੀਆਂ ਨੇ, ਗ਼ਜ਼ਲਾਂ ਗਾਉਂਦੀਆਂ ਨੇ। ਉਹਨਾਂ ਨੇ ਦੱਸਿਆ ਕਿ ਕਿਵੇਂ ਗੁਰਦਾਸ ਮਾਨ ਸਾਬ੍ਹ ਨੇ ਮੇਰਾ ਤਖ਼ੱਲਸ ਮੁਸੱਵਰ ਚੁਣਿਆ ਅਤੇ ਕਾਮੇਡੀ ਕਲਾਕਾਰ ਕਪਿਲ ਸ਼ਰਮਾ ਦਾ ਉਹਨਾਂ ਦੀ ਇਸ ਕਲਾ ਨੂੰ ਚਮਕਾਉਣ ਵਾਸਤੇ ਕੀ ਯੋਗਦਾਨ ਰਿਹਾ। ਉਹ ਕਵਿਤਾ ਵੀ (ਬਾਕੀ ਸਫ਼ਾ 29 ’ਤੇ)

# ਅਮਰੀਕਾ : ਤਾਨਾਸ਼ਾਹੀ ਦਾ ਖੁੱਲ੍ਹੇਆਮ ਵਿਰੋਧ ਪਰ ਤਾਨਾਸ਼ਾਹਾਂ ਨੂੰ ਵੇਚੇ 57 ਫ਼ੀਸਦੀ ਹਥਿਆਰ

## ਬਾਇਡੇਨ ਨੇ ਜ਼ਿਆਦਾਤਰ ਤਾਨਾਸ਼ਾਹਾਂ ਨੂੰ ਹਥਿਆਰ ਦੇ ਕੇ ਕੀਤੀ ਮੋਟੀ ਕਮਾਈ



ਅਮਰੀਕਾ ਦੀ ਬਾਇਡੇਨ ਸਰਕਾਰ ਨੇ 57 ਫੀਸਦੀ ਹਥਿਆਰ ਦੁਨੀਆਂ ਦੇ ਤਾਨਾਸ਼ਾਹਾਂ ਨੂੰ ਵੇਚੇ ਹਨ। 2021 ਵਿੱਚ ਜਦੋਂ ਰਾਸ਼ਟਰਪਤੀ ਜੋ ਬਾਇਡੇਨ ਸੱਤਾ ਵਿੱਚ ਆਇਆ ਤਾਂ ਉਸਨੇ ਕਿਹਾ ਸੀ ਕਿ ਉਹ ਅਮਰੀਕਾ ਅਤੇ ਹੋਰ ਲੋਕਤੰਤਰੀ ਦੇਸ਼ਾਂ ਵਿੱਚ ਸ਼ਾਂਤੀਪੂਰਨ ਮਾਹੌਲ ਬਣਾਉਣ ਦਾ ਯਤਨ ਕਰਨਗੇ। ਪਿਛਲੇ ਸਾਲ 'ਸਟੇਟ ਆਫ ਯੂਨੀਅਨ' ਦੇ ਸੰਬੋਧਨ ਦੌਰਾਨ ਵੀ ਤਾਨਾਸ਼ਾਹੀ ਦੇਸ਼ਾਂ ਦਾ ਵਿਰੋਧ ਕਰਨ ਦੀ ਗਲ ਕੀਤੀ ਸੀ। ਵਾਰਸਾ 'ਚ ਵੀ ਇੱਕ ਭਾਸ਼ਣ ਦੌਰਾਨ ਬਾਈਡੇਨ ਨੇ ਕਿਹਾ ਸੀ ਕਿ ਲੋਕਤੰਤਰ ਅਤੇ ਤਾਨਾਸ਼ਾਹੀ ਵਿਚਕਾਰ ਲੜਾਈ ਅਸੀਂ ਲੜਾਂਗੇ। ਇੰਨੀ ਬਿਆਨਬਾਜੀ ਦੇ ਬਾਵਜੂਦ ਵੀ ਅਸਲੀਅਤ ਇਹ ਹੈ ਕਿ ਬਾਇਡੇਨ ਨੇ ਵੱਡੀ ਗਿਣਤੀ 'ਚ ਤਾਨਾਸ਼ਾਹੀ ਦੇਸ਼ਾਂ ਦੀ ਫ਼ੌਜੀ ਸ਼ਕਤੀ ਵਧਾਉਣ ਵਿੱਚ ਉਹਨਾਂ ਦੀ ਸਹਾਇਤਾ ਕੀਤੀ ਹੈ। ਅਜਿਹਾ ਇਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ। ਹਾਲ ਵਿੱਚ ਜਾਰੀ ਕੀਤੇ ਸਰਕਾਰੀ ਅੰਕੜਿਆਂ ਦੇ ਅਨੁਸਾਰ ਅਮਰੀਕਾ ਨੇ 2022 ਵਿੱਚ ਦੁਨੀਆਂ ਦੇ ਤਾਨਾਸ਼ਾਹੀ ਦੇਸ਼ਾਂ ਨੂੰ ਘੱਟੋਘੱਟ 57 ਫੀਸਦੀ ਹਥਿਆਰ ਵੇਚੇ।

ਸ਼ੀਤ ਯੁੱਧ ਦੇ ਅੰਤ ਤੋਂ ਲੈ ਕੇ ਸੰਯੁਕਤ ਰਾਜ ਅਮਰੀਕਾ ਦੁਨੀਆਂ ਦਾ ਸਭ ਤੋਂ ਵੱਡਾ ਹਥਿਆਰਾਂ ਦਾ ਵਪਾਰੀ ਰਿਹਾ ਹੈ। ਹਥਿਆਰਾਂ ਦੀ ਵਿਕਰੀ ਦੇ ਦੋ ਤਰੀਕੇ ਹਨ, ਵਿਦੇਸ਼ੀ ਫ਼ੌਜੀ ਵਿਕਰੀ ਅਤੇ ਸਿੱਧੀ ਵਪਾਰਕ ਵਿਕਰੀ। ਯੂ ਐਸ ਸਰਕਾਰ ਐਸ. ਐਮ. ਐਸ. ਪ੍ਰਾਪਤੀ ਲਈ ਇਕ ਵਿਚੋਲੇ ਵਜੋਂ ਕੰਮ ਕਰਦੀ ਹੈ। ਇਹ ਪਹਿਲਾਂ ਕਿਸੇ ਕੰਪਨੀ ਤੋਂ 'ਸਮੱਗਰੀ' ਖਰੀਦਦੀ ਹੈ ਅਤੇ ਫਿਰ ਵਿਦੇਸ਼ੀ ਖਰੀਦਦਾਰਾਂ ਨੂੰ 'ਮਾਲ' ਮੁਹਈਆ ਕਰਵਾਉਂਦੀ ਹੈ।




ਹਥਿਆਰਾਂ ਦੇ ਲੈਣ ਦੇਣ ਦੀਆਂ ਪ੍ਰਾਪਤੀਆਂ : ਇਹ ਇਕ ਅਮਰੀਕੀ ਕੰਪਨੀ ਅਤੇ ਵਿਦੇਸ਼ੀ ਸਰਕਾਰ ਵਿਚਕਾਰ ਸਮਝੌਤੇ ਦਾ ਨਤੀਜਾ ਹੈ। ਵਿਕਰੀ ਲਈ ਦੋਵਾਂ ਸਰਕਾਰਾਂ ਦੀ ਮਨਜ਼ੂਰੀ ਦੀ ਲੋੜ ਹੁੰਦੀ ਹੈ। ਪਿਛਲੇ ਸਾਲ ਡੀਸੀਐਸ ਅਧਿਕਾਰਾਂ ਦੇ ਲਈ



ਦੇਸ਼ ਪੱਧਰ ਦਾ ਡਾਟਾ ਸਟੇਟ ਡਿਪਾਰਟਮੈਂਟ ਦੇ ਰਖਿਆ ਵਪਾਰ ਕੰਟਰੋਲ ਡਾਇਰੈਕਟਰੇਟ ਦੁਆਰਾ ਅਪ੍ਰੈਲ ਦੇ ਅਖੀਰ ਵਿੱਚ ਜਾਰੀ ਕੀਤਾ ਗਿਆ ਸੀ। ਵਿੱਤੀ ਸਾਲ 2022 ਲਈ ਐਸ. ਐਮ. ਐਸ. ਅੰਕੜੇ ਇਸ ਸਾਲ ਦੀ ਸ਼ੁਰੂਆਤ ਵਿੱਚ ਪੈਂਟਾਗਨ ਦੀ ਰੱਖਿਆ, ਸੁਰੱਖਿਆ ਸਹਿਯੋਗ ਏਜੰਸੀ ਦੁਆਰਾ ਜਾਰੀ ਕੀਤੇ ਗਏ ਸਨ। ਉਹਨਾਂ ਅੰਕੜਿਆਂ ਦੇ ਅਨੁਸਾਰ ਕੁਲ 142 ਦੇਸ਼ਾਂ ਤੇ ਪਰਦੇਸ਼ਾਂ ਨੇ 2022 ਵਿੱਚ ਅਮਰੀਕਾ ਤੋਂ ਕੁੱਲ 85 ਬਿਲੀਅਨ ਡਾਲਰ ਦੀ ਦੁਵੱਲੀ ਵਿਕਰੀ ਵਿੱਚ ਹਥਿਆਰ ਖਰੀਦੇ ਸਨ। ਉਹਨਾਂ ਵਿੱਚ ਕਿੰਨੇ ਦੇਸ਼ ਲੋਕਤੰਤਰੀ ਸਨ ਅਤੇ ਕਿੰਨੇ ਦੇਸ਼ ਤਾਨਾਸ਼ਾਹੀ ਰਾਜ ਵਾਲੇ ਸਨ ? ਇਸ ਸਵਾਲ ਦਾ ਜਵਾਬ ਸਵੀਡਨ ਵਿੱਚ ਗੋਟੈਨ ਵਰਗ ਯੂਨੀਵਰਸਿਟੀ ਦੇ ਵੈਰਾਇਟੀਜ਼ ਆਫ ਡੈਮੋਕਰੇਸੀ ਪ੍ਰੋਜੈਕਟ ਦੇ ਅੰਕੜਿਆਂ ਦੀ ਨਵੇਂ ਅਮਰੀਕੀ ਹਥਿਆਰਾਂ ਦੀ ਵਿਕਰੀ ਦੇ ਅੰਕੜਿਆਂ ਨਾਲ ਤੁਲਣਾ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ, ਇਸ ਪ੍ਰਣਾਲੀ ਨੂੰ 'ਰੈਜੀਮਸ ਆਫ ਦ ਵਰਲਡ' ਕਿਹਾ ਜਾਂਦਾ ਹੈ। ਇਹ ਸਿਸਟਮ ਸ਼ਾਸ਼ਨ ਨੂੰ ਚਾਰ ਸ਼੍ਰੇਣੀਆਂ ਨੂੰ ਵੰਡਦਾ ਹੈ। ਇਹ ਸ਼੍ਰੇਣੀਆਂ ਲੁੱਕਵੀਂ ਤਾਨਾਸ਼ਾਹੀ, ਚੋਣਾਂਵੀ ਤਾਨਾਸ਼ਾਹੀ, ਚੋਣ ਲੋਕਤੰਤਰ ਅਤੇ ਉਦਾਰ ਲੋਕਤੰਤਰ ਹਨ। ਕਿਸੇ ਦੇਸ਼ ਨੂੰ ਲੋਕਤੰਤਰ ਵਜੋਂ ਸ਼੍ਰੇਣੀਬੱਧ ਕਰਨ ਲਈ ਇਸ ਵਿੱਚ ਬਹੁਪਾਰਟੀ ਚੋਣਾਂ ਅਤੇ ਸਿਆਸੀ ਆਜ਼ਾਦੀਆਂ ਹੋਣੀਆਂ ਚਾਹੀਦੀਆਂ ਹਨ, ਜੋ ਉਹਨਾਂ ਨੂੰ ਸਾਰਥਿਕ ਬਣਾਉਂਦੀਆਂ ਹਨ। ਇਸ ਕਾਰਜ ਪ੍ਰਣਾਲੀ ਦੇ ਅਨੁਸਾਰ ਲੋਕਤੰਤਰ ਅਤੇ ਤਾਨਾਸ਼ਾਹੀ ਦੇ ਵਿਚਕਾਰ ਵੰਡਣ ਵਾਲੀ ਰੇਖਾ ਇਹ ਹੈ ਕਿ ਕੀ ਕਿਸੇ ਦੇਸ਼ ਦਾ ਨੇਤਾ ਆਜ਼ਾਦ ਅਤੇ ਨਿਰਪੱਖ ਚੋਣਾਂ ਰਾਹੀਂ ਆਪਣੇ ਨਾਗਰਿਕਾ ਪ੍ਰਤੀ ਜਵਾਬਦੇਹ ਹੈ। 2022 'ਚ ਵਿਸ਼ਵ ਪ੍ਰਣਾਲੀ ਦੇ ਅਧੀਨ ਤਾਨਾਸ਼ਾਹੀ ਦੇ ਰੂਪ ਵਿੱਚ ਸੂਚੀਬੱਧ ਕੀਤੇ ਗਏ 84 ਦੇਸ਼ਾਂ ਵਿਚੋਂ ਅਮਰੀਕਾ ਨੇ ਉਹਨਾਂ ਵਿੱਚ ਘੱਟੋ ਘੱਟ 48 ਜਾਂ 57 ਫੀਸਦੀ ਨੂੰ ਹਥਿਆਰ ਵੇਚੇ ਹਨ।

'ਘੱਟੋਘੱਟ' ਕੁਆਲੀਫਾਇਰ ਜ਼ਰੂਰੀ ਹੈ, ਕਈ ਤੱਥਾਂ ਤੋਂ ਅਮਰੀਕੀ ਹਥਿਆਰਾਂ ਦੀ ਵਿਕਰੀ ਦੀ ਸਹੀ ਟ੍ਰੈਕਿੰਗ ਨੂੰ ਸ਼ੱਕੀ ਕਿਹਾ ਜਾਂਦਾ ਹੈ। ਵਿੱਤੀ ਸਾਲ ਦੌਰਾਨ ਵਪਾਰਕ ਹਥਿਆਰਾਂ ਦੀ ਵਿਕਰੀ ਦੀ ਸਟੇਟ ਡਿਪਾਰਟਮੈਂਟ ਦੀ ਰਿਪੋਰਟ ਕਹਿੰਦੀ ਹੈ ਕਿ ਹਥਿਆਰਾਂ ਦੀ ਵਿਕਰੀ 'ਚ ਲਗਭਗ ਡਾਲਰ 11 ਬਿਲੀਅਨ ਖਰੀਦਦਾਰਾਂ ਦਾ ਖੁਲਾਸਾ ਹੀ ਨਹੀਂ ਕੀਤਾ ਗਿਆ।

ਸਾਲ 2022 ਵਿੱਚ ਅਮਰੀਕੀ ਹਥਿਆਰਾਂ ਦੀ ਵਿਕਰੀ ਟਰੰਪ ਦੇ ਦੌਰ ਦੇ ਉੱਚੇ ਪੱਧਰ ਨੂੰ ਪਾਰ ਕਰ ਗਈ। ਰਾਸ਼ਟਰਪਤੀ ਬਾਇਡੇਨ ਨੇ ਪਹਿਲੇ ਪੂਰੇ ਵਿੱਤੀ ਵਰ੍ਹੇ ਵਿੱਚ ਅਮਰੀਕਾ ਤੋਂ ਦੂਜੇ ਦੇਸ਼ਾਂ ਨੂੰ ਹਥਿਆਰਾਂ ਦੀ ਵਿਕਰੀ ਡਾਲਰ 206 ਬਿਲੀਅਨ ਤਕ ਪਹੁੰਚ ਗਈ ਸੀ।




ਸਵੀਡਨ ਸਥਿਤ ਇੱਕ ਖੋਜ ਸੰਸਥਾਨ ਦਾ ਕਹਿਣਾ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਹਥਿਆਰਾਂ ਦੇ ਨਿਰਯਾਤ ਵਿੱਚ ਅਮਰੀਕਾ ਦੀ ਵਿਸ਼ਵਵਿਆਪੀ ਹਿੱਸੇਦਾਰੀ ਵਧ ਕੇ 37 ਫੀਸਦੀ ਹੋ ਗਈ ਹੈ।

ਅਮਰੀਕਾ, ਫਰਾਂਸ ਅਤੇ ਜਰਮਨੀ ਦੀ ਗਲੋਬਲ ਬਰਾਮਦ ਵਧੀ ਹੈ ਜਦੋਂ ਕਿ ਰੂਸ ਅਤੇ ਚੀਨ ਦੀ ਬਰਾਮਦ ਘਟੀ ਹੈ। ਸ਼ੀਤ ਯੁੱਧ ਤੋਂ ਬਾਅਦ ਦਰਾਮਦ ਅਤੇ ਨਿਰਯਾਤ ਆਪਣੇ ਉੱਚੇ ਪੱਧਰ ਦੇ ਨੇੜੇ ਹਨ। ਹਾਲਾਂਕਿ, ਮਹਾਂਮਾਰੀ ਦੇ ਪ੍ਰਭਾਵ ਤੋਂ ਬਾਅਦ ਇਸ ਵਿੱਚ ਬਦਲਾਅ ਦੇਖਿਆ ਜਾ ਸਕਦਾ ਹੈ।

ਹਥਿਆਰਾਂ ਦੀ ਦਰਾਮਦ ਦੇ ਮਾਮਲੇ ਵਿੱਚ ਮੱਧ ਪੂਰਬ ਵਿੱਚ ਸਭ ਤੋਂ ਵੱਧ ਵਾਧਾ ਹੋਇਆ ਹੈ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਸੀਨੀਅਰ ਖੋਜਕਾਰ ਪੀਟਰ ਵੇਇਜ਼ਮੈਨ ਦਾ ਕਹਿਣਾ ਹੈ: 'ਇਹ ਕਹਿਣਾ ਬਹੁਤ ਜਲਦਬਾਜ਼ੀ ਹੋਵੇਗੀ ਕਿ ਪਿਛਲੇ ਦੋ ਦਹਾਕਿਆਂ ਵਿੱਚ ਹਥਿਆਰਾਂ ਦੇ ਤਬਾਦਲੇ ਵਿੱਚ ਤੇਜ਼ੀ ਨਾਲ ਵਾਧਾ ਖਤਮ ਹੋ ਗਿਆ ਹੈ।'

ਅਮਰੀਕਾ ਦੇ ਨਿਰਯਾਤ ਦਾ ਲਗਭਗ ਅੱਧਾ (47 ਪ੍ਰਤੀਸ਼ਤ) ਮੱਧ ਪੂਰਬ ਨੂੰ ਜਾਂਦਾ ਹੈ, ਜਿਸ ਵਿੱਚੋਂ ਸਿਰਫ ਸਾਊਦੀ ਅਰਬ 24 ਪ੍ਰਤੀਸ਼ਤ ਅਮਰੀਕੀ (**ਬਾਕੀ ਸਫ਼ਾ 29 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸਾਲ 2019 ਤੋਂ ਬਾਅਦ ਨਹੀਂ ਦਿੱਤਾ ਗਿਆ 'ਭਾਰਤ ਰਤਨ'

## ਕੀ 'ਭਾਰਤ ਰਤਨ' ਪੁਰਸਕਾਰ ਦਾ ਵੀ ਹੋ ਗਿਐ 'ਸਿਆਸੀਕਰਨ'?




ਭਾਰਤ ਵਿੱਚ 'ਭਾਰਤ ਰਤਨ' ਇੱਕ ਬਹੁਤ ਹੀ ਮਹੱਤਵਪੂਰਨ ਪੁਰਸਕਾਰ ਹੈ। 1954 ਤੋਂ ਸ਼ੁਰੂ ਹੋਏ 'ਭਾਰਤ ਰਤਨ' ਪੁਰਸਕਾਰ ਨੂੰ ਹੁਣ ਤਕ 48 ਵਿਅਕਤੀਆਂ ਨੂੰ ਦਿਤਾ ਜਾ ਚੁਕਿਆ ਹੈ। ਭਾਰਤ ਰਤਨ ਪੁਰਸਕਾਰ ਇੱਕ ਸਾਲ ਵਿੱਚ ਤਿੰਨ ਵਿਅਕਤੀਆਂ ਨੂੰ ਦਿਤਾ ਜਾ ਸਕਦਾ ਹੈ। ਭਾਰਤ ਦਾ ਪਹਿਲਾ 'ਭਾਰਤ ਰਤਨ' ਪੁਰਸਕਾਰ 1954 ਵਿੱਚ ਸੁਤੰਤਰ ਭਾਰਤ ਦੇ ਪਹਿਲੇ ਗਵਰਨਰ ਜਨਰਲ ਚੱਕਰਵਰਤੀ ਰਾਜਗੋਪਾਲਾਚਾਰੀ, ਸਾਬਕਾ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਅਤੇ ਵਿਗਿਆਨੀ ਡਾ: ਚੰਦਰਸ਼ੇਖਰ ਵੈਂਕਟ ਰਮਨ ਨੂੰ ਦਿੱਤਾ ਗਿਆ ਸੀ।ਸਾਲ 2019 ਵਿੱਚ 'ਭਾਰਤ ਰਤਨ' ਪੁਰਸਕਾਰ ਪ੍ਰਣਬ ਮੁਖਰਜੀ, ਭੂਪੇਨ ਹਜ਼ਾਰਿਕਾ, ਨਾਨਾਜੀ ਦੇਸ਼ਮੁਖ ਨੂੰ ਦਿਤਾ ਗਿਆ। ਸਾਲ 2019 ਤੋਂ ਸਾਲ 2023 ਤਕ ਭਾਰਤ ਰਤਨ ਪੁਰਸਕਾਰ ਅਜੇ ਤਕ ਕਿਸੇ ਨੂੰ ਵੀ ਨਹੀਂ ਦਿਤਾ ਗਿਆ। 'ਭਾਰਤ ਰਤਨ' ਪੁਰਸਕਾਰ ਦੇਣ ਦੇ ਨਿਯਮਾਂ ਵਿੱਚ ਲਿਖਿਆ ਹੈ ਕਿ ਸਾਲ ਵਿੱਚ ਸਿਰਫ਼ ਤਿੰਨ ਭਾਰਤ ਰਤਨ ਦਿੱਤੇ ਜਾਂਦੇ ਹਨ। ਨਾਲ ਹੀ, ਇਹ ਜ਼ਰੂਰੀ ਨਹੀਂ ਕਿ ਭਾਰਤ ਰਤਨ ਹਰ ਸਾਲ ਦਿੱਤਾ ਜਾਵੇ।ਭਾਰਤ ਰਤਨ ਪੁਰਸਕਾਰ ਦੇਣ ਦੀ ਸਿਫ਼ਾਰਸ਼ ਪ੍ਰਧਾਨ ਮੰਤਰੀ ਵੱਲੋਂ ਰਾਸ਼ਟਰਪਤੀ ਨੂੰ ਕੀਤੀ ਜਾਂਦੀ ਹੈ, ਉਸ ਤੋਂ ਬਾਅਦ ਰਾਸ਼ਟਰਪਤੀ ਵੱਲੋਂ 'ਭਾਰਤ ਰਤਨ ' ਪੁਰਸਕਾਰ ਦਿਤਾ ਜਾਂਦਾ ਹੈ। 'ਭਾਰਤ ਰਤਨ' ਪੁਰਸਕਾਰ ਪ੍ਰਾਪਤ ਕਰਨ ਵਾਲੇ ਵਿਅਕਤੀ ਲਈ ਵੱਡਾ ਮਹੱਤਵ ਰੱਖਦਾ ਹੈ। ਇਹ ਪੁਰਸਕਾਰ ਬਿਨਾ ਕਿਸੇ ਧਰਮ, ਲਿੰਗ, ਜਾਤੀ, ਭਾਸ਼ਾ, ਰੰਗ ਤੇ ਨਸਲ ਦੇ ਵਿਤਕਰੇ ਤੋਂ ਦਿੱਤਾ ਜਾਂਦਾ ਹੈ।

**ਕੀ ਮਿਲਦਾ ਹੈ ਭਾਰਤ ਰਤਨ ਪ੍ਰਾਪਤ ਕਰਨ ਵਾਲਿਆਂ ਨੂੰ ?**



ਭਾਰਤ ਰਤਨ ਪ੍ਰਾਪਤ ਕਰਨ ਵਾਲਿਆਂ ਨੂੰ ਭਾਰਤ ਸਰਕਾਰ ਵੱਲੋਂ ਇੱਕ ਸਰਟੀਫਿਕੇਟ ਅਤੇ ਇੱਕ ਮੈਡਲ ਦਿੱਤਾ ਜਾਂਦਾ ਹੈ। ਇਸ ਸਨਮਾਨ ਨਾਲ ਕੋਈ ਪੈਸਾ ਨਹੀਂ ਦਿੱਤਾ ਜਾਂਦਾ।

ਸਰਕਾਰੀ ਵਿਭਾਗ ਸਨਮਾਨ ਪ੍ਰਾਪਤ ਕਰਨ ਵਾਲਿਆਂ ਨੂੰ ਸਹੂਲਤਾਂ ਪ੍ਰਦਾਨ ਕਰਦੇ ਹਨ। ਉਦਾਹਰਣ ਵਜੋਂ, ਭਾਰਤ ਰਤਨ ਪ੍ਰਾਪਤ ਕਰਨ ਵਾਲਿਆਂ ਨੂੰ ਰੇਲਵੇ ਤੋਂ ਮੁਫਤ ਯਾਤਰਾ ਦੀ ਸਹੂਲਤ ਮਿਲਦੀ ਹੈ।

ਭਾਰਤ ਰਤਨ ਪ੍ਰਾਪਤ ਕਰਨ ਵਾਲਿਆਂ ਨੂੰ ਮਹੱਤਵਪੂਰਨ ਸਰਕਾਰੀ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

ਸਰਕਾਰ ਉਸ ਨੂੰ ਵਾਰੰਟ ਆਫ਼ ਪ੍ਰੈਜ਼ੀਡੈਂਸੀ ਵਿੱਚ ਥਾਂ ਦਿੰਦੀ ਹੈ। ਭਾਰਤ ਰਤਨ ਪ੍ਰਾਪਤ ਕਰਨ ਵਾਲਿਆਂ ਨੂੰ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰਾਜਪਾਲ, ਸਾਬਕਾ ਰਾਸ਼ਟਰਪਤੀ, ਉਪ ਪ੍ਰਧਾਨ ਮੰਤਰੀ, ਚੀਫ਼ ਜਸਟਿਸ, ਲੋਕ ਸਭਾ ਸਪੀਕਰ, ਕੈਬਨਿਟ ਮੰਤਰੀ, ਮੁੱਖ ਮੰਤਰੀ, ਸਾਬਕਾ ਪ੍ਰਧਾਨ ਮੰਤਰੀ ਅਤੇ ਨੇਤਾਵਾਂ ਤੋਂ ਬਾਅਦ ਪ੍ਰੋਟੋਕੋਲ ਵਿੱਚ ਜਗ੍ਹਾ ਮਿਲਦੀ ਹੈ। ਵਾਰੰਟ ਆਫ਼ ਪ੍ਰੈਜ਼ੀਡੈਂਸੀ ਦੀ ਵਰਤੋਂ ਸਰਕਾਰੀ ਪ੍ਰੋਗਰਾਮਾਂ ਵਿੱਚ ਤਰਜੀਹ ਦੇਣ ਲਈ ਕੀਤੀ ਜਾਂਦੀ ਹੈ।

ਰਾਜ ਸਰਕਾਰਾਂ ਆਪਣੇ ਰਾਜਾਂ ਵਿੱਚ ਭਾਰਤ ਰਤਨ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਨੂੰ ਸਹੂਲਤਾਂ ਪ੍ਰਦਾਨ ਕਰਦੀਆਂ ਹਨ।ਇਹ ਸਨਮਾਨ ਇਸ ਦੇ ਨਾਮ ਤੋਂ ਪਹਿਲਾਂ ਜਾਂ ਬਾਅਦ ਵਿੱਚ ਨਹੀਂ ਜੋੜਿਆ ਜਾ ਸਕਦਾ ਹੈ। ਹਾਲਾਂਕਿ, ਪ੍ਰਾਪਤਕਰਤਾ ਆਪਣੇ ਰੈਜ਼ਿਊਮੇ, ਲੈਟਰਹੈੱਡ ਜਾਂ ਵਿਜ਼ਿਟਿੰਗ ਕਾਰਡ ਵਰਗੀਆਂ ਥਾਵਾਂ 'ਤੇ 'ਰਾਸ਼ਟਰਪਤੀ ਦੁਆਰਾ ਭਾਰਤ ਰਤਨ ਨਾਲ ਸਨਮਾਨਿਤ' ਜਾਂ 'ਭਾਰਤ ਰਤਨ (ਬਾਕੀ ਸ਼ਫ਼ਾ 31 'ਤੇ)

## ਕੀ ਹੈ ਭਾਰਤ ਰਤਨ ਪੁਰਸਕਾਰ ?



ਭਾਰਤ ਰਤਨ ਦੇਸ਼ ਦਾ ਸਰਵਉੱਚ ਨਾਗਰਿਕ ਪੁਰਸਕਾਰ ਹੈ, ਜੋ ਕਿਸੇ ਵੀ ਖੇਤਰ ਵਿੱਚ ਬੇਮਿਸਾਲ ਅਤੇ ਸਰਵਉੱਚ ਸੇਵਾ ਦੀ ਮਾਨਤਾ ਵਿੱਚ ਦਿੱਤਾ ਜਾਂਦਾ ਹੈ।ਇਹ ਸਨਮਾਨ ਰਾਜਨੀਤੀ, ਕਲਾ, ਸਾਹਿਤ ਅਤੇ ਵਿਗਿਆਨ ਦੇ ਖੇਤਰ ਵਿੱਚ ਇੱਕ ਚਿੰਤਕ, ਵਿਗਿਆਨੀ, ਉਦਯੋਗਪਤੀ, ਲੇਖਕ ਅਤੇ ਸਮਾਜ ਸੇਵਕ ਨੂੰ ਦਿੱਤਾ ਜਾਂਦਾ ਹੈ।ਭਾਰਤ ਰਤਨ ਦਾ ਪੁਰਸਕਾਰ 2 ਜਨਵਰੀ 1954 ਨੂੰ ਤਤਕਾਲੀ ਰਾਸ਼ਟਰਪਤੀ ਡਾ: ਰਾਜੇਂਦਰ ਪ੍ਰਸਾਦ ਦੁਆਰਾ ਸ਼ੁਰੂ ਕੀਤਾ ਗਿਆ ਸੀ।

ਪਹਿਲਾ ਸਨਮਾਨ 1954 ਵਿੱਚ ਸੁਤੰਤਰ ਭਾਰਤ ਦੇ ਪਹਿਲੇ ਗਵਰਨਰ ਜਨਰਲ ਚੱਕਰਵਰਤੀ ਰਾਜਗੋਪਾਲਾਚਾਰੀ, ਸਾਬਕਾ ਰਾਸ਼ਟਰਪਤੀ ਡਾ: ਸਰਵਪੱਲੀ ਰਾਧਾਕ੍ਰਿਸ਼ਨਨ ਅਤੇ ਵਿਗਿਆਨੀ ਡਾ. ਚੰਦਰਸ਼ੇਖਰ ਵੈਂਕਟ ਰਮਨ ਨੂੰ ਦਿੱਤਾ ਗਿਆ ਸੀ।ਉਦੋਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਲੋਕਾਂ ਨੂੰ ਆਪੋ-ਆਪਣੇ ਖੇਤਰਾਂ ਵਿੱਚ ਸ਼ਾਨਦਾਰ ਯੋਗਦਾਨ ਲਈ ਇਹ ਸਨਮਾਨ ਦਿੱਤਾ ਜਾ ਚੁੱਕਾ ਹੈ।1954 ਵਿੱਚ ਇਹ ਸਨਮਾਨ ਜਿਉਂਦੇ ਜੀ ਹੀ ਦਿੱਤਾ ਗਿਆ ਸੀ ਪਰ 1955 ਵਿੱਚ ਮਰਨ ਉਪਰੰਤ ਭਾਰਤ ਰਤਨ ਦੇਣ ਦੀ ਵਿਵਸਥਾ ਜੋੜ ਦਿੱਤੀ ਗਈ।

ਭਾਰਤ ਰਤਨ ਪ੍ਰਾਪਤ ਕਰਨ ਵਾਲਿਆਂ ਦੀ ਅਧਿਕਾਰਤ ਘੋਸ਼ਣਾ ਭਾਰਤ ਦੇ ਗਜ਼ਟ ਵਿੱਚ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਕੀਤੀ ਜਾਂਦੀ ਹੈ। ਇਹ ਸਨਮਾਨ ਹਰ ਸਾਲ 26 ਜਨਵਰੀ ਨੂੰ ਦਿੱਤਾ ਜਾਂਦਾ ਹੈ।

ਭਾਰਤ ਰਤਨ ਪੁਰਸਕਾਰ ਲਈ ਚੁਣੇ ਜਾਣ ਦੀ ਪ੍ਰਕਿਰਿਆ ਪਦਮ ਪੁਰਸਕਾਰਾਂ ਨਾਲੋਂ ਵੱਖਰੀ ਹੈ। ਇਸ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਭਾਰਤ ਰਤਨ ਲਈ ਰਾਸ਼ਟਰਪਤੀ ਨੂੰ ਇੱਕ ਵਿਅਕਤੀ ਦੇ ਨਾਮ ਦੀ ਸਿਫ਼ਾਰਸ਼ ਕਰਦੇ ਹਨ।

ਭਾਰਤ ਰਤਨ ਲਈ ਕਿਸੇ ਰਸਮੀ ਸਿਫਾਰਸ਼ ਦੀ ਲੋੜ ਨਹੀਂ ਹੈ।

ਕਿਸੇ ਵੀ ਵਿਅਕਤੀ ਨੂੰ ਜਾਤ, ਪੇਸ਼ੇ, ਸਥਿਤੀ ਜਾਂ ਲਿੰਗ ਦੇ ਆਧਾਰ 'ਤੇ ਭੇਦਭਾਵ ਕੀਤੇ ਬਿਨਾਂ ਇਸ ਪੁਰਸਕਾਰ ਲਈ ਯੋਗ ਮੰਨਿਆ ਜਾ ਸਕਦਾ ਹੈ।

ਸਾਲ ਵਿੱਚ ਸਿਰਫ਼ ਤਿੰਨ ਭਾਰਤ ਰਤਨ ਦਿੱਤੇ ਜਾਂਦੇ ਹਨ। ਨਾਲ ਹੀ, ਇਹ ਜ਼ਰੂਰੀ ਨਹੀਂ ਕਿ ਭਾਰਤ ਰਤਨ ਹਰ ਸਾਲ ਦਿੱਤਾ ਜਾਵੇ।

ਹੁਣ ਤੱਕ ਕੁੱਲ 48 ਲੋਕਾਂ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਪਿਛਲੀ ਵਾਰ ਇਹ ਸਨਮਾਨ ਸਾਲ 2019 ਵਿੱਚ ਦਿੱਤਾ ਗਿਆ ਸੀ।

2019 ਵਿੱਚ, ਸਮਾਜ ਸੇਵਾ ਦੇ ਖੇਤਰ ਵਿੱਚ ਨਾਨਾਜੀ ਦੇਸ਼ਮੁਖ (ਮਰਨ ਉਪਰੰਤ), ਕਲਾ ਦੇ ਖੇਤਰ ਵਿੱਚ ਡਾ. ਭੁਪੇਨ ਹਜ਼ਾਰਿਕਾ (ਮਰਨ ਉਪਰੰਤ) ਅਤੇ ਜਨਤਕ ਕਾਰਜਾਂ ਲਈ ਭਾਰਤ ਦੇ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ।

## ਪਿਤਾ ਲਈ ਭਾਰਤ ਰਤਨ ਦੀ ਭੀਖ ਨਹੀਂ ਮੰਗਾਂਗਾ : ਅਸ਼ੋਕ ਧਿਆਨਚੰਦ


Prime Minister

New Delhi
25 July, 2013

Dear Shri Jitendra Singh,

I have received your letter of 16 July, 2013 recommending Late Major Dhyan Chand for Bharat Ratna award.

With warm regards,

Yours sincerely,

(Manmohan Singh)

Shri Jitendra Singh
Minister of State (IC) for Youth Affairs & Sports and MoS for Defence
New Delhi

ਤਿੰਨ ਵਾਰ ਦੇ ਓਲੰਪਿਕ ਸੋਨ ਤਮਗਾ ਜੇਤੂ ਮੇਜਰ ਧਿਆਨ ਚੰਦ ਦੇ ਪੁੱਤਰ ਅਸ਼ੋਕ ਧਿਆਨ ਚੰਦ ਆਪਣੇ ਪਿਤਾ ਨੂੰ ਭਾਰਤ ਰਤਨ ਪੁਰਸਕਾਰ ਨਾ ਮਿਲਣ ਤੋਂ ਦੁਖੀ ਹਨ। ਅਸ਼ੋਕ ਕੁਮਾਰ ਨੇ ਗੰਭੀਰ ਦੋਸ਼ ਲਾਇਆ ਕਿ ਪੁਰਸਕਾਰ ਵਿੱਚ ਸਿਆਸੀ ਦਖ਼ਲਅੰਦਾਜ਼ੀ ਕਾਰਨ ਉਨ੍ਹਾਂ ਦੇ ਪਿਤਾ ਨੂੰ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਭਾਰਤ ਰਤਨ ਨਹੀਂ ਮਿਲ ਸਕਿਆ।ਭਾਰਤੀ ਹਾਕੀ ਟੀਮ ਦੇ ਕਪਤਾਨ ਰਹੇ ਅਸ਼ੋਕ ਕੁਮਾਰ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦਾਦਾ (ਧਿਆਨਚੰਦ) ਨੂੰ ਭਾਰਤ ਰਤਨ (ਬਾਕੀ ਸ਼ਫ਼ਾ 31 'ਤੇ)

## ਸਰਕਾਰਾਂ ਨੇ ਧਿਆਨਚੰਦ ਦੇ ਭਾਰਤ ਰਤਨ ਨੂੰ ਕਿਵੇਂ 'ਗੋਲ' ਕੀਤਾ

ਹਾਕੀ ਖਿਡਾਰੀ ਧਿਆਨ ਚੰਦ ਤੋਂ ਇਲਾਵਾ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਦਾ ਜ਼ਿਕਰ ਇਹ ਪੁਰਸਕਾਰ ਨਾ ਮਿਲਣ ਕਰਕੇ ਕੀਤਾ ਜਾਂਦਾ ਹੈ। ਸਿਆਸੀ ਸਫ਼ਾ ਵਿੱਚ ਵੀ ਅਕਸਰ ਅਨੇਕਾਂ ਸ਼ਖਸ਼ੀਅਤਾਂ ਨੂੰ ਭਾਰਤ ਰਤਨ ਨਾ ਦਿਤੇ ਜਾਣ ਦੀ ਚਰਚਾ ਹੁੰਦੀ ਰਹਿੰਦੀ ਹੈ। ਆਰਟੀਆਈ ਕਾਰਕੁਨ ਅਤੇ ਖੇਡ ਪ੍ਰੇਮੀ ਹੇਮੰਤ ਦੂਬੇ ਨੇ ਭਾਰਤ ਸਰਕਾਰ ਤੋਂ ਮੇਜਰ ਧਿਆਨਚੰਦ ਨੂੰ ਭਾਰਤ ਰਤਨ ਨਾਲ ਸਬੰਧਤ ਸਾਰੀਆਂ ਫਾਈਲਾਂ ਦੀ ਮੰਗ ਕੀਤੀ ਸੀ। ਹਾਕੀ ਦੇ ਜਾਦੂਗਰ ਮੇਜਰ ਧਿਆਨਚੰਦ, ਜੋ ਆਪਣੇ ਜੀਵਨ ਕਾਲ ਵਿੱਚ ਇੱਕ ਮਿਥਿਹਾਸਕ ਹੀਰੋ ਬਣ ਗਏ ਸਨ, (ਬਾਕੀ ਸ਼ਫ਼ਾ 31 'ਤੇ)



# ਯੂਨਾਇਟਡ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਸ਼ਹੀਦ ਬੀਬੀ ਉਪਕਾਰ ਕੌਰ ਨਾਮ ਹੇਠ ਇਸਤਰੀ ਵਿੰਗ ਦੀ ਸਥਾਪਨਾ

ਪਟਿਆਲਾ: ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਸਾਲਾਨਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਦਾਖਲਾ ਲੈਂਦੇ ਹਨ। ਜਿਹਨਾਂ ਵਿੱਚੋਂ 70-80% ਗਿਣਤੀ ਵਿਦਿਆਰਥਣਾਂ ਦੀ ਹੁੰਦੀ ਹੈ, ਜੋ ਕਿ ਯੂਨੀਵਰਸਿਟੀ ਲਈ ਬਹੁਤ ਮਾਣ ਵਾਲੀ ਗੱਲ ਹੈ। ਹਰ ਸਾਲ ਦਾਖ਼ਲਾ ਲੈਣ ਸਮੇਂ, ਹੋਸਟਲ ਲੈਣ ਸਮੇਂ, ਲਾਇਬ੍ਰੇਰੀ ਜਾਂ ਹੋਰ ਸੁਵਿਧਾਵਾਂ ਅਤੇ ਸਹੂਲਤਾਂ ਲੈਣ ਸਮੇਂ ਵਿਦਿਆਰਥਣਾਂ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਨਾਲ ਹੋਰ ਵੀ ਅਨੇਕਾਂ ਸਮੱਸਿਆਵਾਂ ਹਨ, ਜਿਸ ਦਾ ਯੂਨੀਵਰਸਿਟੀ ਵਿੱਚ ਪੜਾਈ ਕਰ ਰਹੀਆਂ ਜਾਂ ਖੋਜ-ਕਾਰਜ ਕਰ ਰਹੀਆਂ ਵਿਦਿਆਰਥਣਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਵਰਤਾਵੇ ਨੂੰ ਧਿਆਨ ਵਿੱਚ ਰੱਖਦੇ ਹੋਏ ਯੂਨਾਇਟਡ ਸਿੱਖ ਸਟੂਡੈਂਟਸ ਫੈਡਰੇਸ਼ਨ (USSF), ਪੰਜਾਬੀ ਯੂਨੀਵਰਸਿਟੀ ਦੇ ਯੂਨਿਟ ਵੱਲੋਂ ਬੀਤੇ ਕੱਲ ਵੱਖ-ਵੱਖ ਵਿਭਾਗਾਂ ਦੀਆਂ ਵਿਦਿਆਰਥਣਾਂ ਨਾਲ ਵਿਚਾਰ-ਵਟਾਂਦਰਾ ਕਰਨ ਉਪਰੰਤ ਸ਼ਹੀਦ ਬੀਬੀ ਉਪਕਾਰ ਕੌਰ ਨਾਮ ਹੇਠ 'ਇਸਤਰੀ ਵਿੰਗ' ਦੀ ਸਥਾਪਨਾ ਕੀਤੀ ਗਈ। ਇਸ ਵਿੰਗ ਦੇ ਸੰਚਾਲਨ ਲਈ ਵਿਦਿਆਰਥਣਾਂ ਦੀ ਸਰਬ-ਸੰਮਤੀ ਨਾਲ ਵਿਦਿਆਰਥਣ



ਸੁਖਦੀਪ ਕੌਰ ਨੂੰ ਵਿੰਗ ਦੀ ਪ੍ਰਧਾਨ ਦੀ ਸੇਵਾ ਸਪੁਰਦ ਕੀਤੀ ਗਈ ਅਤੇ 4 ਹੋਰ ਵਿਦਿਆਰਥਣਾਂ ਨੂੰ ਇਸਤਰੀ ਵਿੰਗ ਦੀ ਸੇਵਾ ਸੌਂਪੀ ਗਈ। ਜਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ 62 ਸਾਲਾਂ ਦੇ ਇਤਿਹਾਸ ਵਿੱਚ ਕਈ ਜਥੇਬੰਦੀਆਂ ਹੋਂਦ ਵਿੱਚ ਆਈਆਂ ਹਨ ਪਰ ਵਿਦਿਆਰਥਣਾਂ ਜਾਂ ਕਿਸੇ ਵੀ ਜਥੇਬੰਦੀ ਵੱਲੋਂ ਅਜਿਹਾ ਅਤਿ ਲੋੜੀਂਦਾ ਉਪਰਾਲਾ ਕਦੇ ਨਹੀਂ ਹੋਇਆ। ਗੱਲਬਾਤ ਕਰਦੇ ਹੋਏ USSF ਯੂਨਿਟ ਦੇ ਮੁਖੀ ਨਿਰਮਲਜੀਤ ਸਿੰਘ ਨੇ ਕਿਹਾ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਤਿਹਾਸ ਵਿੱਚ ਨੌਜਵਾਨ ਵਿਦਿਆਰਥੀਆਂ ਦੇ ਨਾਲ-ਨਾਲ ਨੌਜਵਾਨ ਵਿਦਿਆਰਥਣਾਂ ਵੱਲੋਂ ਵੀ ਇਸਤਰੀ ਵਿੰਗ ਦੇ ਰੂਪ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿੱਚ ਬਰਾਬਰ ਦੀ ਭੂਮਿਕਾ ਨਿਭਾਈ ਜਾਂਦੀ ਰਹੀ ਹੈ।

ਯੂਨਿਟ ਦੇ ਮੁੱਖ ਸਕੱਤਰ ਗਗਨਦੀਪ ਸਿੰਘ ਨੇ ਕਿਹਾ ਕਿ ਗੁਰਮਤਿ ਵਿੱਚ ਲਿੰਗਿਕ ਬਰਾਬਰਤਾ (Gender Equality) ਦਾ ਸਿਧਾਂਤ ਨਿਵੇਕਲਾ ਸਿਧਾਂਤ ਹੈ ਜਿਸ ਦੇ ਤਹਿਤ ਇਸਤਰੀ ਵਿੰਗ ਸਥਾਪਤ ਹੋਇਆ ਹੈ। ਯੂਨਿਟ ਦੇ ਮੁੱਖ ਬੁਲਾਰੇ ਮਨਦੀਪ ਸਿੰਘ ਨੇ ਕਿਹਾ ਕਿ ਵਿਦਿਆਰਥਣਾਂ ਨੂੰ ਯੂਨੀਵਰਸਿਟੀ ਵਿੱਚ ਅਨੇਕਾਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਦੇ ਸਮਾਧਾਨ ਲਈ ਇਸਤਰੀ ਵਿੰਗ ਸਾਰਥਕ ਭੂਮਿਕਾ ਨਿਭਾਵੇਗਾ। ਸ਼ਹੀਦ ਬੀਬੀ ਉਪਕਾਰ ਕੌਰ ਇਸਤਰੀ ਵਿੰਗ ਦੇ ਪ੍ਰਧਾਨ ਸੁਖਦੀਪ ਕੌਰ ਸਮੇਤ ਬਾਕੀ ਸਭ ਵਿਦਿਆਰਥਣਾਂ ਵੱਲੋਂ ਸੇਵਾ ਸੰਭਾਲਦੇ ਸਮੇਂ ਸਭ ਤੋਂ ਪਹਿਲਾਂ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਗਿਆ ਅਤੇ ਵਿਦਿਆਰਥਣਾਂ ਦੀ ਬੇਹਤਰੀ ਲਈ ਕੰਮ ਕਰਨ ਅਤੇ ਸਮੱਸਿਆਵਾਂ ਤੇ ਮੁਸ਼ਕਿਲਾਂ ਦਾ ਹੱਲ ਕਰਨ ਦਾ ਅਹਿਦ ਲਿਆ ਗਿਆ। ਇਸ ਸਮੇਂ ਪਹੁੰਚੇ ਸਾਰੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਗਮੀਤ ਕੌਰ, ਬਲਜੀਤ ਕੌਰ, ਮਨਦੀਪ ਕੌਰ, ਜਸ਼ਨਪ੍ਰੀਤ ਕੌਰ, ਕ੍ਰਿਸ਼ਨਾ, ਹਰਪ੍ਰੀਤ ਕੌਰ, ਹਰਮਨਜੀਤ ਕੌਰ, ਕਮਲਪ੍ਰੀਤ ਕੌਰ, ਨੂਰਦੀਪ ਕੌਰ, ਗੁਰਪ੍ਰੀਤ ਸਿੰਘ, ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸ਼ਾਹਮੁਖੀ 'ਚ ਵੀ ਕਿਤਾਬਾਂ ਪ੍ਰਕਾਸ਼ਿਤ ਕਰੇਗੀ ਪੰਜਾਬੀ ਯੂਨੀਵਰਸਿਟੀ

ਪਟਿਆਲਾ/ਏ.ਟੀ.ਨਿਊਜ਼: ਪੰਜਾਬੀ ਯੂਨੀਵਰਸਿਟੀ ਵੱਲੋਂ ਹੁਣ ਸ਼ਾਹਮੁਖੀ 'ਚ ਵੀ ਕਿਤਾਬਾਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਜਿਸ ਨਾਲ ਲਹਿੰਦੇ ਪੰਜਾਬ ਵਸਦੇ ਪਾਠਕ ਵੀ ਚੜ੍ਹਦੇ ਪੰਜਾਬ ਦਾ ਗਿਆਨ ਹਾਸਲ ਕਰ ਸਕਣਗੇ। ਚੋਣਵੀਆਂ ਕਿਤਾਬਾਂ ਗੁਰਮੁਖੀ ਤੇ ਸ਼ਾਹਮੁਖੀ ਦੋਹਾਂ ਲਿਪੀਆਂ ਵਿੱਚ ਬਰਾਬਰ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ। ਇਸ ਮਕਸਦ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਗਏ ਵਿਸ਼ੇਸ਼ ਸਾਫਟਵੇਅਰ ਰਾਹੀਂ ਮਸ਼ੀਨੀ ਲਿਪੀਆਂਤਰ ਦੀ ਮਦਦ ਲਈ ਜਾਵੇਗੀ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਕਿਹਾ ਕਿ ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ ਵਿਖੇ ਨਵੀਆਂ ਕਿਤਾਬਾਂ ਛਾਪਣ ਦੀ ਪ੍ਰਕਿਰਿਆ ਸੁਸਤ ਪੈ ਗਈ ਸੀ, ਪਰ ਹੁਣ ਪਿਛਲੇ ਕੁਝ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਇਸ ਨੂੰ ਮੁੜ ਲੀਹ 'ਤੇ ਚੜ੍ਹਾਉਣ ਦਾ ਯਤਨ ਕੀਤਾ ਗਿਆ ਹੈ। ਪਬਲੀਕੇਸ਼ਨ ਬਿਊਰੋ ਮੁਖੀ ਡਾ. ਸੁਰਜੀਤ ਸਿੰਘ ਨੇ ਦੱਸਿਆ ਕਿ 'ਵਰਸਿਟੀ ਦੇ ਸਥਾਪਨਾ ਦਿਵਸ ਮੌਕੇ ਛੇ ਪੁਸਤਕਾਂ 'ਚੋਂ ਇਕ ਪੁਸਤਕ 'ਭਾਈ ਵੀਰ ਸਿੰਘ ਦੀਆਂ ਚੋਣਵੀਆਂ ਕਵਿਤਾਵਾਂ' ਦੇ ਗੁਰਮੁਖੀ ਅਤੇ ਸ਼ਾਹਮੁਖੀ ਪ੍ਰਕਾਸ਼ਨ ਵਿੱਚ ਇਸ ਮਸ਼ੀਨ ਲਿਪੀਆਂਤਰਣ ਬਾਰੇ ਸਫਲ ਪ੍ਰਯੋਗ ਕੀਤਾ ਗਿਆ ਹੈ। ਇਹ ਪੁਸਤਕ ਭਾਈ ਵੀਰ ਸਿੰਘ ਚੇਅਰ ਵੱਲੋਂ ਪ੍ਰਕਾਸ਼ਿਤ ਕਰਵਾਈ ਗਈ ਹੈ। ਇਸ ਵਿੱਚ ਸ਼ਾਮਲ ਰਚਨਾਵਾਂ ਦੀ ਚੋਣ ਪੰਜਾਬੀ ਸਾਹਿਤ ਜਗਤ ਦੀਆਂ ਦੋ ਨਾਮੀ ਹਸਤੀਆਂ, ਸੁਰਜੀਤ ਪਾਤਰ ਤੇ ਸਵਰਾਜਬੀਰ ਵੱਲੋਂ ਕੀਤੀ ਗਈ ਹੈ। ਇਸੇ ਤਰ੍ਹਾਂ ਡਾ. ਜੀਤ ਸਿੰਘ ਜੋਸ਼ੀ ਵੱਲੋਂ ਤਿਆਰ 'ਗਿਆਨੀ ਗੁਰਦਿੱਤ ਸਿੰਘ : ਜੀਵਨ ਤੇ ਰਚਨਾ' ਪੁਸਤਕ ਦੇ ਮਹੱਤਵ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਾਲ ਗਿਆਨੀ ਗੁਰਦਿੱਤ ਸਿੰਘ ਦੀ ਸ਼ਤਾਬਦੀ ਦਾ ਸਾਲ ਹੈ। 'ਵਿਗਿਆਨ ਦਰਪਣ' ਕਿਤਾਬ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਹ ਪੁਸਤਕ ਪੰਜਾਬੀ 'ਚ ਹੁਣ ਤੱਕ ਪ੍ਰਕਾਸ਼ਿਤ ਸਮੁੱਚੀ ਵਿਗਿਆਨ ਸਮੱਗਰੀ ਦੀ ਕੌਮਾਂਤਰੀ ਪੁਸਤਕ (ਬਾਕੀ ਸਫ਼ਾ 30 'ਤੇ)

# ਸਿੱਖ ਕਿਸਾਨ ਦੀਆਂ ਦੋ ਧੀਆਂ ਨੇ ਚਮਕਾਇਆ ਪੰਜਾਬ ਦਾ ਨਾਮ, ਕੌਮੀ ਤੇ ਕੌਮਾਂਤਰੀ ਖੇਡਾਂ 'ਚ ਜਿੱਤੇ ਮੈਡਲ



ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼ : ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਨਿੱਕੀ ਨਿਕੋਸਰਾ ਦੇ ਇਕ ਗਰੀਬ ਸਿੱਖ ਕਿਸਾਨ ਦੀਆਂ ਦੋ ਧੀਆਂ ਨੇ ਇੰਟਰਨੈਸ਼ਨਲ ਅਤੇ ਨੈਸ਼ਨਲ ਗੇਮਾਂ ਵਿਚੋਂ ਸਿਲਵਰ ਤੇ ਬਰਾਊਨ ਮੈਡਲ ਜਿੱਤ ਕੇ ਆਪਣੇ ਦੇਸ਼, ਪੰਜਾਬ ਤੇ ਜ਼ਿਲ੍ਹਾ ਗੁਰਦਾਸਪੁਰ ਤੇ ਆਪਣੇ ਮਾਂ-ਪਿਤਾ ਦਾ ਨਾਮ ਰੋਸ਼ਨ ਕੀਤਾ ਹੈ। ਉਨ੍ਹਾਂ ਦਾ ਮਾਣ-ਸਨਮਾਨ ਕਰਨ ਲਈ ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਨੇ ਉਨ੍ਹਾਂ ਦੇ ਘਰ ਪਹੁੰਚੇ ਤੇ ਇਨ੍ਹਾਂ ਧੀਆਂ ਤੇ ਮਾਪਿਆਂ ਦਾ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਸਾਹਿਬ ਅਤੇ ਸ੍ਰੀ ਸਾਹਿਬ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਗੁਰਦੀਪ ਸਿੰਘ ਰੰਧਾਵਾ ਨੇ ਧੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਜ਼ਰੀਏ ਨੌਜਵਾਨਾਂ ਨੂੰ ਉਪਰ ਚੁੱਕਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਖਿਡਾਰਨ ਰਵਨੀਤ ਕੌਰ ਨੇ ਦੱਸਿਆ ਕਿ ਉਸ ਨੇ ਕਾਮਨਵੈਲਥ ਚੈਂਪੀਅਨਸ਼ਿਪ ਇੰਗਲੈਂਡ ਜੂਡੋ ਗੇਮ ਵਿੱਚ ਸਿਲਵਰ ਮੈਡਲ ਜਿੱਤਿਆ ਸੀ ਅਤੇ ਨੈਸ਼ਨਲ ਗੇਮ ਗੁਜਰਾਤ ਵਿਚੋਂ ਸਿਲਵਰ ਅਤੇ ਦੋ ਬਰਾਊਨ ਮੈਡਲ ਜਿੱਤ ਕੇ ਦੇਸ਼ ਦੀ ਝੋਲੀ ਵਿੱਚ ਪਾਏ ਸਨ ਤੇ ਪੰਜਾਬ ਸਰਕਾਰ ਵੱਲੋਂ ਉਸਨੂੰ ਸਨਮਾਨ ਵਜੋਂ ਪੰਜਾਬ ਪੁਲਿਸ ਵਿੱਚ ਨੌਕਰੀ ਦਿੱਤੀ ਗਈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਬੀਤੀ 21 ਅਪ੍ਰੈਲ ਨੂੰ ਚੰਡੀਗੜ੍ਹ ਵਿਖੇ ਸਨਮਾਨਤ ਕੀਤਾ ਗਿਆ ਸੀ।

# ਕੇਂਦਰੀ ਸਿੱਖ ਮਿਊਜ਼ੀਅਮ ਵਿੱਚ ਭਾਈ ਅਮਰਜੀਤ ਸਿੰਘ ਖੇਮਕਰਨ ਅਤੇ ਜਥੇ. ਦਲੀਪ ਸਿੰਘ ਤਲਵੰਡੀ ਦੀਆਂ ਤਸਵੀਰਾਂ ਲੱਗੀਆਂ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਸਥਿਤ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਦੋ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋਏ ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਦਲੀਪ ਸਿੰਘ ਤਲਵੰਡੀ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਇਤਿਹਾਸ ਅਤੇ ਵਿਰਾਸਤ ਦਾ ਅਹਿਮ ਸੋਮਾ ਹੈ ਅਤੇ ਇੱਥੇ ਕੌਮ ਲਈ ਘਾਲਣਾ ਘਾਲਣ ਵਾਲਿਆਂ ਦੀਆਂ ਤਸਵੀਰਾਂ ਸੁਸ਼ੋਭਿਤ ਕਰਕੇ ਕੌਮੀ ਸਨਮਾਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਦਲੀਪ ਸਿੰਘ ਤਲਵੰਡੀ ਨੇ ਲੰਮਾ ਸਮਾਂ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਵਜੋਂ ਸੇਵਾਵਾਂ ਨਿਭਾਈਆਂ। ਭਾਈ ਗਰੇਵਾਲ ਨੇ ਕਿਹਾ ਕਿ ਜਥੇਦਾਰ ਦਲੀਪ ਸਿੰਘ ਨੇ ਜੈਤੋ ਦੇ



ਮੋਰਚੇ ਅਤੇ ਪੰਜਾਬੀ ਸੂਬਾ ਮੋਰਚਾ ਵਿੱਚ ਸਰਗਰਮ ਭੂਮਿਕਾ ਨਿਭਾਈ। ਜਥੇਦਾਰ ਦਲੀਪ ਸਿੰਘ ਨੇ 1955 ਵਿੱਚ ਮਾਸਟਰ ਤਾਰਾ ਸਿੰਘ ਨਾਲ ਮਰਨ ਵਰਤ ਰੱਖਿਆ ਅਤੇ ਸਿੰਘਾਂ ਦੇ ਜਥੇ ਲੈ ਕੇ ਦਿੱਲੀ ਜਾ ਕੇ ਗ੍ਰਿਫ਼ਤਾਰੀ ਵੀ ਦਿੱਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਗਤੀਵਿਧੀਆਂ ਕਾਰਨ ਕਾਂਗਰਸ ਸਰਕਾਰ ਨੇ ਜਥੇਦਾਰ ਦਲੀਪ ਸਿੰਘ ਦੇ ਘਰ ਦੀ ਕੁਰਕੀ ਵੀ ਕਰ ਦਿੱਤੀ ਸੀ। ਭਾਈ ਗਰੇਵਾਲ ਨੇ ਕਿਹਾ ਕਿ ਇਸੇ ਤਰ੍ਹਾਂ (ਬਾਕੀ ਸਫ਼ਾ 30 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੰਜਾਬ 'ਚ ਕਿਉਂ ਵਾਪਰ ਰਹੀਆਂ ਨੇ ਬੇਅਦਬੀ ਦੀਆਂ ਘਟਨਾਵਾਂ ?

## ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕਿਸੇ ਡੂੰਘੀ ਸਾਜ਼ਿਸ਼ ਦੇ ਹੋਣ ਦਾ ਖ਼ਦਸ਼ਾ

## ਕਈ ਸਵਾਲ ਖੜੇ ਕਰ ਗਈ ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿੱਚ ਵਾਪਰੀ ਘਟਨਾ

ਪਟਿਆਲਾ/ਏ.ਟੀ.ਨਿਊਜ਼ : ਪਟਿਆਲਾ ਦੇ ਇਤਿਹਾਸਿਕ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿੱਚ ਪਿਛਲੇ ਦਿਨੀਂ ਇੱਕ ਮਹਿਲਾ ਵੱਲੋਂ ਪਵਿੱਤਰ ਸਰੋਵਰ ਦੀ ਪਰਿਕਰਮਾ ਵਿੱਚ ਸ਼ਰਾਬ ਪੀਣ ਅਤੇ ਬਾਅਦ ਵਿੱਚ ਇਕ ਸ਼ਰਧਾਲੂ ਵੱਲੋਂ ਗੋਲੀਆਂ ਮਾਰ ਕੇ ਸਬੰਧਿਤ ਔਰਤ ਦਾ ਕਤਲ ਕਰਨ ਦੀ ਘਟਨਾ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਵੀ ਪੰਜਾਬ ਦੇ ਵੱਖ- ਵੱਖ ਗੁਰਧਾਮਾਂ ਵਿੱਚ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹਨ। ਪੰਜਾਬ 'ਚ ਬੇਅਦਬੀ ਦੀਆਂ ਘਟਨਾਵਾਂ ਕਈ ਦਹਾਕਿਆਂ ਤੋਂ ਵਾਪਰ ਰਹੀਆਂ ਹਨ, ਪਹਿਲਾਂ ਇਹ ਘਟਨਾਵਾਂ ਸਾਲ ਵਿੱਚ ਇਕਾ ਦੁਕਾ ਅਤੇ ਕਦੇ ਕਦਾਈਂ ਹੀ ਵਾਪਰਦੀਆਂ ਸਨ ਪਰ ਪਿਛਲੇ ਇਕ ਦਹਾਕੇ ਤੋਂ ਤਾਂ ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ, ਜਿਸ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ। ਇਸ ਹਫਤੇ ਡੇਰਾ ਬਾਬਾ ਨਾਨਕ ਦੇ ਪਿੰਡ ਜੋੜੀਆਂ ਕਲਾਂ ਵਿੱਚ ਧਾਰਮਿਕ ਤਸਵੀਰਾਂ ਅਤੇ ਪੁਰਾਤਨ ਸ੍ਰੀ ਜਪੁਜੀ ਸਾਹਿਬ ਦੇ ਗੁਟਕਾ ਸਾਹਿਬ ਦੀ ਬੇਅਦਬੀ ਦਾ ਮਾਮਲਾ ਵੀ ਸਾਹਮਣੇ ਆਇਆ ਹੈ।





ਹੈਰਾਨੀ ਤਾਂ ਇਸ ਗਲ ਦੀ ਹੈ ਕਿ ਬੇਅਦਬੀ ਦੀਆਂ ਇਹਨਾਂ ਘਟਨਾਵਾਂ ਨੂੰ ਰੋਕਣ ਲਈ ਜਿਥੇ ਪੰਜਾਬ ਸਰਕਾਰ, ਪੰਜਾਬ ਪੁਲਿਸ ਅਤੇ ਖੁਫ਼ੀਆ ਤੰਤਰ ਪੂਰੀ ਤਰਾਂ ਫ਼ੇਲ੍ਹ ਹੋ ਗਿਆ ਹੈ, ਉਥੇ ਪਵਿੱਤਰ ਗੁਰਧਾਮਾਂ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਦੀ ਵੀ ਪੋਲ ਖੁੱਲ ਗਈ ਹੈ। ਬੇਅਦਬੀ ਦੀਆਂ ਅਨੇਕਾਂ ਘਟਨਾਵਾਂ ਵਾਪਰਨ ਦੇ ਬਾਵਜੂਦ ਇਹਨਾਂ ਘਟਨਾਵਾਂ ਪਿੱਛੇ ਛੁਪੇ ਹੋਏ ਅਸਲੀ ਸਾਜ਼ਿਸ਼ ਕਾਰਾਂ ਤੇ ਘਟਨਾਵਾਂ ਦੇ ਅਸਲੀ ਕਾਰਨਾਂ ਦਾ ਅਜੇ ਤਕ ਕੋਈ ਪਤਾ ਨਹੀਂ ਚੱਲ ਸਕਿਆ। ਭਾਵੇਂ ਕਿ ਕੁਝ ਥਾਂਵਾਂ 'ਤੇ ਬੇਅਦਬੀ ਦੇ ਦੋਸ਼ੀਆਂ ਨੂੰ ਮੌਕੇ 'ਤੇ ਕਾਬੂ ਵੀ ਕੀਤਾ ਜਾ ਚੁੱਕਿਆ ਹੈ ਪਰ ਅਕਸਰ ਪੁਲਿਸ ਵੱਲੋਂ ਇਹਨਾਂ ਦੋਸ਼ੀਆਂ ਨੂੰ ਮਾਨਸਿਕ ਰੋਗੀ ਕਹਿ ਦਿੱਤਾ ਜਾਂਦਾ ਹੈ ਜਾਂ ਫਿਰ ਸ਼ਰਧਾਲੂਆਂ ਵੱਲੋਂ ਜਾਂ ਸ਼ਰਧਾਲੂਆਂ 'ਚ ਰਲੇ ਸਾਜ਼ਿਸ਼ ਕਾਰਾਂ ਦੇ ਸਮਰਥਕਾਂ ਵੱਲੋਂ ਹੀ ਇਹਨਾਂ ਦੋਸ਼ੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ,

(ਬਾਕੀ ਸਫ਼ਾ 29 'ਤੇ)

### ਕੌਣ ਹੈ ਔਰਤ

ਸੂਤਰਾਂ ਅਨੁਸਾਰ ਦੋਸ਼ੀ ਔਰਤ ਦਾ ਦੋ ਵਾਰ ਤਲਾਕ ਹੋ ਚੁੱਕਿਆ ਸੀ। ਤਲਾਕ ਹੋਣ ਤੋਂ ਬਾਅਦ ਉਹ ਸਹੁਰਿਆਂ ਅਤੇ ਪੇਕਿਆਂ ਨਾਲੋਂ ਅਲੱਗ ਹੋ ਕੇ ਪਟਿਆਲਾ ਅਤੇ ਜ਼ੀਰਕਪੁਰ ਵਿੱਚ ਰਹੀ ਸੀ।ਉਹ ਬਿਊਟੀ ਪਾਰਲਰ 'ਤੇ ਕੰਮ ਕਰਦੀ ਸੀ। ਇਸ ਦੌਰਾਨ ਉਸ ਨੇ ਆਪਣਾ 32 ਸਾਲਾ ਪਲਵਿੰਦਰ ਕੌਰ ਨਾਂਅ ਦਾ ਫ਼ਰਜ਼ੀ ਆਧਾਰ ਕਾਰਡ ਬਣਵਾਇਆ ਸੀ ਪਰ ਪੁਲਿਸ ਨੂੰ ਛਾਣਬੀਣ ਤੋਂ ਬਾਅਦ ਉਸ ਦੇ ਅਸਲ ਨਾਂਅ ਦਾ ਪਤਾ ਕੁਲਵਿੰਦਰ ਕੌਰ ਲੱਗਿਆ ਪਰ ਸੁਆਲ ਇਹ ਹੈ ਕਿ ਉਹ ਨਕਲੀ ਨਾਮ ਦੀ ਵਰਤੋਂ ਕਿਉਂ ਕਰ ਰਹੀ ਸੀ।ਇਸ ਪਿਛੇ ਕੀ ਰਹੱਸ ਹੈ ?

ਬੇਅਦਬੀ ਕਰਨ ਵਾਲੀ ਔਰਤ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਉਸ ਦਾ ਸਸਕਾਰ ਬੀੜ ਜੀ ਦੀਆਂ ਮੜ੍ਹੀਆਂ ਵਿਖੇ ਕਰ ਦਿੱਤਾ ਗਿਆ।ਜਾਣਕਾਰੀ ਅਨੁਸਾਰ ਲੜਕੀ ਦੇ ਭਰਾ ਨੂੰ ਪੁਲਿਸ ਨੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਮ੍ਰਿਤਕ ਦੇਹ ਸੌਂਪ ਦਿੱਤੀ ਸੀ। ਰਾਜਪੁਰਾ ਰੋਡ 'ਤੇ ਮੌਜੂਦ ਸ਼ਮਸਾਨ ਘਾਟ 'ਤੇ ਔਰਤ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ। ਸੰਗਤਾਂ ਦੇ ਗੁੱਸੇ ਨੂੰ ਵੇਖਦਿਆਂ ਪੁਲਿਸ ਵੱਲੋਂ ਸਖਤ ਇੰਤਜ਼ਾਮ ਕੀਤੇ ਗਏ ਸਨ।

### ਨੌਜਵਾਨ ਦੀ ਕਾਨੂੰਨੀ ਮਦਦ ਕਰੇਗੀ ਦਿੱਲੀ ਗੁਰਦੁਆਰਾ ਕਮੇਟੀ : ਕਾਲਕਾ, ਕਾਹਲੋਂ



ਨਵੀਂ ਦਿੱਲੀ /ਮਨਪ੍ਰੀਤ ਸਿੰਘ ਖਾਲਸਾ :- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਐਲਾਨ ਕੀਤਾ ਹੈ ਕਿ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ 'ਚ ਸਰੋਵਰ ਕੰਢੇ ਸ਼ਰਾਬ ਪੀ ਕੇ ਬੇਅਦਬੀ ਕਰਨ ਵਾਲੀ ਔਰਤ ਨੂੰ ਸੋਧਾ ਲਾਉਣ ਵਾਲੇ ਨੌਜਵਾਨ ਨਿਰਮਲਜੀਤ ਸਿੰਘ ਸੈਣੀ ਦੀ ਦਿੱਲੀ ਗੁਰਦੁਆਰਾ ਕਮੇਟੀ ਕਾਨੂੰਨੀ ਮਦਦ ਕਰੇਗੀ। ਉਹਨਾਂ ਕਿਹਾ ਕਿ ਇਸ ਨੌਜਵਾਨ ਨੂੰ ਜਿਸ ਵੀ ਕਿਸਮ ਦੀ ਕਾਨੂੰਨੀ ਮਦਦ ਚਾਹੀਦੀ ਹੋਵੇਗੀ, ਦਿੱਲੀ ਗੁਰਦੁਆਰਾ ਕਮੇਟੀ ਉਹਪੂਰੀ ਮਦਦ ਮੁਹੱਈਆ ਕਰਵਾਏਗੀ।ਉਹਨਾਂ ਕਿਹਾ ਕਿ ਸਾਡੇ ਵਕੀਲ ਜਲਦੀ ਹੀ ਉਕਤ ਨੌਜਵਾਨ ਨਾਲ ਮੁਲਾਕਾਤ ਕਰਨਗੇ ਤੇ ਜਿਸ ਵੀ ਤਰੀਕੇ ਕੇਸ ਦੀ ਪੈਰਵੀ ਕਰਨੀ ਪਈ ਕਰਨਗੇ।

## ਐਨ. ਆਈ. ਏ. ਵੱਲੋਂ ਪੰਜਾਬ, ਹਰਿਆਣਾ ਸਮੇਤ 6 ਰਾਜਾਂ 'ਚ 100 ਥਾਂਈਂ ਛਾਪੇਮਾਰੀ




ਚੰਡੀਗੜ੍ਹ/ਏ.ਟੀ.ਨਿਊਜ਼ : ਐਨ.ਆਈ.ਏ. ਵੱਲੋਂ ਅੱਜ ਬੁੱਧਵਾਰ ਸਵੇਰੇ ਪੰਜਾਬ, ਹਰਿਆਣਾ, ਉਤਰਾਖੰਡ, ਦਿੱਲੀ, ਦਿੱਲੀ, ਮੱਧ ਪ੍ਰਦੇਸ਼ 'ਚ 100 ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ।ਹੁਣ ਤਕ ਦੀ ਜਾਣਕਾਰੀ ਮੁਤਾਬਕ ਇਹ ਛਾਪੇਮਾਰੀ ਖ਼ਾਲਿਸਤਾਨੀ ਅੱਤਵਾਦੀਆਂ ਤੇ ਟੈਰਰ ਫੰਡਿਗ ਦੇ ਮਾਮਲੇ 'ਚ ਕੀਤੀ ਗਈ ਹੈ। ਪੰਜਾਬ 'ਚ ਬਠਿੰਡਾ, ਮੋਗਾ, ਫਿਰੋਜ਼ਪੁਰ, ਪਟਿਆਲਾ, ਅੰਮ੍ਰਿਤਸਰ ਦੇ ਕਈ ਥਾਈਂ ਛਾਪੇਮਾਰੀ ਕੀਤੀ ਗਈ ਹੈ। ਪੁਲਿਸ ਵਲੋਂ ਸ਼ੱਕੀਆਂ ਨੂੰ ਹਿਰਾਸਤ ਵਿੱਚ ਵੀ ਲਿਆ ਗਿਆ ਹੈ। ਐਨ.ਆਈ.ਏ. ਵੱਲੋਂ ਕਈ ਸ਼ੱਕੀ ਲੋਕਾਂ ਦੇ ਘਰਾਂ 'ਚ ਵੀ ਤਲਾਸ਼ੀ ਲਈ ਗਈ ਹੈ। ਸ਼ੱਕੀਆਂ ਦਾ ਪੁਲਿਸ ਰਿਕਾਰਡ ਵੀ ਚੈੱਕ ਕੀਤਾ ਗਿਆ ਹੈ। ਪੰਜਾਬ ਪੁਲਿਸ ਵਲੋਂ ਵੱਖਰੇ ਤੌਰ 'ਤੇ 150 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਟੈਰਰ ਫੰਡਿੰਗ ਰਾਹੀਂ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਕਰਨ ਦੀ ਗੁਪਤ ਸੂਚਨਾ ਦੇ ਆਧਾਰ 'ਤੇ ਗੈਂਗਸਟਰ ਖ਼ਾਲਿਸਤਾਨੀ ਨੈੱਟਵਰਕ ਨੂੰ ਖ਼ਤਮ ਕਰਨ ਲਈ 200 ਤੋਂ ਵੱਧ ਟੀਮਾਂ ਦਾ ਗਠਨ ਕਰਕੇ ਅੱਜ ਐੱਨ. ਆਈ. ਏ. ਵੱਲੋਂ ਪੰਜਾਬ ਭਰ 'ਚ ਕਰੀਬ 65 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ।

## ਗੁਰਦੁਆਰਾ ਸਾਹਿਬਾਨ ਨੂੰ ਲੜੀਵਾਰ ਨਿਸ਼ਾਨੇ 'ਤੇ ਲਿਆ ਜਾਣਾ ਸਿੱਖਾਂ ਖ਼ਿਲਾਫ਼ ਗਹਿਰੀ ਸਾਜਿਸ਼ ਦਾ ਹਿੱਸਾ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ :- ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਪਟਿਆਲਾ ਵਿਖੇ ਵਾਪਰੀ ਘਟਨਾ 'ਤੇ ਪ੍ਰਤੀਕਰਮ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਸਿੱਖ ਵਿਰੋਧੀ ਸ਼ਕਤੀਆਂ ਵੱਲੋਂ ਸੋਝੀ ਸਮਝੀ ਸਾਜ਼ਿਸ਼ ਨਾਲ ਗੁਰੂ ਘਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਜਦਕਿ ਸਰਕਾਰ ਮੂਕ ਦਰਸ਼ਕ ਬਣ ਕੇ ਵੇਖ ਰਹੀ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਅੰਦਰ ਇੱਕ ਲੜਕੀ ਵੱਲੋਂ ਸ਼ਰਾਬ ਪੀਣ ਦੀ ਘਿਨੌਣੀ ਹਰਕਤ ਸਾਜ਼ਿਸ਼ੀ ਹੈ, ਇਹ ਸਹਿਵਨ ਵਾਪਰਿਆ ਵਰਤਾਰਾ ਨਹੀਂ ਹੋ ਸਕਦਾ। ਉਨ੍ਹਾਂ ਪੰਜਾਬ ਦੀ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਲੈਂਦਿਆਂ ਕਿਹਾ ਕਿ ਕਦੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਜ਼ਦੀਕ ਧਮਾਕਿਆਂ ਅਤੇ ਸ਼ਰਧਾਲੂਆਂ ਦੀ ਮਾਰ ਕੁਟਾਈ ਦੀ ਘਟਨਾਵਾਂ ਅਤੇ ਕਦੇ ਵੱਖ-ਵੱਖ ਥਾਵਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਹ ਸਿੱਖ ਵਿਰੋਧੀ ਵਰਤਾਰਾ ਪੰਜਾਬ ਸਰਕਾਰ ਦੀ ਨਾਕਾਮੀ ਦਾ ਨਤੀਜਾ ਹੀ ਹੈ। ਕਿਉਂਕਿ ਜੇਕਰ ਦੋਸ਼ੀਆਂ ਖਿਲਾਫ਼ ਮਿਸਾਲੀ ਕਾਰਵਾਈ ਕੀਤੀ ਜਾਵੇ ਤਾਂ ਕਿਸੇ ਦਾ ਅਜਿਹਾ ਕਰਨ ਦਾ ਹੀਆ ਨਾ ਪਵੇ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੰਜੀਦਾ ਹੋ ਕੇ ਬਣਦੀ ਜ਼ੁੰਮੇਵਾਰੀ ਨਿਭਾਵੇ ਤਾਂ ਅਜਿਹੀਆਂ ਸਾਜ਼ਿਸ਼ੀ ਘਟਨਾਵਾਂ ਨਾ ਵਾਪਰਨ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਗੁਰਦੁਆਰਾ ਸਾਹਿਬਾਨ ਨੂੰ ਲੜੀਵਾਰ ਨਿਸ਼ਾਨੇ 'ਤੇ ਲਿਆ ਜਾਣਾ ਸਿੱਖਾਂ ਖਿਲਾਫ ਗਹਿਰੀ ਸਾਜ਼ਿਸ਼ ਦਾ ਹਿੱਸਾ ਪ੍ਰਤੀਤ ਹੋ ਰਿਹਾ ਹੈ। ਇਨ੍ਹਾਂ ਬਣੇ ਹਾਲਾਤਾਂ ਕਰਕੇ ਹੀ ਸਿੱਖ ਸ਼ਰਧਾਲੂਆਂ ਅਤੇ ਸੰਗਤਾਂ ਦੇ ਜਜ਼ਬਾਤ ਭੜਕ ਰਹੇ ਹਨ ਅਤੇ ਲੋਕ ਖੁਦ-ਬਖੁਦ ਕਾਰਵਾਈ ਕਰਨ ਨੂੰ ਮਜ਼ਬੂਰ ਹਨ।ਉਨ੍ਹਾਂ ਕਿਹਾ ਕਿ ਪਟਿਆਲਾ ਦੇ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਵਿਖੇ ਲੜਕੀ ਵੱਲੋਂ ਸ਼ਰਾਬ ਪੀਣ ਦੀ ਘਟਨਾ ਦੀ ਸਰਕਾਰ ਉੱਚ ਪੱਧਰੀ ਜਾਂਚ ਕਰੇ ਅਤੇ ਇਹ ਪਤਾ ਲਗਾਵੇ ਕਿ ਕਿਹੜੀਆਂ ਸ਼ਕਤੀਆਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਅਤੇ ਮਾਣ-ਮਰਯਾਦਾ ਨੂੰ ਢਾਹ ਲਗਾਉਣ ਦੀਆਂ ਹਰਕਤਾਂ ਕਰ ਰਹੀਆਂ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ 'ਚ ਸ਼ਰਾਬ ਪੀਣ ਵਾਲੀ ਔਰਤ ਨੂੰ ਗੋਲੀ ਮਾਰਨ ਵਾਲੇ ਨੌਜਵਾਨ ਨਿਰਮਲਜੀਤ ਸਿੰਘ ਦੀ ਕਾਨੂੰਨੀ ਮਦਦ ਕਰੇਗੀ।

## ਸਿੱਖ ਯੂਥ ਆਫ ਅਮਰੀਕਾ ਵੱਲੋਂ ਸ਼ਹੀਦ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀ

ਕੈਲੀਫੋਰਨੀਆ/ਏ.ਟੀ.ਨਿਊਜ਼ :- 6 ਮਈ 2023 ਨੂੰ ਭਾਈ ਪਰਮਜੀਤ ਸਿੰਘ 'ਪੰਜਵੜ' ਨੂੰ ਪੰਜਾਬ ਦੇ ਗੁਆਢੀਂ ਮੁਲਕ ਪਾਕਿਸਤਾਨ ਦੇ ਸ਼ਹਿਰ ਲਾਹੌਰ 'ਚ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਜਥੇਦਾਰ ਭਾਈ ਪਰਮਜੀਤ ਸਿੰਘ ਪੰਜਵੜ ਖਾਲਿਸਤਾਨ ਕਮਾਂਡੋ ਫੋਰਸ ਦੇ ਚੌਥੇ ਜਥੇਦਾਰ ਸਨ। 1984 ਵਿੱਚ ਭਾਰਤੀ ਸਟੇਟ ਵੱਲੋਂ ਅਕਾਲ ਤਖਤ ਸਾਹਿਬ ਉੱਤੇ ਕੀਤੇ ਹਮਲੇ ਤੋਂ ਬਾਅਦ ਚੱਲੇ ਖਾੜਕੂ ਸੰਘਰਸ਼ ਵਿੱਚ ਭਾਈ ਪਰਮਜੀਤ ਸਿੰਘ ਪੰਜਵੜ ਨੇ ਵੱਡੀਆਂ ਗੁਰੀਲਾ ਕਾਰਵਾਈਆਂ ਕੀਤੀਆਂ, ਜਿਸ ਉੱਤੇ ਸਿੱਖ ਪੰਥ ਨੂੰ ਮਾਣ ਰਹੇਗਾ। ਸਿੱਖ ਕੌਮ ਦੀ ਅਜ਼ਾਦੀ ਦੀ ਲੜਾਈ ਲੜਦਿਆਂ ਭਾਈ ਪਰਮਜੀਤ ਸਿੰਘ ਪੰਜਵੜ ਪਾਕਿਸਤਾਨ ਵਿੱਚ ਜਲਾਵਤਨ ਹੰਢਾ ਰਹੇ ਸਨ। ਭਾਈ ਸਾਬ੍ਹ ਹੋਰ ਸਿੱਖ ਗੁਰੀਲਾ ਕਮਾਂਡਰਾਂ ਵਾਂਗ, ਲੰਬੇ ਸਮੇਂ ਤੋਂ ਭਾਰਤੀ ਸਟੇਟ ਦੇ ਨਿਸ਼ਾਨੇ 'ਤੇ ਸਨ।

ਭਾਈ ਸਾਬ੍ਹ ਦੀ ਸ਼ਹਾਦਤ ਮਗਰੋਂ ਜਿਸ ਤਰੀਕੇ ਨਾਲ ਭਾਰਤੀ ਮੀਡੀਆ ਵੱਲੋਂ ਖ਼ਬਰਾਂ ਨਸ਼ਰ ਕੀਤੀਆਂ ਕਿ ਦੋ ਹਮਲਾਵਰ ਸ਼ਾਮਲ ਸਨ ਅਤੇ ਸ਼ੂਟਿੰਗ ਦਾ ਸਹੀ ਸਥਾਨ, ਸਨਫਲਾਵਰ ਸੁਸਾਇਟੀ ਜੌਹਰ ਟਾਊਨ ਵਿੱਚ ਉਸ ਦੀ ਰਿਹਾਇਸ਼ ਸੀ। ਇਸ ਜਾਣਕਾਰੀ ਤੋਂ ਸਪੱਸ਼ਟ ਹੈ ਕਿ ਇਹ ਖਾਸ ਵੇਰਵੇ ਸਿਰਫ਼ ਭਾਰਤੀ ਫ਼ੌਜਾਂ ਤੇ ਭਾਰਤੀ ਏਜੰਸੀਆਂ ਤੋਂ ਹੀ ਆ ਸਕਦੇ ਹਨ। ਭਾਰਤੀ ਮੀਡੀਆ ਤੰਤਰ ਤੇ ਹੋਰਨਾਂ ਸੋਸ਼ਲ ਖਾਤਿਆਂ ਰਾਹੀ ਜਿਸ ਤਰੀਕੇ ਨਾਲ ਭਾਈ ਸਾਬ੍ਹ ਦੇ ਕਿਰਦਾਰ ਸਬੰਧੀ ਪ੍ਰੋਪੇਗੰਡਾ ਕੀਤਾ ਗਿਆ ਉਸ ਤੋਂ ਸਿੱਖ ਪੰਥ ਨੂੰ ਸੁਚੇਤ ਹੋਣ ਦੀ ਲੋੜ ਹੈ। ਭਾਰਤੀ ਸਟੇਟ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਜਿਸ ਤਰੀਕੇ ਨਾਲ ਉਹ ਸਿੱਖ ਜੁਝਾਰੂਆਂ ਅਤੇ ਜਰਨੈਲਾਂ ਦੀਆਂ ਸ਼ਖਸੀਅਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਹੇ ਨੇ ਉਹ ਕਦੀ ਕਾਮਯਾਬ ਨਹੀਂ ਹੋਣਗੇ ਕਿਉਂਕਿ " ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥ " ਦਾ ਸਿਧਾਂਤ



ਸਦੀਵ ਰੂਪ ਵਿੱਚ ਸਿੱਖਾਂ ਦੀ ਰਹਿਨੁਮਾਈ ਕਰਦਾ ਹੈ। ਜੇਕਰ ਪੰਥ ਦੇ ਕਿਸੇ ਹਿਸੇ ਨੂੰ ਸ਼ੱਕ ਹੋਵੇ ਤਾਂ ਉਹ ਭਾਈ ਪੰਜਵੜ ਦੇ ਪਰਿਵਾਰ ਨਾਲ ਕੀ ਬੀਤਿਆ ਉਸ ਬਾਰੇ ਪੜ ਤੇ ਸੁਣ ਲੈਣਾ ਚਾਹੀਦਾ ਹੈ।

ਪੰਥ ਦੀ ਅਜ਼ਾਦੀ ਵਾਸਤੇ ਜੂਝਣ ਵਾਲੇ ਜੁਝਾਰੂਆਂ ਨੇ ਜੰਗ ਅਤੇ ਸ਼ਹਾਦਤ ਦੇ ਸਿਧਾਂਤ ਉੱਤੇ ਪਹਿਰਾ ਦਿੱਤਾ ਹੈ। ਭਾਈ ਪਰਮਜੀਤ ਸਿੰਘ 'ਪੰਜਵੜ' ਦੀ ਇਹ ਸਭ ਤੋਂ ਤਾਜ਼ੀ ਸ਼ਹਾਦਤ ਸਿੱਖ ਖਾੜਕੂ ਆਗੂਆਂ ਨੂੰ ਨਿਸ਼ਾਨਾ ਬਣਾਉਣ ਲਈ ਪਾਕਿਸਤਾਨ ਵਿੱਚ ਗੁਪਤ ਗਤੀਵਿਧੀਆਂ ਨੂੰ ਅੰਜਾਮ ਦੇਣ ਵਾਲੇ ਭਾਰਤੀ ਏਜੰਸੀਆਂ ਦੇ ਇੱਕ ਵੱਡੇ ਤੇ ਗੁਪਤ ਇਰਾਦਿਆਂ ਨੂੰ ਦਰਸਾਉਂਦਾ ਹੈ। ਜਿਵੇਂ ਬੀਤੇ ਸਮੇਂ ਦੌਰਾਨ 27 ਜਨਵਰੀ 2020 ਨੂੰ ਭਾਈ ਹਰਮੀਤ ਸਿੰਘ 'ਪੀ.ਐਚ.ਡੀ.' ਨੂੰ ਵੀ ਭਾਰਤੀ ਹਮਲਾਵਰਾਂ ਵੱਲੋਂ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਅਤੇ ਇਸ ਤੋਂ ਬਾਅਦ ਵੀ ਪਾਕਿਸਤਾਨ ਤੇ ਦੁਨੀਆ ਭਰ ਦੇ ਹੋਰ ਹਿਸਿਆਂ ਅੰਦਰ ਖਾੜਕੂ ਲਹਿਰ ਨਾਲ ਸਬੰਧਿਤ ਆਗੂਆਂ ਨੂੰ ਖਤਮ ਕਰਨ ਦੀਆਂ ਕਈ ਕੋਸ਼ਿਸ਼ਾਂ ਹੋ ਚੁੱਕੀਆਂ ਹਨ।

ਖਾਲਸਾ ਪੰਥ ਨੂੰ ਸਮੁੱਚੇ ਰੂਪ ਉਹਨਾਂ ਖਾੜਕੂ ਆਗੂਆਂ ਤੇ ਪੰਥਕ ਧਿਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਜਿੰਨਾ ਨੇ ਇੰਡੀਅਨ ਸਟੇਟ ਵਿਰੁਧ ਜੰਗ ਲੜੀ ਤੇ ਅਜੇ ਵੀ ਖਾਲਸਾ ਰਾਜ ਦੀ ਪ੍ਰਾਪਤੀ ਤੇ ਅਨਿਆਂ ਵਿਰੁੱਧ ਸੰਘਰਸ਼ ਕਰ ਰਹੇ। ਖਾਲਸਾ ਪੰਥ ਖਾਲਿਸਤਾਨ ਦੇ ਸੰਘਰਸ਼ ਪ੍ਰਤੀ ਭਾਈ ਪੰਜਵੜ ਦੀ ਵਚਨਬੱਧਤਾ ਨੂੰ ਸਦਾ ਯਾਦ ਰੱਖੇਗਾ ਅਤੇ ਇਹ ਖਾਲਿਸਤਾਨੀ ਸਿੱਖ ਜਰਨੈਲ ਸਾਡੇ ਮਾਣਮੱਤੇ ਸ਼ਹੀਦ ਹਨ। ਸਿੱਖ ਪੰਥ ਦੀਆਂ ਆਉਣ ਵਾਲੀਆਂ ਪੀੜੀਆਂ ਨੂੰ ਹਮੇਸ਼ਾ ਇਹਨਾਂ ਸ਼ਹੀਦਾਂ ਅਤੇ ਜੁਝਾਰੂ ਯੋਧਿਆਂ ਉੱਪਰ ਫ਼ਖਰ ਰਹੇਗਾ। 15 ਮਈ ਨੂੰ ਉਹਨਾਂ ਦੇ ਪਿੰਡ 'ਪੰਜਵੜ' ਵਿਖੇ ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਹੈ।

# ਪਹਿਲਾਂ ਕੈਨੇਡਾ ਫਿਰ ਅਮਰੀਕਾ, ਕਿਉਂ ਬਣਿਆ ਭਾਰਤੀਆਂ ਲਈ ਮੌਤ ਦਾ ਰਾਹ ?



ਨਿਊਯਾਰਕ/ਏ.ਟੀ.ਨਿਊਜ਼ :- ਕੈਨੇਡਾ-ਅਮਰੀਕਾ ਸਰਹੱਦ ’ਤੇ ਅਮਰੀਕਾ ’ਚ ਦਾਖਲ ਹੋਣ ਦੀ ਕੋਸ਼ਿਸ਼ ’ਚ ਜਾਨ ਗੁਆਉਣ ਵਾਲਿਆਂ ਦੀ ਗਿਣਤੀ ’ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਇਸ ਵਿੱਚ ਕਈ ਭਾਰਤੀ ਵੀ ਸ਼ਾਮਲ ਹਨ। ਦਰਅਸਲ, ਇਹ ਪ੍ਰਵਾਸੀ ਬਿਹਤਰ ਜੀਵਨ ਲਈ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਪਰ ਸਰਹੱਦ ’ਤੇ ਅਮਰੀਕੀ ਫ਼ੌਜ ਦੀ ਸਖ਼ਤੀ ਦੇ ਬਾਵਜੂਦ ਲੋਕ ਅਜੇ ਵੀ ਆਪਣੀ ਜਾਨ ਖ਼ਤਰੇ ਵਿੱਚ ਪਾ ਕੇ ਦੂਜੇ ਪਾਸੇ ਜਾਣਾ ਚਾਹੁੰਦੇ ਹਨ। ਸਰਹੱਦ ’ਤੇ ਮੁਸ਼ਕਿਲ ਹਾਲਾਤਾਂ ਕਾਰਨ ਕਈ ਵਾਰ ਲੋਕ ਆਪਣੀ ਜਾਨ ਵੀ ਗੁਆ ਦਿੰਦੇ ਹਨ। ਅਜੋਕੇ ਸਮੇਂ ਵਿੱਚ ਕਈ ਭਾਰਤੀ ਅਮਰੀਕਾ ਜਾਣ ਦੀ ਇੱਛਾ ਵਿੱਚ ਆਪਣੀ ਜਾਨ ਗੁਆ ਚੁੱਕੇ ਹਨ। ਪਰ ਵੱਡਾ ਸਵਾਲ ਇਹ ਹੈ ਕਿ ਅਜਿਹਾ ਕੀ ਕਾਰਨ ਹੈ ਜੋ ਭਾਰਤੀਆਂ ਨੂੰ ਪਹਿਲਾਂ ਕੈਨੇਡਾ ਅਤੇ ਫਿਰ ਅਮਰੀਕਾ ਵੱਲ ਆਕਰਸ਼ਿਤ ਕਰ ਰਿਹਾ ਹੈ ?

ਦੁਨੀਆਂ ਭਰ ਵਿੱਚ ਭਾਰਤੀ ਪਰਵਾਸੀਆਂ ਦੀ ਇੱਕ ਵੱਡੀ ਗਿਣਤੀ ਹੈ। ਸੰਯੁਕਤ ਰਾਸ਼ਟਰ ਦੀ 2020 ਦੀ ਰਿਪੋਰਟ ਦੇ ਅਨੁਸਾਰ, ਲਗਭਗ 1.8 ਕਰੋੜ ਵਿਦੇਸ਼ੀ ਭਾਰਤੀ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਰਹਿੰਦੇ ਹਨ।



ਰਿਪੋਰਟ ਮੁਤਾਬਕ ਯੂਏਈ, ਅਮਰੀਕਾ, ਸਾਊਦੀ ਅਰਬ ਵਿੱਚ ਸਭ ਤੋਂ ਵੱਧ ਭਾਰਤੀ ਪਰਵਾਸੀ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ, ਕੈਨੇਡਾ, ਕੁਵੈਤ, ਓਮਾਨ, ਕਤਰ ਅਤੇ ਬਰਤਾਨੀਆ ਵਿੱਚ ਰਹਿ ਰਹੇ ਵਿਦੇਸ਼ੀ ਭਾਰਤੀਆਂ ਦੀ ਗਿਣਤੀ ਵੀ ਕਾਫ਼ੀ ਹੈ। ਕਿਹਾ ਜਾਂਦਾ ਹੈ ਕਿ ਕੈਨੇਡਾ ਦੀ ਕੁੱਲ ਆਬਾਦੀ ਦਾ 7 ਫੀਸਦੀ ਭਾਰਤੀ ਹਨ। ਅਸਲ ਵਿੱਚ, ਕੈਨੇਡਾ ਵਿੱਚ ਨਾਗਰਿਕਤਾ ਪ੍ਰਾਪਤ ਕਰਨਾ ਆਸਾਨ ਹੈ। ਇਸੇ ਲਈ ਭਾਰਤੀ ਉੱਥੇ ਜਾਣਾ ਪਸੰਦ ਕਰਦੇ ਹਨ।

**ਕੈਨੇਡਾ ਕਿਉਂ ਜਾਂਦੇ ਹਨ ਭਾਰਤੀ ?**




ਮਾਹਿਰਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਰੁਜ਼ਗਾਰ ਪ੍ਰਾਪਤ ਕਰਨਾ ਅਤੇ ਨਾਗਰਿਕਤਾ ਪ੍ਰਾਪਤ ਕਰਨਾ ਕਿਸੇ ਵੀ ਹੋਰ ਦੇਸ਼ ਨਾਲੋਂ ਆਸਾਨ ਹੈ। ਕੈਨੇਡਾ ਵਿੱਚ ਰੁਜ਼ਗਾਰ ਦੇ ਆਧਾਰ ’ਤੇ ਗ੍ਰੀਨ ਕਾਰਡ ਜਾਂ ਸਥਾਈ ਨਿਵਾਸ ਸਰਟੀਫਿਕੇਟ ਜਾਰੀ ਕਰਨ ਲਈ ਇੱਕ ਕੋਟਾ ਹੈ। ਇਸ ਤੋਂ ਇਲਾਵਾ ਕੈਨੇਡਾ ਵਿੱਚ ਵਰਕ ਵੀਜ਼ਾ ਅਤੇ ਗ੍ਰੀਨ ਕਾਰਡ ਵੀਜ਼ਾ ਵੀ ਬਹੁਤ ਆਸਾਨ ਹੈ। ਇਸ ਤੋਂ ਇਲਾਵਾ, ਕੈਨੇਡਾ ਹੁਨਰ ਵਾਲੇ ਲੋਕਾਂ ਨੂੰ ਸਥਾਈ ਨਿਵਾਸ ਲਈ ਸਿੱਧੇ ਤੌਰ ’ਤੇ ਅਰਜ਼ੀ ਦੇਣ ਦੀ ਇਜਾਜ਼ਤ ਦਿੰਦਾ ਹੈ। ਜਦੋਂ ਕਿ ਅਮਰੀਕਾ ਵਿੱਚ ਲੋਕਾਂ ਨੂੰ ਵੀਜ਼ੇ ਲਈ ਸਾਲਾਂ-ਬੱਧੀ ਇੰਤਜ਼ਾਰ ਕਰਨਾ ਪੈਂਦਾ ਹੈ। ਕੈਨੇਡਾ ਪਿਛਲੇ ਕੁਝ ਸਾਲਾਂ ਦੌਰਾਨ ਪ੍ਰਵਾਸੀ ਭਾਰਤੀਆਂ ਲਈ ਉੱਥੋਂ ਦੇ ਕਾਮਿਆਂ ਲਈ ਆਕਰਸ਼ਕ ਨਿਯਮਾਂ ਕਾਰਨ ਇੱਕ ਪ੍ਰਮੁੱਖ ਵਿਕਲਪ ਵਜੋਂ ਉੱਭਰਿਆ ਹੈ।



**ਅਮਰੀਕਾ ਜਾਣ ਦੀ ਲਾਲਸਾ**

ਕੈਨੇਡਾ ਵਿੱਚ ਪੱਕੀ ਨਾਗਰਿਕਤਾ ਹਾਸਲ ਕਰਨਾ ਆਸਾਨ ਹੈ ਪਰ ਇਸ ਤੋਂ ਬਾਅਦ ਵੀ ਲੋਕ ਅਮਰੀਕਾ ਜਾਣ ਦੀ ਇੱਛਾ ਨਹੀਂ ਛੱਡ ਰਹੇ। ਦਰਅਸਲ, ਅਮਰੀਕਾ ਵਿੱਚ ਰੁਜ਼ਗਾਰ ਦੇ ਵਧੇਰੇ ਮੌਕੇ, ਬਿਹਤਰ ਤਨਖਾਹ, ਉੱਚ ਜੀਵਨ ਪੱਧਰ ਅਤੇ ਬਿਹਤਰ ਸਿੱਖਿਆ ਪ੍ਰਣਾਲੀ ਪਰਵਾਸੀਆਂ ਨੂੰ ਆਕਰਸ਼ਿਤ ਕਰਦੀ ਹੈ। ਇਸ ਦੇ ਲਈ ਉਹ ਕਿਸੇ ਵੀ ਕੀਮਤ ’ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਕਿਉਂਕਿ ਅਮਰੀਕਾ ਵਿੱਚ ਵੀਜ਼ਾ ਪ੍ਰਾਪਤ ਕਰਨਾ ਬਹੁਤ ਮੁਸ਼ਕਲ ਹੈ, ਪਰਵਾਸੀ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਕਦੇ ਉਨ੍ਹਾਂ ਨੂੰ ਸਫਲਤਾ ਮਿਲਦੀ ਹੈ ਅਤੇ ਕਦੇ ਅਸਫਲਤਾ। ਕਈ ਵਾਰ ਜਾਨਾਂ ਵੀ ਚਲੀਆਂ ਜਾਂਦੀਆਂ ਹਨ।

**ਅਮਰੀਕਾ ਜਾਣ ਦੀ ਜ਼ਿੱਦ ਵਿੱਚ ਕਈ ਭਾਰਤੀਆਂ ਨੇ ਆਪਣੀ ਜਾਨ ਗਵਾਈ**

2022 ਵਿੱਚ, ਅਮਰੀਕਾ ਨਾਲ ਲੱਗਦੀ ਕੈਨੇਡੀਅਨ ਸਰਹੱਦ ’ਤੇ ਠੰਡ ਦੇ ਮੌਸਮ ਕਾਰਨ ਇੱਕ ਭਾਰਤੀ ਪਰਿਵਾਰ ਦੇ 4 ਲੋਕਾਂ ਦੀ ਮੌਤ ਹੋ ਗਈ ਸੀ। ਮ੍ਰਿਤਕਾਂ ਵਿੱਚ ਇੱਕ ਨਬਾਲਗ ਬੱਚਾ ਵੀ ਸ਼ਾਮਲ ਹੈ। ਸਥਾਨਕ ਪੁਲਿਸ ਨੇ ਇਸ ਨੂੰ ਮਨੁੱਖੀ ਤਸਕਰੀ ਦਾ ਮਾਮਲਾ ਦੱਸਿਆ ਹੈ। ਉਸ ਨੇ ਦੱਸਿਆ ਕਿ ਇਹ ਸਾਰੇ ਕੈਨੇਡਾ ਤੋਂ ਅਮਰੀਕਾ ਦੀ ਸਰਹੱਦ ’ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਕੜਾਕੇ ਦੀ ਠੰਡ ਕਾਰਨ ਉਨ੍ਹਾਂ ਦੀ ਜਾਨ ਚਲੀ ਗਈ। 1 ਅਪ੍ਰੈਲ ਨੂੰ ਕੈਨੇਡਾ-ਅਮਰੀਕਾ ਸਰਹੱਦ ’ਤੇ ਸੇਂਟ ਲਾਰੈਂਸ ਨਦੀ ਦੇ ਕੰਢੇ ਤੋਂ ਅੱਠ ਲੋਕ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਮ੍ਰਿਤਕ ਪਾਏ ਗਏ ਸਨ। ਇਨ੍ਹਾਂ ’ਚੋਂ 5 ਭਾਰਤੀ ਹਨ। ਉਨ੍ਹਾਂ ਦੀਆਂ ਲਾਸ਼ਾਂ ਡੁੱਬੀ ਕਿਸ਼ਤੀ ਦੇ ਨੇੜੇ ਮਿਲੀਆਂ। ਦੱਸਿਆ ਜਾ ਰਿਹਾ ਹੈ ਕਿ ਇਹ ਸਾਰੇ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ।

# ਆਸਟ੍ਰੇਲੀਆ ਨਹੀਂ ਜਾਣਗੇ ਅਮਰੀਕੀ ਰਾਸ਼ਟਰਪਤੀ, ਕਵਾਡ ਮੀਟਿੰਗ ਰੱਦ

## ਅਮਰੀਕਾ ਸਰਕਾਰ ਉਪਰ ਕਰਜ਼ੇ ਦਾ ਸੰਕਟ ਮੰਡਰਾਉਣ ਕਾਰਨ ਬਿਡੇਨ ਨੂੰ ਦੌਰਾ ਰੱਦ ਕਰਨਾ ਪਿਆ

ਵਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਅਗਲੇ ਹਫਤੇ ਆਸਟ੍ਰੇਲੀਆ ਵਿੱਚ ਹੋਣ ਵਾਲੀ ਕਵਾਡ ਦੇਸ਼ਾਂ ਦੀ ਬੈਠਕ ਵਿੱਚ ਸ਼ਾਮਲ ਨਹੀਂ ਹੋਣਗੇ। ਉਹਨਾਂ ਨੇ ਕਿਹਾ ਕਿ ਉਹ ਆਸਟ੍ਰੇਲੀਆ ਅਤੇ ਪਾਪੂਆ ਨਿਊ ਗਿਨੀ ਦਾ ਦੌਰਾ ਕੁਝ ਸਮੇਂ ਲਈ ਮੁਲਤਵੀ ਕਰ ਰਹੇ ਹਨ ਅਤੇ ਫਿਲਹਾਲ ਸਿਰਫ ਜਾਪਾਨ ਜਾਣਗੇ। ਸ਼ਡਿਊਲ ਵਿੱਚ ਇਹ ਬਦਲਾਅ ਇਸ ਲਈ ਕੀਤਾ ਗਿਆ ਹੈ ਤਾਂ ਕਿ ਰਾਸ਼ਟਰਪਤੀ ਅਮਰੀਕਾ ਵਿੱਚ ਜਾਰੀ ਕਰਜ਼-ਸੀਮਾ ਤੈਅ ਕਰਨ ਦੀ ਗੱਲਬਾਤ ’ਤੇ ਆਪਣਾ ਧਿਆਨ ਕੇਂਦਰਿਤ ਕਰ ਸਕਣ।






ਇਸ ਤੋਂ ਬਾਅਦ 24 ਮਈ ਨੂੰ ਸਿਡਨੀ ਵਿੱਚ ਹੋਣ ਵਾਲੀ ਕਵਾਡ ਕਾਨਫਰੰਸ ਵੀ ਰੱਦ ਕਰ ਦਿੱਤੀ ਗਈ ਹੈ, ਜਿਸ ਵਿੱਚ ਜੋ ਬਿਡੇਨ, ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਅਤੇ ਜਾਪਾਨ ਦੇ ਪ੍ਰਧਾਨ ਮੰਤਰੀ ਫੂਮੀਓ ਕਿਸ਼ਿਦਾ ਦੇ ਨਾਲ ਸਿਡਨੀ ਦੇ ਓਪੇਰਾ ਵਿਚ ਹੋਣ ਵਾਲੀ ਬੈਠਕ ਵਿਚ ਸ਼ਿਰਕਤ ਕਰਨੀ ਸੀ। ਕਵਾਡ ਦੇਸ਼ਾਂ ਦੀ ਇਸ ਬੈਠਕ ਨੂੰ ਅਮਰੀਕਾ ਦੀ ਭਾਰਤ-ਪ੍ਰਸ਼ਾਂਤ ਖੇਤਰ ’ਤੇ ਵਿਸ਼ੇਸ਼ ਧਿਆਨ ਦੇਣ ਸੰਬੰਧੀ ਵਿਦੇਸ਼ ਨੀਤੀ ਬਾਰੇ ਯੋਜਨਾ ਲਈ ਮਹੱਤਵਪੂਰਨ ਮੰਨਿਆ ਜਾ ਰਿਹਾ ਸੀ। ਇਸ ਦੇ ਨਾਲ ਹੀ ਉਹਨਾਂ ਨੇ ਪਾਪੂਆ ਨਿਊ ਗਿਨੀ ਦਾ ਦੌਰਾ ਵੀ ਕਰਨ ਜਾਣਾ ਸੀ, ਜੋ ਕਿ ਇੱਕ ਇਤਿਹਾਸਕ ਦੌਰਾ ਹੋਣਾ ਸੀ।

**ਡਿਫਾਲਟਰ ਹੋਣ ਤੋਂ ਬਚਣ ਦੀ ਕੋਸ਼ਿਸ਼**

ਬਿਡੇਨ ਹੁਣ ਜਾਪਾਨ ਲਈ ਰਵਾਨਾ ਹੋਣਗੇ ਜਿੱਥੇ ਹੀਰੋਸ਼ੀਮਾ ਵਿੱਚ ਜੀ-7 ਦੇਸ਼ਾਂ ਦੇ ਨੇਤਾਵਾਂ ਦੀ ਕਾਨਫਰੰਸ ਹੋਣੀ ਹੈ। ਬਿਡੇਨ ਐਤਵਾਰ ਨੂੰ ਅਮਰੀਕਾ ਪਰਤ ਆਉਣਗੇ। ਬਿਡੇਨ ਨੇ ਕਿਹਾ, “ਮੈਂ ਆਸਟ੍ਰੇਲੀਆ ਅਤੇ ਪਾਪੂਆ ਨਿਊ ਗਿਨੀ ਨਹੀਂ ਜਾ ਰਿਹਾ ਤਾਂ ਜੋ ਮੈਂ ਕਾਂਗਰਸ ਦੇ ਮੈਂਬਰਾਂ ਨਾਲ ਅੰਤਮ ਗੱਲਬਾਤ ਲਈ ਵਾਪਸ ਆ ਸਕਾਂ। ਰਾਸ਼ਟਰਪਤੀ ਹੋਣ ਦਾ ਅਰਥ ਹੁੰਦਾ ਹੈ ਕਈ ਮਹੱਤਵਪੂਰਨ ਮੁੱਦਿਆਂ ਨੂੰ ਇੱਕੋ ਸਮੇਂ ਸੰਭਾਲਣਾ। ਇਸ ਲਈ ਮੈਨੂੰ ਭਰੋਸਾ ਹੈ ਕਿ ਅਸੀਂ ਡਿਫਾਲਟਰ ਹੋਣ ਤੋਂ ਬਚਣ ਦੀ ਦਿਸ਼ਾ ਵਿਚ ਪ੍ਰਗਤੀ ਜਾਰੀ ਰਖਾਂਗੇ ਤਾਂ ਜੋ ਅਸੀਂ ਵਿਸ਼ਵ ਪੱਧਰ ’ਤੇ ਇੱਕ ਨੇਤਾ ਵਜੋਂ ਅਮਰੀਕਾ ਦੀ ਜ਼ਿੰਮੇਵਾਰੀ ਨੂੰ ਪੂਰਾ ਕਰ ਸਕੀਏ।”

**ਅਮਰੀਕੀ ਰਾਸ਼ਟਰਪਤੀਆਂ ਦੀ ਚੋਣ ਮੁਹਿੰਮ ਦਾ ਬੋਝ ਲੋਕਾਂ ਦੀਆਂ ਜੇਬਾਂ ’ਤੇ**

ਜੇਕਰ ਅਮਰੀਕੀ ਸੰਸਦ ਕਾਂਗਰਸ ਇਸ ਮਹੀਨੇ ਦੇ ਅੰਤ ਤੱਕ ਕਰਜ਼ੇ ਦੀ ਸੀਮਾ ਵਧਾਉਣ ਵਿੱਚ ਅਸਫਲ ਰਹਿੰਦੀ ਹੈ, ਤਾਂ ਅਮਰੀਕੀ ਸਰਕਾਰ ਕੋਲ ਪੈਸਾ ਖਤਮ ਹੋ ਸਕਦਾ ਹੈ। ਇਹ ਬਿਡੇਨ ਸਰਕਾਰ ਦੇ ਸਾਹਮਣੇ ਕਰਜ਼ੇ ਦੀ ਸੀਮਾ ਵਧਾਉਣ ਦੀ ਵੱਡੀ ਚੁਣੌਤੀ ਹੈ। ਜੇਕਰ ਰਿਪਬਲਿਕਨ ਪਾਰਟੀ ਆਪਣੇ ਸਟੈਂਡ ’ਤੇ ਅੜੀ ਰਹੀ ਤਾਂ ਦੇਸ਼ ਦੇ ਸਾਹਮਣੇ ਡਿਫਾਲਟਰ ਬਣਨ ਦਾ ਸੰਕਟ ਹੈ। ਬਿਡੇਨ ਨੇ ਕਿਹਾ ਕਿ ਉਹਨਾਂ ਨੇ ਦੌਰਾ ਟਾਲਣ ਦੇ ਬਾਰੇ ਵਿੱਚ ਸੂਚਿਤ ਕਰਨ ਲਈ ਮੰਗਲਵਾਰ ਨੂੰ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਾਲ ਮੁਲਾਕਾਤ ਕੀਤੀ। ਉਹਨਾਂ ਨੇ ਅਲਬਾਨਜੀ ਨੂੰ ਵੀ ਵ੍ਹਾਈਟ ਹਾਊਸ ਬੁਲਾਇਆ ਹੈ, ਜਿਸ ਦੀਆਂ ਤਰੀਕਾਂ ਅਜੇ ਤੈਅ ਨਹੀਂ ਹੋਈਆਂ ਹਨ। ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਪਾਪੂਆ ਨਿਊ ਗਿਨੀ ਸਰਕਾਰ ਨੂੰ ਵੀ ਸਮਾਂ-ਸਾਰਣੀ ਵਿੱਚ ਬਦਲਾਅ ਦੀ ਜਾਣਕਾਰੀ ਦਿੱਤੀ ਹੈ।

ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਕੈਰਿਨ ਜੀਨ-ਪੀਅਰ ਨੇ ਕਿਹਾ, “ਕਵਾਡ ਵਰਗੇ ਸਾਡੇ ਗੱਠਜੋੜ ਅਤੇ ਸਾਂਝੇਦਾਰੀ ਨੂੰ ਮੁੜ ਸੁਰਜੀਤ ਕਰਨਾ ਰਾਸ਼ਟਰਪਤੀ ਲਈ ਇੱਕ ਪ੍ਰਮੁੱਖ ਤਰਜੀਹ ਹੈ। ਇਹ ਵਿਸ਼ਵਵਿਆਪੀ ਸਥਿਰਤਾ ਅਤੇ ਵਿਕਾਸ ਨੂੰ ਯਕੀਨੀ ਬਣਾਉਣ ਲਈ ਸਾਡੀ ਵਿਦੇਸ਼ ਨੀਤੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ।” ਅਸੀਂ ਆਸਟ੍ਰੇਲੀਆ, ਕਵਾਡ, ਪਾਪੂਆ ਨਿਊ ਗਿਨੀ ਅਤੇ ਪੈਸੀਫਿਕ ਆਈਲੈਂਡਜ਼ ਫੋਰਮ ਨਾਲ ਗੱਲਬਾਤ ਦੇ ਅਲੱਗ ਤਰੀਕੇ ਖੋਜਾਂਗੇ।

**ਕਵਾਡ ਮੀਟਿੰਗ ਵੀ ਰੱਦ**

ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਦੱਸਿਆ ਕਿ ਜਾਪਾਨ ਅਤੇ ਭਾਰਤ ਦੇ ਨੇਤਾਵਾਂ ਨਾਲ ਗੱਲਬਾਤ ਤੋਂ ਬਾਅਦ ਕਵਾਡ ਮੀਟਿੰਗ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚਾਰੇ ਨੇਤਾ ਜਾਪਾਨ ਵਿੱਚ ਜੀ-7 ਸੰਮੇਲਨ ਦੌਰਾਨ ਮੁਲਾਕਾਤ ਕਰ ਸਕਦੇ ਹਨ। ਹਾਲਾਂਕਿ ਉਹਨਾਂ ਨੇ ਇਹ ਵੀ ਕਿਹਾ ਕਿ ਭਾਰਤ ਅਤੇ ਜਾਪਾਨ ਦੇ ਨੇਤਾ ਅਗਲੇ ਹਫਤੇ ਆਸਟ੍ਰੇਲੀਆ ਆ ਸਕਦੇ ਹਨ। (ਬਾਕੀ ਸਫ਼ਾ 30 ’ਤੇ)

# ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਕੀਤੇ 5 ਵੱਡੇ ਉਪਰਾਲੇ

## ➢ ਵਿਆਖਿਆ ਕੇਂਦਰ ਵਿੱਚ ਹਰ ਮਹੀਨੇ ਪਹੁੰਚ ਰਹੇ 2 ਲੱਖ ਤੋਂ ਵਧੇਰੇ ਸ਼ਰਧਾਲੂ ➢ ਇਤਿਹਾਸ ਤੇ ਗੁਰਬਾਣੀ ਦੇ ਉਪਦੇਸ਼ਾਂ ਦੀ ਦਿੱਤੀ ਜਾਂਦੀ ਹੈ ਜਾਣਕਾਰੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਗੁਰੂ ਰਾਮਦਾਸ ਸਰਾਂ ਵਿੱਚੋਂ ਅੰਮ੍ਰਿਤਸਰ ਦੇ ਧਮਾਕਿਆਂ ਦੇ ਮੁਲਜ਼ਮਾਂ ਦੇ ਫੜੇ ਜਾਣ ਤੋਂ ਬਾਅਦ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਨੂੰ ਲੈਕੇ ਵੱਡੇ ਬਦਲਾਅ ਕੀਤੇ ਹਨ। ਸਭ ਤੋਂ ਪਹਿਲਾਂ ਤਾਂ ਸ੍ਰੀ ਦਰਬਾਰ ਸਾਹਿਬ ਦਾਖਲ ਹੋਣ ਵਾਲੇ ਸਾਰੇ ਗੇਟ 'ਤੇ ਔਰਤ ਸੇਵਾਦਾਰਾਂ ਦੀ ਨਿਯੁਕਤੀ ਕੀਤੀ ਗਈ ਹੈ। ਜਿੰਨਾਂ ਵੱਲੋਂ ਬੈਗ ਵਿੱਚ ਰੱਖੇ ਸਮਾਨ ਦੀ ਚੈਕਿੰਗ ਕਰਨ ਤੋਂ ਬਾਅਦ ਹੀ ਸ਼ਰਧਾਲੂ ਬੀਬੀਆਂ ਨੂੰ ਅੰਦਰ ਦਾਖਲ ਹੋਣ ਦਿੱਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਵੱਡੀਆਂ ਵੱਡੀਆਂ ਐਲਈਡੀ ਸਕਰੀਨ ਲਗਾਈਆਂ ਗਈਆਂ ਹਨ ਅਤੇ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਨਾਲ ਜੁੜੀਆਂ ਜਾਣਕਾਰੀਆਂ ਲਿਖੀਆਂ ਗਈਆਂ ਹਨ। ਇਹ ਜਾਣਕਾਰੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਤਿੰਨੋਂ ਭਾਸ਼ਾਵਾਂ ਵਿੱਚ ਹਨ। ਪਿਛਲੇ ਦਿਨੀਂ ਹੋਏ ਸਕਰਟ ਵਿਵਾਦ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ। ਇਸ ਮਾਮਲੇ ਵਿੱਚ ਸੇਵਾਦਾਰ ਵੱਲੋਂ ਇੱਕ ਕੁੜੀ ਨੂੰ ਮਰਿਆਦਾ ਮੁਤਾਬਕ ਸਕਰਟ ਪਾਉਣ ਦੀ ਵਜ੍ਹਾ ਕਰਕੇ ਰੋਕਿਆ ਗਿਆ ਸੀ ਉਸ ਤੋਂ ਬਾਅਦ ਕਾਫ਼ੀ ਵਿਵਾਦ ਹੋਇਆ ਸੀ। ਜਿਸ ਤਰ੍ਹਾਂ ਨਾਲ ਪਟਿਆਲਾ ਦੇ ਦੂਖ ਨਿਵਾਰਨ ਸਾਹਿਬ ਇੱਕ ਔਰਤ ਵੱਲੋਂ ਸਰੋਵਰ ਦੇ ਆਲੇ-ਦੁਆਲੇ ਬੈਠ ਕੇ ਸ਼ਰਾਬ ਪੀਣ ਦੀ ਘਟਨਾ ਸਾਹਮਣੇ ਆਈ ਹੈ, ਹਰ ਗੁਰਦੁਆਰੇ ਸਾਹਿਬ ਨੂੰ ਤਕਨੀਕੀ ਅਤੇ ਮਨੁੱਖੀ ਪੱਧਰ 'ਤੇ ਚੌਕਸ ਬਣਾਉਣ ਦੀ ਜ਼ਰੂਰਤ ਹੈ।



**ਐਲਈਡੀ ਦੇ ਜ਼ਰੀਏ ਇਤਿਹਾਸ ਵੀ ਦੱਸਿਆ ਜਾਵੇਗਾ**

ਇਸ ਤੋਂ ਇਲਾਵਾ ਐਲਈਡੀ ਸਕਰੀਨ ਨੂੰ ਲਗਾਉਣ ਦਾ ਇੱਕ ਹੋਰ ਮਕਸਦ ਹੈ। ਇਸ ਦੇ ਜ਼ਰੀਏ ਸ੍ਰੀ ਅਕਾਲ ਤਖਤ ਸਾਹਿਬ, ਮੀਰੀ ਪੀਰੀ ਦੇ ਨਿਸ਼ਾਨ, ਦੁੱਖ ਭੰਜਨੀ ਬੇਰੀ, ਬੇਰ ਬਾਬਾ ਬੁੱਢਾ ਸਾਹਿਬ, ਲਾਚੀ ਬੇਰ ਸਾਹਿਬ ਦੇ ਇਤਿਹਾਸ ਬਾਰੇ ਵੀ ਅਹਿਮ ਜਾਣਕਾਰੀ ਸੰਗਤਾਂ ਦੇ ਨਾਲ ਸਾਂਝੀ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਉਹ ਦਰਬਾਰ ਸਾਹਿਬ ਦੇ ਅੰਦਰ ਦਾਖਲ ਹੋਣ ਵਾਲੇ ਸਾਰੇ ਰਸਤਿਆਂ ਵਿੱਚ ਸਕੈਨਰ ਲਗਾਉਣ ਜਾ ਰਹੇ ਹਨ। ਇਸ ਤੋਂ ਇਲਾਵਾ ਸੀਸੀਟੀਵੀ ਕੈਮਰਿਆਂ ਦੀ ਗਿਣਤੀ ਵੀ ਵਧਾਈ ਜਾਵੇਗੀ। ਇਸ ਤੋਂ ਪਹਿਲਾਂ ਜਦੋਂ ਬੀਤੇ ਵੀਰਵਾਰ ਨੂੰ 11 ਮਈ ਨੂੰ ਸਰਾਂ ਤੋਂ ਧਮਾਕੇ ਦੇ ਮੁਲਜ਼ਮਾਂ ਦੀ ਗ੍ਰਿਫਤਾਰੀ ਹੋਈ ਸੀ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਗਲਿਆਰੇ ਵਿੱਚ ਵੀ ਉਹ ਹੁਣ ਆਪਣੇ ਕੈਮਰੇ ਲਗਾਉਣਗੇ ਤਾਂਕਿ ਸ਼ਰਾਰਤੀ ਅਨਸਰਾਂ 'ਤੇ ਨਜ਼ਰ ਰੱਖੀ ਜਾਵੇ। ਗਲਿਆਰੇ ਦੇ ਆਲੇ-ਦੁਆਲੇ ਕਮੇਟੀ ਅਧੀਨ ਆਉਂਦੀਆਂ ਕਈ ਸਰਾਂ ਹਨ, ਜਿੰਨਾਂ ਵਿੱਚ ਸ਼ਰਧਾਲੂ ਰੁਕਦੇ ਹਨ।

**ਸੀਸੀਟੀਵੀ ਦੇ ਅਲਰਟ ਹੋਣ ਦੀ ਵਜ੍ਹਾ ਕਰਕੇ ਮੁਲਜ਼ਮ ਫੜੇ ਗਏ**

ਸ਼੍ਰੋਮਣੀ ਕਮੇਟੀ ਦੀ ਟੀਮ ਦੇ ਅਲਰਟ ਹੋਣ ਦੀ ਵਜ੍ਹਾ ਕਰਕੇ ਸਰਾਂ ਵਿੱਚ ਲੁਕੇ ਬੰਬ ਧਮਾਕਿਆਂ ਦੇ ਮੁਲਜ਼ਮਾਂ ਨੂੰ ਫੜਨ ਵਿੱਚ ਕਾਮਯਾਬੀ ਮਿਲੀ ਸੀ। ਸ੍ਰੀ ਦਰਬਾਰ ਸਾਹਿਬ ਦੇ ਮੇਨ ਗੇਟ 'ਤੇ ਪੁਲਿਸ ਤਾਇਨਾਤ ਤਾਂ ਹੁੰਦੀ ਹੈ ਪਰ ਉਨ੍ਹਾਂ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਹੁੰਦੀ ਹੈ। ਇਸੇ ਲਈ ਸ਼੍ਰੋਮਣੀ ਕਮੇਟੀ ਨੇ ਆਪ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਵਧਾਉਣ ਦਾ ਫੈਸਲਾ ਲਿਆ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਉਹ ਸੇਵਾਦਾਰਾਂ ਦੇ ਨਾਲ ਸਹਿਯੋਗ ਕਰਨ ਤਾਂਕਿ ਨਾਪਾਕ ਇਰਾਦਿਆਂ ਨੂੰ ਕਾਮਯਾਬ ਨਾ ਹੋਣ ਦਿੱਤਾ ਜਾ ਸਕੇ। 2 ਸਾਲ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿੱਚ ਬੇਅਦਬੀ ਦੀ ਵੱਡੀ ਘਟਨਾ ਹੋਈ ਸੀ, ਇੱਕ ਸ਼ਖ਼ਸ ਨੇ ਰਹਿਰਾਸ ਦੇ ਪਾਠ ਦੌਰਾਨ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਸੇਵਾਦਾਰਾਂ ਨੇ ਉਸ ਨੂੰ ਫੜ ਲਿਆ ਸੀ ਅਤੇ ਬਾਅਦ ਵਿੱਚੋਂ ਸੰਗਤਾਂ ਵੱਲੋਂ ਕੁੱਟ-ਕੁੱਟ ਕੇ ਉਸ ਨੂੰ ਮਾਰ ਦਿੱਤਾ ਗਿਆ ਸੀ।

**ਇਤਿਹਾਸ ਬਾਰੇ ਜਾਣਕਾਰੀ**

ਦਰਬਾਰ ਸਾਹਿਬ ਸਾਹਮਣੇ ਪੁਰਾਣੇ ਘੰਟਾ ਘਰ ਚੌਕ ਦੀ ਜਗ੍ਹਾ 8350 ਵਰਗ ਮੀਟਰ ਵਿੱਚ ਲਗਪਗ 130 ਕਰੋੜ ਰੁਪਏ ਦੀ ਲਾਗਤ ਨਾਲ ਉਸਾਰੇ ਗੋਲਡਨ ਟੈਂਪਲ ਪਲਾਜ਼ਾ (ਗੋਲਡਨ ਟੈਂਪਲ ਵਿਆਖਿਆ ਕੇਂਦਰ) ਵਿਖੇ ਦੇਸ਼-ਵਿਦੇਸ਼ ਤੋਂ ਹਰ ਮਹੀਨੇ 2 ਲੱਖ ਤੋਂ ਵਧੇਰੇ ਯਾਤਰੂ ਪਹੁੰਚ ਰਹੇ ਹਨ। ਅੰਮ੍ਰਿਤਸਰ ਸਥਿਤ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਵਾਲੇ ਯਾਤਰੂਆਂ ਦੀ ਖਿੱਚ ਦਾ ਕੇਂਦਰ ਬਣ ਚੁੱਕੇ ਇਸ ਵਿਆਖਿਆ ਕੇਂਦਰ ਵਿੱਚ ਸਿੱਖ ਇਤਿਹਾਸ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਬਾਰੇ ਜਾਣਕਾਰੀ ਭਰਪੂਰ ਦਸਤਾਵੇਜ਼ੀ ਡਿਜ਼ੀਟਲ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ । ਉਕਤ ਮਲਟੀਮੀਡੀਆ ਪਲਾਜ਼ਾ ਦੀ ਦੇਖ-ਰੇਖ ਪੰਜਾਬ ਸੈਰ ਸਪਾਟਾ ਵਿਭਾਗ ਦੇ ਅੰਮ੍ਰਿਤਸਰ ਕਲਚਰਲ ਟੂਰਿਜ਼ਮ ਡਿਪਾਰਟਮੈਂਟ ਅਥਾਰਿਟੀ (ਏ. ਸੀ. ਟੀ. ਡੀ. ਏ.) ਵਿਭਾਗ ਦੁਆਰਾ ਕੀਤੀ ਜਾ ਰਹੀ ਹੈ, ਜੋ ਕਿ ਉਕਤ ਵਿਆਖਿਆ ਕੇਂਦਰ ਦੇ ਨਾਲ-ਨਾਲ ਵਿਰਾਸਤੀ ਮਾਰਗ ਦੀ ਵੀ ਸਹਿਜ ਸੰਭਾਲ ਕਰ ਰਿਹਾ ਹੈ ।ਅੰਮ੍ਰਿਤਸਰ ਕਲਚਰਲ ਟੂਰਿਜ਼ਮ ਐਂਡ ਡਿਵੈਲਪਮੈਂਟ ਅਥਾਰਿਟੀ ਦੇ ਅਧਿਕਾਰੀ ਸੁਖਮਨਦੀਪ ਸਿੰਘ ਨੇ ਦੱਸਿਆ ਕਿ ਮਲਟੀਮੀਡੀਆ ਪਲਾਜ਼ਾ ਵਿੱਚ ਉਸਾਰੀਆਂ 4 ਗੈਲਰੀਆਂ ਵਿੱਚ ਵੱਖ-ਵੱਖ ਤਕਨੀਕਾਂ ਰਾਹੀਂ ਬਹੁਤ ਹੀ ਸਰਲ ਭਾਸ਼ਾ ਦਾ ਪ੍ਰਯੋਗ ਕਰਦਿਆਂ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ, ਰੋਜ਼ਾਨਾ ਹੋਣ ਵਾਲੀਆਂ ਸਰਗਰਮੀਆਂ ਅਤੇ ਗੁਰਬਾਣੀ ਦੇ ਉਪਦੇਸ਼ਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ । ਉਨ੍ਹਾਂ ਦੱਸਿਆ ਕਿ ਇੱਥੇ ਪੰਜਾਬੀ ਤੋਂ ਇਲਾਵਾ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ 'ਚ ਵੀ ਅਨੁਵਾਦ ਕਰਕੇ ਇਤਿਹਾਸ ਬਾਰੇ ਕੀਤੀ ਜਾਂਦੀ ਵਿਆਖਿਆ ਦੀ ਸਹੂਲਤ ਬਿਲਕੁਲ ਮੁਫ਼ਤ ਉਪਲਬਧ ਕਰਵਾਈ ਜਾ ਰਹੀ ਹੈ ।ਸੁਖਮਨਦੀਪ ਸਿੰਘ ਨੇ ਦੱਸਿਆ ਕਿ ਉਕਤ 4 ਗੈਲਰੀਆਂ 'ਚੋਂ ਪਹਿਲੀ ਗੈਲਰੀ ਦਾ ਨਾਂਅ 'ਜੋਤ ਮੈ ਜੋਤ' ਰੱਖਿਆ ਗਿਆ ਹੈ ।ਇਸ ਵਿੱਚ 10 ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਦੇ ਉਪਦੇਸ਼ਾਂ ਸਮੇਤ ਧਰਮ ਹਿਤ ਕੀਤੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ । ਦੂਜੀ ਗੈਲਰੀ ਦਾ ਨਾਂਅ 'ਹਿਸਟਰੀ ਆਫ਼ ਗੋਲਡਨ ਟੈਂਪਲ' ਹੈ ਅਤੇ ਇਸ ਵਿੱਚ ਇੱਕ ਬੇਰੀ ਦੀ ਜ਼ੁਬਾਨੀ 270 ਡਿਗਰੀ ਦੀ ਪ੍ਰਾਜੈਕਸ਼ਨ ਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ ਬਾਰੇ ਦੱਸਿਆ ਜਾ ਰਿਹਾ ਹੈ ।ਤੀਜੀ ਗੈਲਰੀ ਦਾ ਨਾਂਅ 'ਏ ਡੇਅ ਆਫ਼ ਗੋਲਡਨ ਟੈਂਪਲ' ਹੈ ਅਤੇ ਇਸ ਵਿੱਚ ਸ੍ਰੀ ਦਰਬਾਰ ਸਾਹਿਬ ਦੀਆਂ ਰੋਜ਼ਾਨਾ ਅਤੇ ਸਾਲਾਨਾ ਹੋਣ ਵਾਲੀਆਂ ਸਰਗਰਮੀਆਂ ਨੂੰ ਦਰਸਾਇਆ ਜਾਂਦਾ ਹੈ। ਇਸੇ ਤਰ੍ਹਾਂ ਚੌਥੀ ਤੇ ਆਖ਼ਰੀ ਗੈਲਰੀ ਦਾ ਨਾਂਅ ਸਬਮਿਟਿੰਗ ਗੈਲਰੀ ਹੈ, ਜਿਸ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੀ ਮਾਨਵਤਾ ਨੂੰ ਦਿੱਤੇ ਉਪਦੇਸ਼ਾਂ ਸਮੇਤ ਪੰਜ ਕਕਾਰਾਂ ਦੀ ਮਹਾਨਤਾ ਅਤੇ ਵਿਸ਼ੇਸ਼ਤਾ ਤੋਂ ਜਾਣੂ ਕਰਵਾਇਆ ਜਾਂਦਾ ਹੈ। ਇਹ ਸਭ ਸ਼ੋਅ 12-12 ਮਿੰਟ ਦੇ ਹਨ।ਉਨ੍ਹਾਂ ਨੇ ਦੱਸਿਆ ਕਿ ਸੋਮਵਾਰ ਤੋਂ ਇਲਾਵਾ ਹਫ਼ਤੇ ਦੇ ਬਾਕੀ ਦਿਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ੍ਹੇ ਰਹਿਣ ਵਾਲੇ ਉਕਤ ਵਿਆਖਿਆ ਕੇਂਦਰ ਦੀ ਹਰ ਇਕ ਗੈਲਰੀ ਵਿੱਚ ਲਗਪਗ 310 ਲੋਕਾਂ ਦੇ ਬੈਠਣ ਦੀ ਸਮਰੱਥਾ ਹੈ ਅਤੇ ਇਕੋ ਵੇਲੇ ਚਾਰੇ ਗੈਲਰੀਆਂ ਵਿੱਚ 1200 ਤੋਂ ਵਧੇਰੇ ਦਰਸ਼ਕ ਬੈਠ ਸਕਦੇ ਹਨ ।ਉਕਤ ਸ਼ੋਅ ਦਿਨ ਵਿੱਚ 22 ਵਾਰ ਵਿਖਾਏ ਜਾਂਦੇ ਹਨ ।

# ਪੰਥਕ ਜਥੇਬੰਦੀਆਂ ਵੱਲੋਂ ਭਾਈ ਪਰਮਜੀਤ ਸਿੰਘ ਪੰਜਵੜ ਕੌਮੀ ਸ਼ਹੀਦ ਕਰਾਰ

## ➢ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੋਇਆ ਅਰਦਾਸ ਸਮਾਗਮ ➢ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਪੰਜਵੜ ਪਰਿਵਾਰ ਨੂੰ ਸਿਰੋਪਾ ਦਿੱਤਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਖ਼ਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਦਲ ਖ਼ਾਲਸਾ ਅਤੇ ਹੋਰ ਸਿੱਖ ਜਥੇਬੰਦੀਆਂ ਅਤੇ ਸ਼ਖਸੀਅਤਾਂ ਵੱਲੋਂ ਦਰਬਾਰ ਸਾਹਿਬ ਸਮੂਹ ਵਿਖੇ ਸਥਿਤ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਨਾਲ ਸੰਬੰਧਿਤ ਸਥਾਨ ਉੱਤੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ ਨੇ ਭਾਈ ਪਰਮਜੀਤ ਸਿੰਘ ਪੰਜਵੜ ਦੇ ਪਰਿਵਾਰਿਕ ਮੈਂਬਰਾਂ ਜਿਨ੍ਹਾਂ ਵਿੱਚ ਦੋ ਭਰਾ, ਤਿੰਨ ਭਾਬੀਆਂ ਅਤੇ ਇਕ ਭਤੀਜਾ ਸ਼ਾਮਿਲ ਸਮ, ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ।





ਦਲ ਖਾਲਸਾ ਵੱਲੋਂ ਆਯੋਜਿਤ ਅਰਦਾਸ ਸਮਾਗਮ ਵਿੱਚ ਸ਼ਾਮਿਲ ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ, ਬੁਲਾਰਾ ਪਰਮਜੀਤ ਸਿੰਘ ਮੰਡ, ਸ਼੍ਰੋਮਣੀ ਕਮੇਟੀ ਮੈਂਬਰ ਭਗਵੰਤ ਸਿੰਘ ਸਿਆਲਕਾ ਅਤੇ ਪੰਥ ਸੇਵਕ ਭਾਈ ਦਲਜੀਤ ਸਿੰਘ ਬਿੱਟੂ ਨੇ ਕਿਹਾ ਕਿ ਭਾਈ ਪਰਮਜੀਤ ਸਿੰਘ ਪੰਜਵੜ ਸਿੱਖ ਸੰਘਰਸ਼ ਦੇ ਉੱਘੇ ਜੁਝਾਰੂ ਯੋਧੇ ਸਨ ਜਿਨ੍ਹਾਂ ਨੂੰ ਪੰਥ ਦੇ ਦੁਸ਼ਮਣਾਂ ਨੇ ਉਹਨਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਹੈ। ਇਸ ਨਾਮਵਰ ਜੁਝਾਰੂ ਦਾ ਸਰਹੱਦ ਪਾਰ ਹੋਏ ਕਤਲ ਲਈ ਹੱਥ ਭਾਵੇਂ ਕਿਸੇ ਦੇ ਵੀ ਹੋਣ ਪਰ ਪਿੱਛੇ ਦਿਮਾਗ ਦਿੱਲੀ ਦੀਆਂ ਏਜੰਸੀਆਂ ਦਾ ਹੈ।

ਜ਼ਿਕਰਯੋਗ ਹੈ ਕਿ ਭਾਈ ਪੰਜਵੜ ਦੇ ਮਾਤਾ ਜੀ ਨੂੰ ਪੁਲਿਸ ਨੇ ਜਬਰੀ ਲਾਪਤਾ ਕਰ ਦਿੱਤਾ ਸੀ ਅਤੇ ਇਕ ਭਰਾਤਾ ਨੂੰ ਪੁਲਿਸ ਨੇ ਫਰਜ਼ੀ ਮੁਕਾਬਲੇ ਵਿੱਚ ਸ਼ਹੀਦ ਕਰ ਦਿੱਤਾ ਸੀ ਅਤੇ ਪੂਰਾ ਪਰਿਵਾਰ ਭਾਰੀ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਇਆ ਸੀ।

ਪਿੱਛਲੇ ਦਿਨੀਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਬੰਬ ਧਮਾਕੇ ਦੇ ਦੋਸ਼ ਹੇਠ ਫੜੇ ਗਏ ਨੌਜਵਾਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਬਣੇ ਹਾਲਾਤਾਂ ਉੱਤੇ ਦਲ ਖਾਲਸਾ ਆਗੂਆਂ ਭਾਈ ਚੀਮਾ, ਕੰਵਰਪਾਲ ਸਿੰਘ ਅਤੇ ਪਰਮਜੀਤ ਮੰਡ ਨੇ ਕਿਹਾ ਕਿ ਇਹ ਨੌਜਵਾਨ ਤਾਂ ਮੋਹਰੇ ਹਨ, ਅਸਲ ਜਾਲ ( ਬਿਸਾਤ) ਤਾਂ ਦਿੱਲੀ ਦਾ ਵਿਛਾਇਆ ਹੋਇਆ ਹੈ। ਉਹਨਾਂ ਕਿਹਾ ਕਿ ਪਿੱਛਲੇ ਕੁਝ ਮਹੀਨਿਆਂ ਤੋਂ ਪੰਜਾਬ ਅੰਦਰ ਉਥਲ ਪੁਥਲ ਕਰਨ ਲਈ ਕੇਂਦਰੀ ਏਜੰਸੀਆਂ ਦੇ ਨਿਸ਼ਾਨੇ ਉੱਤੇ ਸਿੱਖ ਸੰਸਥਾਵਾਂ ਅਤੇ ਧਾਰਮਿਕ ਅਸਥਾਨ ਹਨ। ਉਹਨਾਂ ਕਿਹਾ ਕਿ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਸਾਰੇ ਸਿੱਖ ਆਗੂ ਇਹ ਤਾਂ ਕਹਿੰਦੇ ਹਨ ਕਿ ਸਿੱਖ ਕੌਮ ਖ਼ਿਲਾਫ਼ ਡੂੰਘੀ ਸਾਜ਼ਿਸ਼ ਰਚੀ ਜਾ ਰਹੀ ਹੈ ਪਰ ਕੋਈ ਵੀ ਇਹ ਦੱਸਣ ਦਾ ਹੀਆ ਨਹੀਂ ਕਰ ਰਿਹਾ ਕਿ ਇਹ ਸਾਜ਼ਿਸ਼ ਰਚ ਕੌਣ ਰਿਹਾ ਹੈ । ਉਹਨਾਂ ਕਿਹਾ ਕਿ ਜਦ ਤੱਕ ਦੁਸ਼ਮਣ ਦੀ ਨਿਸ਼ਾਨਦੇਹੀ ਕਰਕੇ ਉਸ ਨੂੰ ਬੇਪਰਦਾ ਨਹੀਂ ਕਰਦੇ, ਉਦੋਂ ਤੱਕ ਇਹ ਹਮਲੇ ਬੰਦ ਨਹੀਂ ਹੋਣੇ। ਉਹਨਾਂ ਕਿਹਾ ਕਿ ਸਾਰੀਆਂ ਖਾਲਿਸਤਾਨੀ ਧਿਰਾਂ ਸਪਸ਼ਟ ਹਨ ਕਿ ਪੰਥ ਅਤੇ ਪੰਜਾਬ ਖ਼ਿਲਾਫ਼ ਇਹ ਸਾਜ਼ਿਸ਼ਾਂ ਭਾਰਤ ਸਟੇਟ ਰਚ ਰਹੀ ਹੈ ਅਤੇ ਜਾਣੇ-ਅਣਜਾਣੇ ਵਿੱਚ ਕੁਝ ਸਿੱਖ ਉਸ ਖੇਡ ਦੇ ਮੋਹਰੇ ਬਣ ਰਹੇ ਹਨ।

ਉਹਨਾਂ ਫੜੇ ਗਏ ਨੌਜਵਾਨਾਂ ਬਾਰੇ ਪੰਜਾਬ ਪੁਲਿਸ ਦੇ ਡੀ ਜੀ ਪੀ ਗੌਰਵ ਯਾਦਵ ਦੇ ਤਰਕ ਕਿ ਇਹ ਨੌਜਵਾਨ ਸਿੱਖਾਂ ਖ਼ਿਲਾਫ਼ ਬਣੇ ਹਾਲਾਤਾਂ ਤੋਂ ਚਿੰਤਤ ਸਨ ਅਤੇ ਗਰਮ ਖ਼ਿਆਲੀ ਸੋਚ ਦੇ ਧਾਰਨੀ ਸਨ ਨੂੰ ਕੱਟਦਿਆਂ ਕਿਹਾ ਕਿ ਡੀਜੀਪੀ ਦਾ ਤਰਕ ਅਤੇ ਉਹਨਾਂ ਨੌਜਵਾਨਾਂ ਵਲੋਂ ਕੀਤੀਆਂ ਹਰਕਤਾਂ ਆਪਾ-ਵਿਰੋਧੀ ਹਨ।

ਉਹਨਾਂ ਟਿੱਪਣੀ ਕਰਦਿਆਂ ਪੁੱਛਿਆ ਕਿ ਕੀ ਅਜਿਹੇ ਅਖੌਤੀ ਚਿੰਤਕਾਂ ਨੇ ਦਰਬਾਰ ਸਾਹਿਬ ਨੂੰ ਹੀ ਨਿਸ਼ਾਨਾ ਬਣਾਉਣਾ ਸੀ। ਉਹਨਾਂ ਕਿਹਾ ਕਿ ਅਸਲ ਵਿੱਚ ਇਹ ਨੌਜਵਾਨ ਨਸ਼ੇੜੀ ਹਨ ਅਤੇ ਉਹਨਾਂ ਨੂੰ ਸਿੱਖ ਵਿਰੋਧੀ ਤਾਕਤਾਂ ਵੱਲੋਂ ਵਰਤਿਆ ਜਾ ਰਿਹਾ ਹੈ ਤੇ ਉਹ ਕਿਸੇ ਅਣਦਿੱਸੀ ਤਾਕਤ ਦੇ ਮੋਹਰੇ ਤੇ ਹੱਥਠੋਕੇ ਬਣ ਕੇ ਕੰਮ ਕਰ ਰਹੇ ਹਨ।

ਸਿੱਖਾਂ ਦੇ ਕੇਂਦਰੀ ਅਸਥਾਨ ਨੂੰ ਨਿਸ਼ਾਨਾ ਬਣਾਉਣਾ ਗੁਨਾਹ ਕਰਨ ਤੋਂ ਘੱਟ ਨਹੀਂ ਹੈ। ਉਹਨਾਂ ਪੰਜਾਬ ਪੁਲਿਸ ਨੂੰ ਸੰਬੋਧਨ ਹੁੰਦਿਆਂ ਕਿਹਾ ਉਹ ਪੰਜਾਬ-ਹਿਤੈਸ਼ੀ ਬਣਨ ਨਾ ਕਿ ਰਾਸ਼ਟਰਵਾਦੀ। ਉਹਨਾਂ ਕਿਹਾ ਕਿ ਪੰਜਾਬ ਪੁਲਿਸ ਇਹ ਵੀ ਪੜਤਾਲ ਕਰੇ ਕਿ ਇਹੋ ਜਿਹੇ ਸ਼ੱਕੀ ਕਿਰਦਾਰ ਦੇ ਬੰਦਿਆ ਦੇ ਪਿੱਛੇ ਦਿੱਲੀ ਦੀ ਕਿਸੇ ਏਜੰਸੀ ਦਾ ਹੱਥ ਤਾਂ ਨਹੀਂ ?

ਉਹਨਾਂ ਇਸ ਮੌਕੇ ਜਥੇਦਾਰ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਕਿ ਉਹ ਦਿੱਲੀ ਤਖਤ ਦੇ ਅਧੀਨ ਕੰਮ ਕਰ ਰਹੀਆਂ ਏਜੰਸੀਆਂ ਨੂੰ ਕਹਿਣ ਅਤੇ ਆਸ ਰੱਖਣ ਦੀ ਬਜਾਏ ਜਾਂਚ ਦੇ ਖੇਤਰ ਵਿੱਚ ਸੇਵਾਵਾਂ ਨਿਭਾ ਚੁੱਕੇ ਸਾਬਕਾ ਉੱਚ ਪੱਧਰ ਦੇ ਤਜਰਬੇਕਾਰ ਸਿੱਖਾਂ ਦੀ ਇੱਕ ਕਮੇਟੀ ਬਣਾਉਣ ਅਤੇ ਇਹੋ ਜਿਹੇ ਗੁੰਝਲਦਾਰ ਮਸਲਿਆਂ ਦੀ ਜਾਂਚ ਅਕਾਲ ਤਖਤ ਆਪਣੀ ਨਿਗਰਾਨੀ ਹੇਠ ਕਰਵਾਏ।

ਬਾਪੂ ਗੁਰਚਰਨ ਸਿੰਘ ਨੇ ਤਿਹਾੜ ਜੇਲ ਵਿੱਚ ਨਜ਼ਰਬੰਦ ਭਾਈ ਜਗਤਾਰ ਸਿੰਘ ਹਵਾਰਾ ਦਾ ਸੰਦੇਸ਼ ਵੀ ਪੜ੍ਹ ਕੇ ਸੁਣਾਇਆ ਜਿਸ ਵਿੱਚ ਉਹਨਾਂ ਭਾਈ ਪੰਜਵੜ ਦੀ ਕੁਰਬਾਨੀ ਅਤੇ ਸੰਘਰਸ਼ ਵਿੱਚ ਪਾਏ ਯੋਗਦਾਨ ਦੀ ਸਿਫ਼ਤ ਸਲਾਹ ਕੀਤੀ ਸੀ। ਸਮਾਗਮ ਉਪਰੰਤ ਨੌਜਵਾਨਾਂ ਨੇ ਭਾਈ ਪਰਮਜੀਤ ਸਿੰਘ ਪੰਜਵੜ ਅਮਰ ਰਹੇ ਦੇ ਨਾਹਰੇ ਵੀ ਲਗਾਏ।

ਇਸ ਮੌਕੇ ਅਖੰਡ ਕੀਰਤਨੀ ਜਥਾ ਦੇ ਮੁਖੀ ਭਾਈ ਬਖ਼ਸ਼ੀਸ਼ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਹਰਜਾਪ ਸਿੰਘ ਸੁਲਤਾਨਵਿੰਡ, ਦਲ ਖਾਲਸਾ ਦੇ ਬਾਬਾ ਹਰਦੀਪ ਸਿੰਘ ਮਹਿਰਾਜ, ਜਸਵੀਰ ਸਿੰਘ ਖੰਡੂਰ, ਪਰਮਜੀਤ ਸਿੰਘ ਟਾਂਡਾ, ਸਰਬਜੀਤ ਸਿੰਘ ਘੁਮਾਣ, ਨਰਾਇਣ ਸਿੰਘ, ਮਾਨ ਦਲ ਦੇ ਹਰਬੀਰ ਸਿੰਘ ਸੰਧੂ, ਬਲਵੰਤ ਸਿੰਘ ਗੋਪਾਲਾ, ਹਵਾਰਾ ਕਮੇਟੀ ਦੇ ਪ੍ਰੋ. ਬਲਜਿੰਦਰ ਸਿੰਘ, ਮਹਾਂਬੀਰ ਸਿੰਘ, ਭਾਈ ਲਾਲ ਸਿੰਘ, ਭਾਈ ਰਾਜਿੰਦਰ ਸਿੰਘ ਮੁਗਲਵਾਲ, ਬਾਬਾ ਬਖ਼ਸ਼ੀਸ਼ ਸਿੰਘ, ਪਰਮਜੀਤ ਸਿੰਘ ਗਾਜੀ, ਰਣਜੀਤ ਸਿੰਘ ਦਮਦਮੀ ਟਕਸਾਲ ਆਦਿ ਹਾਜ਼ਰ ਸਨ।

## ਅਜੀਬੋ ਗ਼ਰੀਬ ਦੁਨੀਆਂ

# ਦੁਨੀਆਂ ਦੇ 8 ਹੈਰਾਨੀਜਨਕ ਕਾਨੂੰਨ




ਦੁਨੀਆਂ ਵਿੱਚ ਬਹੁਤ ਸਾਰੇ ਦੇਸ਼ ਹਨ ਅਤੇ ਹਰ ਦੇਸ਼ ਦੇ ਆਪਣੇ ਕਾਨੂੰਨ ਹਨ। ਕਿਸੇ ਵੀ ਦੇਸ਼ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਈ ਤਰ੍ਹਾਂ ਦੇ ਕਾਨੂੰਨ ਬਣਾਏ ਜਾਂਦੇ ਹਨ ਅਤੇ ਉਸ ਦੇਸ਼ ਦੇ ਨਾਗਰਿਕ ਲਈ ਇਨ੍ਹਾਂ ਕਾਨੂੰਨਾਂ ਦੀ ਪਾਲਣਾ ਕਰਨੀ ਜ਼ਰੂਰੀ ਹੁੰਦੀ ਹੈ। ਕਾਨੂੰਨ ਦੀ ਉਲੰਘਣਾ ਕਰਨ ’ਤੇ ਸਜ਼ਾ ਦੀ ਵਿਵਸਥਾ ਹੈ। ਪਰ ਕਈ ਦੇਸ਼ਾਂ ’ਚ ਕੁਝ ਅਜਿਹੇ ਅਜੀਬੋ-ਗਰੀਬ ਕਾਨੂੰਨ ਹਨ, ਜਿਨ੍ਹਾਂ ਬਾਰੇ ਜਾਣ ਕੇ ਤੁਹਾਨੂੰ ਇਕ ਵਾਰ ਯਕੀਨ ਨਹੀਂ ਹੋਵੇਗਾ, ਪਰ ਇਹ ਸੱਚ ਹੈ। ਅੱਜ ਅਸੀਂ ਤੁਹਾਨੂੰ ਦੁਨੀਆ ਦੇ 8 ਅਜਿਹੇ ਹੀ ਅਜੀਬੋ-ਗਰੀਬ ਕਾਨੂੰਨਾਂ ਬਾਰੇ ਦੱਸ ਰਹੇ ਹਾਂ, ਜਿਨ੍ਹਾਂ ਬਾਰੇ ਜਾਣ ਕੇ ਤੁਸੀਂ ਕਹੋਗੇ ਕਿ ਹੱਦ ਹੁੰਦੀ ਹੈ, ਅਜਿਹਾ ਕਿਵੇਂ ਹੋ ਸਕਦਾ ਹੈ। ਤਾਂ ਆਓ ਜਾਣਦੇ ਹਾਂ ਉਨ੍ਹਾਂ ਅਜੀਬ ਕਾਨੂੰਨਾਂ ਬਾਰੇ।

**1. ਜਾਪਾਨ ਵਿੱਚ ਵਿਕਸ ਦੀ ਵਰਤੋਂ ’ਤੇ ਪਾਬੰਦੀ**

ਐਲਰਜੀ ਜਾਂ ਸਾਈਨਸ ਦੀਆਂ ਦਵਾਈਆਂ ਜਿਨ੍ਹਾਂ ਵਿੱਚ ਸੂਡੋਫੈਡਰਾਈਨ ਅਤੇ ਕੋਡੀਨ ਸ਼ਾਮਲ ਹੁੰਦੇ ਹਨ, ਦੇਸ਼ ਵਿੱਚ ਵਰਤੋਂ ਲਈ ਪਾਬੰਦੀਸ਼ੁਦਾ ਹਨ ਅਤੇ ਦੇਸ਼ ਵਿੱਚ ਨਹੀਂ ਲਿਆਉਣੀਆਂ ਚਾਹੀਦੀਆਂ ਹਨ। ਜੇ ਤੁਸੀਂ ਇਸਨੂੰ ਜਾਪਾਨ ਵਿੱਚ ਲੈ ਜਾਂਦੇ ਹੋ, ਤਾਂ ਤੁਸੀਂ ਸ਼ਾਇਦ ਜੇਲ੍ਹ ਜਾ ਸਕਦੇ ਹੋ।

**2. ਡੈਨਮਾਰਕ ਵਿੱਚ ਚਿਹਰਾ ਢੱਕਣਾ ਗੈਰ-ਕਾਨੂੰਨੀ**

ਇੱਕ ਪਾਸੇ ਜਿੱਥੇ ਇਰਾਨ ਵਿੱਚ ਔਰਤਾਂ ਨੂੰ ਹਿਜਾਬ ਪਹਿਨਣ ਅਤੇ ਚਿਹਰੇ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕਾਨੂੰਨ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਤਾਂ ਦੂਜੇ ਪਾਸੇ ਇੱਕ ਦੇਸ਼ ਅਜਿਹਾ ਵੀ ਹੈ ਜਿੱਥੇ ਚਿਹਰਾ ਢੱਕਣਾ ਗੈਰ-ਕਾਨੂੰਨੀ ਹੈ। ਡੈਨਮਾਰਕ ਵਿੱਚ ਜਨਤਕ ਤੌਰ ’ਤੇ ਚਿਹਰਾ ਢੱਕਣ ਵਾਲੇ ਕੱਪੜੇ ਪਾਉਣਾ ਗੈਰ-ਕਾਨੂੰਨੀ ਹੈ। ਜਨ ਸੁਰੱਖਿਆ ਦੇ ਮੱਦੇਨਜ਼ਰ ਦੇਸ਼ ਦੀ ਸੰਸਦ ਨੇ 2018 ਵਿੱਚ ਇਸ ਕਾਨੂੰਨ ਨੂੰ ਮਨਜ਼ੂਰੀ ਦਿੱਤੀ ਸੀ।

**3. ਸੌਣ ਤੋਂ ਪਹਿਲਾਂ ਇਸ਼ਨਾਨ ਕਰਨਾ ਜ਼ਰੂਰੀ**

ਮੈਸੇਚਿਉਸੇਟਸ ਸੰਯੁਕਤ ਰਾਜ ਅਮਰੀਕਾ ਦਾ ਇੱਕ ਅਜਿਹਾ ਰਾਜ ਹੈ ਜਿੱਥੇ ਬੋਸਟਨ ਨਾਮਕ ਸ਼ਹਿਰ ਦਾ ਇੱਕ ਅਜੀਬ ਕਾਨੂੰਨ ਹੈ। ਜਿਸ ਦੇ ਤਹਿਤ ਤੁਸੀਂ ਰਾਤ ਨੂੰ ਇਸ਼ਨਾਨ ਕੀਤੇ ਬਿਨਾਂ ਆਪਣੇ ਬਿਸਤਰੇ ’ਤੇ ਨਹੀਂ ਜਾ ਸਕਦੇ ਅਤੇ ਐਤਵਾਰ ਨੂੰ ਵੀ ਤੁਸੀਂ ਇਸ਼ਨਾਨ ਨਹੀਂ ਕਰ ਸਕਦੇ। ਉੱਥੇ ਇਸ ਨਿਯਮ ਦੀ ਉਲੰਘਣਾ ਕਰਨਾ ਗੈਰ-ਕਾਨੂੰਨੀ ਹੈ।

**4. ਦੇਰ ਰਾਤ ਟਾਇਲਟ ਨੂੰ ਫਲੱਸ਼ ਕਰਨਾ ਗੈਰ-ਕਾਨੂੰਨੀ**

ਸਵਿਟਜ਼ਰਲੈਂਡ ਦਾ ਇਹ ਕਾਨੂੰਨ ਬਹੁਤ ਅਜੀਬ ਹੈ। ਜੇਕਰ ਤੁਸੀਂ ਸਵਿਟਜ਼ਰਲੈਂਡ ਵਿੱਚ ਰਹਿੰਦੇ ਹੋ, ਤਾਂ ਰਾਤ 10 ਵਜੇ ਤੋਂ ਬਾਅਦ ਟਾਇਲਟ ਨੂੰ ਫਲੱਸ਼ ਕਰਨਾ ਗੈਰ-ਕਾਨੂੰਨੀ ਹੈ। ਫਿਰ ਭਾਵੇਂ ਤੁਸੀਂ ਆਪਣੇ ਘਰ ਵਿਚ ਰਹਿ ਰਹੇ ਹੋਵੋ। ਦਰਅਸਲ, ਟਾਇਲਟ ਫਲੱਸ਼ ਕਰਦੇ ਸਮੇਂ ਆਵਾਜ਼ ਆਉਂਦੀ ਹੈ ਅਤੇ ਸਰਕਾਰ




ਇਸ ਨੂੰ ਆਵਾਜ਼ ਪ੍ਰਦੂਸ਼ਣ ਦੀ ਸ਼੍ਰੇਣੀ ਵਿੱਚ ਰੱਖਦੀ ਹੈ। ਸ਼ਾਇਦ ਇਸੇ ਲਈ ਇਹ ਕਾਨੂੰਨ ਬਣਾਇਆ ਗਿਆ ਸੀ।

**5. ਚਿਊਇੰਗਮ ਵੇਚਣਾ ਅਤੇ ਦਰਾਮਦ ਕਰਨਾ ਗੈਰ-ਕਾਨੂੰਨੀ ਹੈ**

ਸਿੰਗਾਪੁਰ ’ਚ 1992 ’ਚ ਚਿਊਇੰਗ ਗਮ ’ਤੇ ਪਾਬੰਦੀ ਲਗਾ ਦਿੱਤੀ ਗਈ ਸੀ ਪਰ ਇਨ੍ਹਾਂ ਨੂੰ ਖਾਣਾ ਗੈਰ-ਕਾਨੂੰਨੀ ਨਹੀਂ ਹੈ। 2004 ਵਿੱਚ, ਇਸ ਪਾਬੰਦੀ ਵਿੱਚ ਕੁਝ ਸੋਧਾਂ ਕੀਤੀਆਂ ਗਈਆਂ ਸਨ। ਉਦੋਂ ਤੋਂ ਤੁਸੀਂ ਡਾਕਟਰ ਜਾਂ ਫਾਰਮਾਸਿਸਟ ਤੋਂ ਦੰਦਾਂ, ਇਲਾਜ ਅਤੇ ਨਿਕੋਟੀਨ ਚਿਊਇੰਗਮ ਖਰੀਦ ਸਕਦੇ ਹੋ। ਇਹ ਪਾਬੰਦੀ ਇਸ ਲਈ ਲਗਾਈ ਗਈ ਸੀ ਕਿਉਂਕਿ ਬਦਮਾਸ਼ਾਂ ਨੇ ਦਰਵਾਜ਼ੇ ਦੇ ਸੈਂਸਰਾਂ, ਮੇਲ ਬਾਕਸਾਂ, ਕੀਹੋਲਾਂ ਦੇ ਅੰਦਰ, ਲਿਫਟ ਬਟਨਾਂ, ਪੌੜੀਆਂ ਅਤੇ ਜਿੱਥੇ ਵੀ ਸਾਫ਼ ਕਰਨਾ ਮੁਸ਼ਕਲ ਸੀ, ਨੂੰ ਸਿਖਲਾਈ ਦੇਣ ਲਈ ਚਿਊਇੰਗਮ ਚਿਪਕਾਉਣਾ ਸ਼ੁਰੂ ਕਰ ਦਿੱਤਾ ਸੀ।

**6. ਜਨਮਦਿਨ ਯਾਦ ਰੱਖਣਾ ਮਹੱਤਵਪੂਰਨ**

ਸਮੋਆ ਪ੍ਰਸ਼ਾਂਤ ਮਹਾਸਾਗਰ ਵਿੱਚ ਇੱਕ ਟਾਪੂ ਦੇਸ਼ ਹੈ। ਜੇਕਰ ਤੁਹਾਨੂੰ ਇੱਥੇ ਆਪਣਾ ਜਨਮ ਦਿਨ ਯਾਦ ਨਾ ਹੋਵੇ ਤਾਂ ਇਹ ਅਪਰਾਧ ਮੰਨਿਆ ਜਾਂਦਾ ਹੈ। ਇੱਥੇ ਤੁਹਾਨੂੰ ਆਪਣਾ ਜਨਮਦਿਨ ਯਾਦ ਰੱਖਣ ਦੀ ਲੋੜ ਹੈ।

**7. ਦੋ ਬੱਚਿਆਂ ਲਈ ਟੱਬ ਵਿੱਚ ਇਕੱਠੇ ਨਹਾਉਣਾ ਗੈਰ-ਕਾਨੂੰਨੀ**

ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਦੋ ਬੱਚਿਆਂ ਦਾ ਇੱਕੋ ਟੱਬ ਵਿੱਚ ਇਕੱਠੇ ਨਹਾਉਣਾ ਗੈਰ-ਕਾਨੂੰਨੀ ਹੈ।

**8. ਲੜਾਈ ਗੈਰ-ਕਾਨੂੰਨੀ ਹੈ**

ਅਲਬਰਟਾ ਦੇ ਇੱਕ ਸ਼ਹਿਰ ਵਿੱਚ, ਰੌਲਾ ਪਾਉਣ ਅਤੇ ਗਾਲਾਂ ਕੱਢਣ ’ਤੇ ਵੀ ਪਾਬੰਦੀ ਹੈ। ਇੱਥੇ ਕੋਈ ਵੀ ਕਿਸੇ ਨਾਲ ਛੋਟਾ-ਮੋਟਾ ਝਗੜਾ ਨਹੀਂ ਕਰ ਸਕਦਾ ਕਿਉਂਕਿ ਇੱਥੇ ਇਹ ਸਭ ਗੈਰ-ਕਾਨੂੰਨੀ ਹੈ।

# ਸੱਪ ਰੋਬੋਟ ਨੂੰ ਪੁਲਾੜ ਵਿੱਚ ਭੇਜ ਕੇ ਜੀਵਨ ਦੀ ਖੋਜ ਕਰੇਗਾ ਨਾਸਾ



ਵਸ਼ਿੰਗਟਨ/ਏ.ਟੀ.ਨਿਊਜ਼ :- ਦੁਨੀਆਂ ਭਰ ਦੇ ਵਿਗਿਆਨੀ ਲੰਬੇ ਸਮੇਂ ਤੋਂ ਧਰਤੀ ਤੋਂ ਇਲਾਵਾ ਕਿਸੇ ਹੋਰ ਗ੍ਰਹਿ ’ਤੇ ਜੀਵਨ ਦੀ ਖੋਜ ਕਰ ਰਹੇ ਹਨ। ਇਸ ਕੜੀ ਵਿੱਚ ਹੁਣ ਅਮਰੀਕੀ ਪੁਲਾੜ ਏਜੰਸੀ ਨਾਸਾ ਸੱਪ ਅਤੇ ਕੀੜੇ ਨੂੰ ਪੁਲਾੜ ਵਿੱਚ ਭੇਜਣ ਦੀ ਤਿਆਰੀ ਕਰ ਰਹੀ ਹੈ। ਦਰਅਸਲ, ਇਹ ਸੱਪ ਅਤੇ ਕੀੜੇ ਵਿਸ਼ੇਸ਼ ਕਿਸਮ ਦੇ ਰੋਬੋਟ ਹਨ, ਜੋ ਪੁਲਾੜ ਵਿੱਚ ਜਾ ਕੇ ਹੋਰ ਗ੍ਰਹਿਆਂ ’ਤੇ ਜੀਵਨ ਦੀ ਉਮੀਦ ਲੱਭਣਗੇ।

ਨਾਸਾ ਦੇ ਰੋਬੋ ਸੱਪ ਸ਼ਨੀ ਦੇ ਚੰਦ ਐਨਸੇਲਾਡਸ ’ਤੇ ਜੀਵਨ ਦੀ ਖੋਜ ਕਰਨਗੇ। ਨਾਸਾ ਖੁਦ ਇਨ੍ਹਾਂ ਰੋਬੋਟਿਕ ਸੱਪਾਂ ਨੂੰ ਬਣਾ ਰਿਹਾ ਹੈ। ਵਿਗਿਆਨਕ ਸਿਹਤ ਸੰਭਾਲ, ਵਿਗਿਆਨ, ਖੇਤੀ ਅਤੇ ਖੋਜ ਬਚਾਅ ਦੇ ਨਾਲ-ਨਾਲ ਪੁਲਾੜ ਮਿਸ਼ਨਾਂ ਵਿੱਚ ਵਰਤੇ ਜਾਣ ਵਾਲੇ ਅਜਿਹੇ ਰੋਬੋਟ ਪਹਿਲਾਂ ਹੀ ਬਣਾਏ ਜਾ ਚੁੱਕੇ ਹਨ। ਇਸ ਦੇ ਨਾਲ ਹੀ ਇਟਾਲੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਦੇ ਵਿਗਿਆਨੀਆਂ ਵੱਲੋਂ ਰੋਬੋ ਦੇ ਕੀੜੇ ਵੀ ਬਣਾਏ ਗਏ ਹਨ।

ਵਿਗਿਆਨੀਆਂ ਮੁਤਾਬਕ ਵੱਡੇ ਰੋਬੋਟਾਂ ਦੇ ਮੁਕਾਬਲੇ ਇਹ ਰੋਬੋਟ ਸੱਪ ਬਹੁਤ ਸਾਰੇ ਕੰਮ ਬਹੁਤ ਆਸਾਨੀ ਨਾਲ ਕਰ ਸਕਦੇ ਹਨ। ਵਿਗਿਆਨੀਆਂ ਨੇ ਦੱਸਿਆ ਕਿ ਇਹ ਰੋਬੋਟ ਬਹੁਤ ਲਚਕੀਲੇ ਹਨ। ਇਹ ਰੋਬੋਟ ਸੱਪਾਂ ਦੀ ਤਰ੍ਹਾਂ ਜ਼ਮੀਨ ’ਤੇ ਚੱਲਦੇ ਹਨ। ਟੋਆ ਪੁੱਟਣ ਦੇ ਨਾਲ-ਨਾਲ ਇਹ ਜ਼ਮੀਨ ਦੇ ਅੰਦਰ ਵੀ ਚਲਾ ਜਾਂਦਾ ਹੈ। ਇਹ ਰੋਬੋਟ ਵਿਗਿਆਨੀਆਂ ਨੂੰ ਕਿਸੇ ਵੀ ਥਾਂ ’ਤੇ ਖੋਜ ਅਤੇ ਅਧਿਐਨ ਕਰਨ ਵਿੱਚ ਬਹੁਤ ਮਦਦਗਾਰ ਸਾਬਤ ਹੋ ਸਕਦਾ ਹੈ।

ਸ਼ਨੀ ਦੇ 83 ਚੰਦਾਂ ਵਿੱਚੋਂ ਇੱਕ ਐਨਸੇਲਾਡਸ ਨੂੰ 1789 ਵਿੱਚ ਖੋਜਿਆ ਗਿਆ ਸੀ। ਇਸ ’ਤੇ ਜੀਵਨ ਦੀ ਖੋਜ ਲਈ ਨਾਸਾ ਦੀ ਜੈੱਟ ਪ੍ਰੋਪਲਸ਼ਨ ਲੈਬ ’ਚ ਰੋਬੋ ਸੱਪ ਬਣਾਇਆ (ਬਾਕੀ ਸਫ਼ਾ 30 ’ਤੇ)



# ਅੰਤਰਰਾਸ਼ਟਰੀ ਝਰੋਖਾ

## ਕੈਲਗਰੀ 'ਚ ਨਗਰ ਕੀਰਤਨ ਸਜਾਇਆ, ਪੁਸਤਕਾਂ ਦਾ ਲੰਗਰ ਲਗਾਇਆ



ਕੈਲਗਰੀ: ਕੈਨੇਡਾ ਸਿੱਖ ਹੈਰੀਟੇਜ ਮਹੀਨੇ ਦੌਰਾਨ ਕੈਲਗਰੀ 'ਚ ਗੁਰਦੁਆਰਾ ਸਿੱਖ ਕਲਚਰ ਸੈਂਟਰ ਮਾਰਟਿਨ ਡੇਲ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਦੀ ਅਗਵਾਈ ਪੰਜ ਪਿਆਰਿਆਂ ਨੇ ਕੀਤੀ। ਗੁਰੂ ਗ੍ਰੰਥ ਸਾਹਿਬ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸਨ। ਨਗਰ ਕੀਰਤਨ ਵਿੱਚ ਕੈਲਗਰੀ ਅਤੇ ਸਮੁੱਚੇ ਕੈਨੇਡਾ 'ਚੋਂ ਸਿੱਖ ਸੰਗਤ ਨੇ ਵੱਡੀ ਭਾਰੀ ਗਿਣਤੀ 'ਚ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਦੇ ਰਸਤੇ 'ਚ ਥਾਂ-ਥਾਂ ਵੱਖ-ਵੱਖ ਪਦਾਰਥਾਂ ਦੇ ਲੰਗਰ ਲਾਏ ਗਏ। ਨਗਰ ਕੀਰਤਨ ਦੇ ਦੀਵਾਨ ਪ੍ਰੇਰੀਵਿੰਡ ਪਾਰਕ ਵਿੱਚ ਸਜਾਏ ਗਏ। ਇੱਥੇ ਵੱਖ-ਵੱਖ ਸੰਸਥਾਵਾਂ, ਕਾਰੋਬਾਰੀ ਅਦਾਰਿਆਂ ਨੇ ਆਪਣੇ ਪ੍ਰਚਾਰ ਲਈ ਸੌ ਤੋਂ ਵੱਧ ਸਟਾਲ ਲਾਏ।

ਪਿਛਲੇ ਦਿਨਾਂ ਤੋਂ ਗੁਰੂਘਰ ਵਿੱਚ ਰੋਜ਼ਾਨਾ ਧਾਰਮਿਕ ਦੀਵਾਨ ਸਜਾਏ ਗਏ। ਇਨ੍ਹਾਂ ਵਿੱਚ ਭਾਈ ਸਰਬਜੀਤ ਸਿੰਘ ਰੰਗੀਲਾ ਦੁਰਗ ਵਾਲੇ, ਭਾਈ ਭੁਪਿੰਦਰ ਸਿੰਘ,ਭਾਈ ਮਹਿਤਾਬ ਸਿੰਘ, ਭਾਈ ਜਤਿੰਦਰ ਸਿੰਘ, ਭਾਈ ਜਸਵਿੰਦਰ ਸਿੰਘ ਦੇ ਰਾਗੀ ਜਥਿਆ ਨੇ ਹਾਜ਼ਰੀ ਲਵਾਈ। ਭਾਈ ਤਰਲੋਚਨ ਸਿੰਘ ਭੁਮੱਦੀ, ਮਲਕੀਤ ਸਿੰਘ ਪਪਰਾਲੀ, ਭਾਈਵਰਿੰਦਰ ਸਿੰਘ ਵਾਰਿਸ ਦੇ ਢਾਡੀ ਜਥਿਆਂ ਅਤੇ ਜਗਦੇਵ ਸਿੰਘ ਸਾਹੋਕੇ, ਸਰਵਣ ਸਿੰਘ ਸਾਮਨਗਰ ਦੇ ਕਵੀਰਸੀ ਜਥਿਆਂ ਨੇ ਗੁਰੂ ਇਤਿਹਾਸ ਤੋਂ ਸ਼ਰਧਾਲੂਆਂ ਨੂੰ ਜਾਣੂ ਕਰਵਾਇਆ। ਇਹ ਜਥੇ ਭਾਰਤ ਤੋਂ ਵਿਸੇਸ਼ ਤੋਂ ਆਏ ਸਨ।

**ਸ਼ਬਦ ਲੰਗਰ** : ਨਗਰ ਕੀਰਤਨ ਦੌਰਾਨ ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵੱਲੋਂ ਗੁਰਮਤਿ ਦੇ ਪਾਸਾਰ ਲਈ ਭਾਈ ਅਮਨਦੀਪ ਸਿੰਘ ਦੀ ਅਗਵਾਈ ਹੇਠ ਧਾਰਮਿਕ ਪੁਸਤਕਾਂ (ਜੋ ਪੰਜਾਬੀ ਅੰਗਰੇਜ਼ੀ ਤੇ ਹਿੰਦੀ ਵਿੱਚ ਸਨ), ਦਾ ਸਟਾਲ ਲਾ ਕੇ ਲੰਗਰ ਲਾਇਆ ਗਿਆ। ਸਾਰੀਆਂ ਪੁਸਤਕਾਂ ਫ੍ਰੀ ਦਿੱਤੀਆਂ ਜਾ ਰਹੀਆਂ ਸਨ। ਇੱਥੇ ਸਾਰਾ ਦਿਨ ਸ਼ਰਧਾਲੂਆਂ ਦੀ ਭਰਵੀਂ ਹਾਜ਼ਰੀ ਰਹੀ।

## ਫ਼ੌਜ ਨਾਲ ਟਕਰਾਅ ਕਾਰਨ ਇਮਰਾਨ ਖ਼ਾਨ ਨੂੰ ਹੋ ਸਕਦੀ ਹੈ ਉਮਰ ਕੈਦ ਜਾਂ ਫ਼ਾਂਸੀ



ਲਾਹੌਰ/ਏ.ਟੀ.ਨਿਊਜ਼ : ਇਮਰਾਨ ਖਾਨ ਅਤੇ ਫੌਜ ਵਿਚਾਲੇ ਖੁੱਲ੍ਹੀ ਜੰਗ ਸ਼ੁਰੂ ਹੋ ਚੁਕੀ ਹੈ ਅਤੇ ਉਨ੍ਹਾਂ ਦੇ 7000 ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਇਮਰਾਨ ਨੇ ਆਰਮੀ ਚੀਫ਼ ਅਸੀਮ ਮੁਨੀਰ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਗ੍ਰਿਫਤਾਰੀ ਤੋਂ ਬਾਅਦ ਪਾਕਿਸਤਾਨ ਵਿੱਚ ਹਿੰਸਾ ਅਜੇ ਵੀ ਫੈਲੀ ਹੋਈ ਹੈ ਅਤੇ ਪਾਕਿਸਤਾਨ ਦੀ ਫੌਜ ਖੁੱਲ੍ਹੇਆਮ ਇਮਰਾਨ ਖਾਨ ਦੇ ਸਮਰਥਕਾਂ ਨੂੰ ਚੁੱਕ ਰਹੀ ਹੈ। ਹੁਣ ਤੱਕ ਕਰੀਬ 7 ਹਜ਼ਾਰ ਸਮਰਥਕਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।

ਰਿਪੋਰਟਾਂ ਮੁਤਾਬਕ ਪਾਕਿਸਤਾਨੀ ਫੌਜ ਨੇ ਪ੍ਰਦਰਸ਼ਨਕਾਰੀਆਂ ਬਾਰੇ ਸਖਤੀ ਕਰਨ ਦਾ ਫੈਸਲਾ ਕੀਤਾ ਹੈ ਅਤੇ ਫੈਸਲਾ ਕੀਤਾ ਹੈ ਕਿ ਇਮਰਾਨ ਖਾਨ ਸਮੇਤ ਤੋੜ-ਫੋੜ ਵਿਚ ਸ਼ਾਮਲ ਸਾਰੇ ਤੱਤਾਂ ਖਿਲਾਫ ਆਰਮੀ ਐਕਟ ਤਹਿਤ ਕਾਰਵਾਈ ਕੀਤੀ ਜਾਵੇ।

ਪਾਕਿਸਤਾਨ ਦੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ ਨੇ ਕਿਹਾ ਹੈ ਕਿ ਹਿੰਸਾ ਦੌਰਾਨ, ਰਾਜ ਸੰਸਥਾਵਾਂ, ਖਾਸ ਤੌਰ ਤੇ ਸੰਵੇਦਨਸ਼ੀਲ ਫੌਜੀ ਇਮਾਰਤਾਂ 'ਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ)) ਦੇ ਸਮਰਥਕਾਂ ਦੁਆਰਾ ਹਮਲਾ ਕੀਤਾ ਗਿਆ, ਜਿਸ ਲਈ ਇਮਰਾਨ ਖਾਨ ਜ਼ਿੰਮੇਵਾਰ ਹੈ।

**ਪਾਕਿਸਤਾਨ ਆਰਮੀ ਚੀਫ ਐਕਸ਼ਨ ਵਿੱਚ**

ਇਮਰਾਨ ਖਾਨ ਅਤੇ ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਵਿਚਾਲੇ ਹੁਣ ਆਹਮੋ-ਸਾਹਮਣੇ ਲੜਾਈ ਸ਼ੁਰੂ ਹੋ ਚੁਕੀ ਹੈ ਅਤੇ ਇਮਰਾਨ ਨੇ ਦੋਸ਼ ਲਗਾਇਆ ਹੈ ਕਿ ਉਸਦੀ ਗ੍ਰਿਫਤਾਰੀ ਪਿੱਛੇ ਆਸਿਮ ਮੁਨੀਰ ਦਾ ਹੱਥ ਸੀ। ਇਸ ਦੇ ਨਾਲ ਹੀ, ਜੀਐਚਕਿਊ (ਪਾਕਿਸਤਾਨ ਆਰਮੀ ਹੈੱਡਕੁਆਰਟਰ) ਰਾਵਲਪਿੰਡੀ ਵਿਖੇ ਆਯੋਜਿਤ ਵਿਸ਼ੇਸ਼ ਸਪੈਸ਼ਲ ਕੋਰ ਕਮਾਂਡਰਜ਼ ਕਾਨਫਰੰਸ ਦੀ ਇੱਕ ਮਹੱਤਵਪੂਰਨ ਮੀਟਿੰਗ ਵਿੱਚ, ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਸਈਅਦ ਅਸੀਮ ਮੁਨੀਰ ਨੂੰ 9 ਮਈ ਤੋਂ ਬਾਅਦ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਹਿੰਸਾ ਸਿਆਸੀ ਹਿੱਤਾਂ ਦੀ ਪ੍ਰਾਪਤੀ ਲਈ ਕੀਤੀ ਗਈ ਸੀ।

ਫੌਜ ਦੀ ਮੀਟਿੰਗ ਦੌਰਾਨ ਜਨਤਕ ਅਤੇ ਨਿੱਜੀ ਇਮਾਰਤਾਂ ਦੇ ਨਾਲ-ਨਾਲ ਫੌਜੀ ਅਦਾਰਿਆਂ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਦੀ ਨਿੰਦਾ ਕੀਤੀ ਗਈ ਅਤੇ ਇਸ ਨੂੰ ਰਾਜਨੀਤੀ ਤੋਂ ਪ੍ਰੇਰਿਤ ਅਤੇ ਭੜਕਾਊ ਕਰਾਰ ਦਿੱਤਾ ਗਿਆ।

ਤੁਹਾਨੂੰ ਦੱਸ ਦੇਈਏ ਕਿ ਪਾਕਿਸਤਾਨ ਵਿੱਚ ਆਰਮੀ ਐਕਟ ਨੂੰ ਬਹੁਤ ਖਤਰਨਾਕ ਕਾਨੂੰਨ ਮੰਨਿਆ ਜਾਂਦਾ ਹੈ। ਇਸ ਕਨੂੰਨ ਤਹਿਤ ਇਮਰਾਨ ਖਾਨ, ਉਨ੍ਹਾਂ ਦੀ ਪਾਰਟੀ ਦੇ ਨੇਤਾਵਾਂ ਅਤੇ ਪਾਰਟੀ ਵਰਕਰਾਂ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਪਾਕਿਸਤਾਨ ਆਰਮੀ ਐਕਟ ਆਮ ਤੌਰ 'ਤੇ ਸੇਵਾ ਕਰ ਰਹੇ ਅਧਿਕਾਰੀਆਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ 'ਤੇ ਫੌਜ ਦੇ ਅਸੂਲ ਖਤਰਨਾਕ ਢੰਗ ਨਾਲ ਭੰਗ ਕਰਨ ਕਾਰਨ ਮੁਕੱਦਮਾ ਚਲਾਇਆ ਜਾਂਦਾ ਹੈ। ਇਸ ਕਾਨੂੰਨ ਤਹਿਤ ਫੌਜੀ ਅਫਸਰਾਂ ਦਾ ਕੋਰਟ ਮਾਰਸ਼ਲ ਕੀਤਾ ਜਾਂਦਾ ਹੈ।

ਜਿਨ੍ਹਾਂ ਧਾਰਾਵਾਂ ਦੇ ਆਧਾਰ 'ਤੇ ਪਾਕਿਸਤਾਨੀ ਫੌਜ ਇਮਰਾਨ ਖਾਨ ਦੇ ਖਿਲਾਫ ਕਦਮ ਚੁੱਕ ਰਹੀ ਹੈ, ਉਹ ਸਾਬਕਾ ਪ੍ਰਧਾਨ ਮੰਤਰੀ ਲਈ ਖ਼ਤਰੇ ਦੀ ਘੰਟੀ ਤੋਂ ਘੱਟ ਨਹੀਂ ਹਨ, ਕਿਉਂਕਿ ਆਰਮੀ ਐਕਟ ਬਹੁਤ ਜਲਦੀ ਫੈਸਲੇ ਦਿੰਦਾ ਹੈ ਅਤੇ ਇਮਰਾਨ ਖਾਨ ਨੂੰ ਉਮਰ ਕੈਦ ਜਾਂ ਮੌਤ ਦੀ ਸਜ਼ਾ ਹੋ ਸਕਦੀ ਹੈ, ਕਿਉਂਕਿ ਇਹ ਦੇਸ਼ ਪਾਕਿਸਤਾਨ ਹੈ, ਜਿੱਥੇ ਨੇਤਾਵਾਂ ਨੂੰ ਸੂਲੀ 'ਤੇ ਚੜ੍ਹਾਉਣ ਦੀ ਪ੍ਰਥਾ ਰਹੀ ਹੈ, ਇਸ ਲਈ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਇਮਰਾਨ ਖਾਨ ਨੂੰ ਇਨ੍ਹਾਂ ਸਜ਼ਾਵਾਂ ਦੇ ਤਹਿਤ ਉਮਰ ਕੈਦ ਜਾਂ ਮੌਤ ਦੀ ਸਜ਼ਾ ਨਹੀਂ ਮਿਲ ਸਕਦੀ।

## ਐਂਟੀਬਾਇਓਟਿਕ ਦਵਾਈਆਂ ਤੇ ਜੰਕ ਫ਼ੂਡ ਦੀ ਵਰਤੋਂ ਕਰਨ ਨਾਲ ਬੱਚਿਆਂ ਵਿੱਚ ਅੰਤੜੀਆਂ ਦੀ ਸੋਜ ਦਾ ਖ਼ਤਰਾ

### ਆਸਟ੍ਰੇਲੀਆ ਦੇ ਨਿਊਕੈਸ਼ਲ ਯੂਨੀਵਰਸਿਟੀ ਵਿੱਚ ਹੋਈ ਖੋਜ

ਮੈਲਬੌਰਨ : ਇਕ ਨਵੇਂ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਐਂਟੀਬਾਇਓਟਿਕ ਦਵਾਈਆਂ ਤੇ ਜੰਕ ਫੂਡ ਦੀ ਵਰਤੋਂ ਕਰਨ ਨਾਲ ਬੱਚਿਆਂ ਵਿੱਚ ਅੰਤੜੀਆਂ ਦੀ ਸੋਜ ਭਾਵ ਇਨਫਲਾਮੇਟਰੀ ਬਾਊਲ ਡਿਸੀਜ਼ (ਆਈਬੀਡੀ) ਦਾ ਜੋਖਮ ਵੱਧ ਸਕਦਾ ਹੈ। ਇਸ ਬਿਮਾਰੀ 'ਚ ਆਮ ਤੌਰ 'ਤੇ ਥਕਾਵਟ, ਦਸਤ, ਅਕੜਾਅ, ਢਿੱਡ ਵਿੱਚ ਦਰਦ ਤੇ ਪਾਚਨ ਨਾਲ ਜੁੜੀਆਂ ਦਿੱਕਤਾਂ ਹੋ ਸਕਦੀਆਂ ਹਨ।

ਲਗਪਗ 64 ਲੱਖ ਬੱਚਿਆਂ ਦੀ ਅਗਵਾਈ ਕਰਨ ਵਾਲੇ 36 ਸਰਵੇਖਣ ਅਧਿਐਨਾਂ ਨੂੰ ਇਕ ਮੈਟਾ-ਵਿਸ਼ਲੇਸ਼ਣ ਨਾਲ ਪਤਾ ਲੱਗਾ ਹੈ ਕਿ ਪੰਜ ਸਾਲ ਦੀ ਉਮਰ ਤੋਂ ਪਹਿਲਾਂ ਐਂਟੀਬਾਇਓਟਿਕ ਦਵਾਈਆਂ ਦੇਣ ਨਾਲ ਆਈਬੀਡੀ ਦਾ ਤਿੰਨ ਗੁਣਾ ਵੱਧ ਜੋਖਮ ਹੋ ਸਕਦਾ ਹੈ। ਆਸਟ੍ਰੇਲੀਆ ਦੇ ਨਿਊਕੈਸ਼ਲ ਯੂਨੀਵਰਸਿਟੀ ਵਿੱਚ ਡਾਇਟੀਸ਼ੀਅਨ ਤੇ ਅਧਿਐਨ ਦੀ ਅਗਵਾਈ ਕਰਨ ਵਾਲੀ ਭਾਰਤੀ ਮੂਲ ਦੀ ਲੇਖਿਕਾ ਨਿਸ਼ਾ ਠਾਕੁਰ ਨੇ ਕਿਹਾ ਕਿ ਬੱਚਿਆਂ ਵਿੱਚ ਆਈਬੀਡੀ ਦੇ ਮਾਮਲੇ ਪੂਰੀ ਦੁਨੀਆ ਵਿਚ ਬਹੁਤ ਤੇਜ਼ੀ ਨਾਲ ਵੱਧ ਰਹੇ ਹਨ। ਆਈਬੀਡੀ ਨਾਲ ਬੱਚਿਆਂ ਦੇ ਵਿਕਾਸ ਤੇ ਜਵਾਨੀ ਦੀ ਰਫਤਾਰ 'ਤੇ ਅਸਰ ਪੈਂਦਾ ਹੈ। ਇਸ ਲਈ ਮਾਪਿਆਂ ਨੂੰ ਇਸ ਹਾਲਤ ਤੇ ਇਸ ਨਾਲ ਪ੍ਰਭਾਵਿਤ ਕਰਨ ਵਾਲੀਆਂ ਤਬਦੀਲੀਆਂ ਦੇ ਕਾਰਨਾਂ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ।



ਡਾਈਡੈਜਸਟਿਵ ਡਿਸੀਜ਼ ਵੀਕ (ਡੀਡੀਡਬਲਿਊ) 2023 ਵਿੱਚ ਪੇਸ਼ ਕੀਤੀ ਗਈ ਸੋਧ ਦੇ ਨਤੀਜਿਆਂ ਨਾਲ ਪਤਾ ਲੱਗਾ ਹੈ ਕਿ ਹੇਠਲੀ ਸਮਾਜਿਕ ਆਰਥਿਕ ਹਾਲਤ ਬਚਪਨ ਦੇ ਆਈਬੀਡੀ ਦੇ 65 ਫੀਸਦੀ ਘੱਟ ਜੋਖਮ ਨਾਲ ਜੁੜੀ ਸੀ। ਕਿਉਂਕਿ ਉਨ੍ਹਾਂ ਨੇ ਬਾਹਰ ਦੇ ਜੰਕ ਫੂਡ ਦੀ ਵਰਤੋਂ ਬਹੁਤ ਘੱਟ ਕੀਤੀ। ਇਸ ਤੋਂ ਇਲਾਵਾ ਨਿਸ਼ਾ ਠਾਕਰ ਨੇ ਦੱਸਿਆ ਕਿ ਸਬਜ਼ੀਆਂ ਦੀ ਵੱਧ ਖਪਤ ਤੇ ਸਿਰਫ ਇਕ ਪਖਾਨਾ ਹੋਣਾ ਵੀ ਸੁਰੱਖਿਆਤਮਕ ਪਾਇਆ ਗਿਆ। ਅਧਿਐਨ ਵਿੱਚ ਪਾਇਆ ਗਿਆ ਕਿ ਬਚਪਨ ਦੌਰਾਨ ਪਾਲਤੂ ਜਾਨਵਰਾਂ ਦੇ ਸੰਪਰਕ ਨਾਲ ਰੋਗ ਪ੍ਰਤੀਰੋਧੀ ਪ੍ਰਣਾਲੀ ਮਜ਼ਬੂਤ ਹੁੰਦੀ ਹੈ।

## ਯੂ.ਕੇ : ਮਨੀ ਲਾਂਡਰਿੰਗ ਮਾਮਲੇ 'ਚ ਪੰਜਾਬੀ ਮੂਲ ਦੇ 12 ਵਿਅਕਤੀ ਦੋਸ਼ੀ ਕਰਾਰ

ਲੰਡਨ/ਏ.ਟੀ.ਨਿਊਜ਼: ਯੂ ਕੇ ਵਿੱਚ ਜਿਥੇ ਪੰਜਾਬੀਆਂ ਨੇ ਆਪਣੀ ਸਖ਼ਤ ਮਿਹਨਤ ਨਾਲ ਸਫ਼ਲਤਾ ਹਾਸਲ ਕੀਤੀ ਹੈ, ਉਥੇ ਕੁਝ ਪੰਜਾਬੀਆਂ ਦੀਆਂ ਗਲਤ ਹਰਕਤਾਂ ਕਾਰਨ ਪੰਜਾਬੀਆਂ ਨੂੰ ਨਮੋਸ਼ੀ ਵੀ ਸਹਿਣੀ ਪਈ ਹੈ। ਅਜਿਹਾ ਹੀ ਇੱਕ ਮਾਮਲਾ ਮਨੀ ਲਾਂਡਰਿੰਗ ਦਾ ਹੈ।

ਬ੍ਰਿਟੇਨ ਦੀ ਨੈਸ਼ਨਲ ਕ੍ਰਾਈਮ ਏਜੰਸੀ (ਐਨਸੀਏ) ਨੇ ਅੰਤਰਰਾਸ਼ਟਰੀ ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਵਿੱਚ ਸ਼ਾਮਲ ਪੱਛਮੀ ਲੰਡਨ ਸਥਿਤ ਇੱਕ ਸੰਗਠਿਤ ਅਪਰਾਧ ਸਮੂਹ ਦੀ ਇੱਕ ਵੱਡੀ ਜਾਂਚ ਤੋਂ ਬਾਅਦ ਭਾਰਤੀ ਮੂਲ ਦੇ ਕਈ ਮਰਦਾਂ ਅਤੇ ਔਰਤਾਂ ਸਮੇਤ 16 ਲੋਕਾਂ ਨੂੰ ਦੋਸ਼ੀ ਠਹਿਰਾਇਆ ਹੈ। ਕ੍ਰਾਈਮ ਏਜੰਸੀ ਨੇ ਇਹ ਜਾਣਕਾਰੀ ਦਿੱਤੀ। ਨੈਟਵਰਕ ਦੇ ਮੈਂਬਰਾਂ ਨੇ 2017 ਅਤੇ 2019 ਦੇ ਵਿਚਕਾਰ ਦੁਬਈ ਅਤੇ ਯੂਏਈ ਦੇ ਸੈਂਕੜੇ ਦੌਰੇ ਕੀਤੇ ਅਤੇ ਯੂਕੇ ਤੋਂ 42 ਮਿਲੀਅਨ ਡਾਲਰ ਤੋਂ ਵੱਧ ਦੀ ਨਕਦੀ ਦੀ ਤਸਕਰੀ ਕੀਤੀ। ਐਨਸੀਏ ਦੀ ਜਾਂਚ ਦੇ ਅਨੁਸਾਰ ਇਹ ਰਾਸ਼ੀ ਕਲਾਸ ਏ ਡਰੱਗਜ਼ ਦੀ ਵਿਕਰੀ ਅਤੇ ਸੰਗਠਿਤ ਇਮੀਗ੍ਰੇਸ਼ਨ ਅਪਰਾਧ ਤੋਂ ਹੋਇਆ ਲਾਭ ਸੀ।

ਐਨਸੀਏ ਦੇ ਸੀਨੀਅਰ ਜਾਂਚ ਅਧਿਕਾਰੀ ਕ੍ਰਿਸ ਹਿੱਲ ਨੇ ਕਿਹਾ ਕਿ ਵਪਾਰਕ ਪੱਧਰ 'ਤੇ ਮਨੀ ਲਾਂਡਰਿੰਗ ਅਤੇ ਸੰਗਠਿਤ ਇਮੀਗ੍ਰੇਸ਼ਨ ਅਪਰਾਧ ਵਿੱਚ ਸ਼ਾਮਲ ਇੱਕ ਸੰਗਠਿਤ ਅਪਰਾਧ ਸਮੂਹ ਦੀ ਇਹ ਇੱਕ ਲੰਮੀ ਅਤੇ ਗੁੰਝਲਦਾਰ ਜਾਂਚ ਰਹੀ ਹੈ। ਦੋ ਸਾਲਾਂ ਦੀ ਮਿਆਦ ਵਿੱਚ ਯੂਕੇ ਅਤੇ ਵਿਦੇਸ਼ਾਂ ਵਿੱਚ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੇ ਹੋਏ 31 ਜਾਂਚ ਅਧਿਕਾਰੀਆਂ ਨੇ ਇਨ੍ਹਾਂ ਦੋਸ਼ੀਆਂ ਵਿਰੁੱਧ ਸਬੂਤ ਇਕਠੇ ਕਰ ਰਹੇ ਸਨ। ਯੂਕੇ ਛੱਡਣ ਵਾਲੇ ਕੋਰੀਅਰਾਂ ਤੋਂ ਲਗਭਗ 1.5 ਮਿਲੀਅਨ ਡਾਲਰ ਜ਼ਬਤ ਕੀਤੇ ਗਏ ਸਨ ਪਰ ਫਲਾਈਟ ਵਿਸ਼ਲੇਸ਼ਣ, ਦੁਬਈ ਵਿੱਚ ਨਕਦ ਘੋਸ਼ਣਾਵਾਂ ਤੋਂ ਸਬੂਤ ਅਤੇ ਜ਼ਬਤ ਕੀਤੀ ਗਈ ਹੋਰ ਸਮੱਗਰੀ ਨੇ ਦਿਖਾਇਆ ਕਿ ਸਮੂਹ ਬਹੁਤ ਜ਼ਿਆਦਾ ਟ੍ਰਾਂਸਪੋਰਟ ਕਰਨ ਵਿੱਚ ਸਫਲ ਰਿਹਾ ਸੀ।

**ਦੋਸ਼ੀਆਂ ਦਾ ਵੇਰਵਾ**

ਨਵੰਬਰ 2019 ਵਿੱਚ ਨਿਗਰਾਨੀ, ਸੰਚਾਰ ਅਤੇ ਫਲਾਈਟ ਡੇਟਾ ਵਿਸ਼ਲੇਸ਼ਣ



ਦੇ ਹਫ਼ਤਿਆਂ ਤੋਂ ਬਾਅਦ ਅਧਿਕਾਰੀ ਗ੍ਰਿਫ਼ਤਾਰੀਆਂ ਕਰਨ ਲਈ ਅੱਗੇ ਵਧੇ ਅਤੇ ਜਿਨ੍ਹਾਂ ਲੋਕਾਂ 'ਤੇ ਦੋਸ਼ ਲਗਾਏ ਗਏ ਸਨ, ਉਨ੍ਹਾਂ 'ਤੇ ਜਨਵਰੀ 2023 ਤੋਂ ਸ਼ੁਰੂ ਹੋਣ ਵਾਲੇ ਕ੍ਰੋਏਡਨ ਕਰਾਊਨ ਕੋਰਟ ਵਿੱਚ ਦੋ ਟਰਾਇਲਾਂ ਵਿੱਚ ਮੁਕੱਦਮਾ ਚਲਾਇਆ ਗਿਆ ਸੀ। ਗੈਂਗ ਦਾ ਸਰਗਨਾ ਚਰਨ ਸਿੰਘ (44) ਹੌਂਸਲੋ ਤੋਂ, ਪੱਛਮੀ ਲੰਡਨ ਵਿੱਚ ਤੜਕੇ ਛਾਪੇਮਾਰੀ ਦੀ ਇੱਕ ਲੜੀ ਵਿੱਚ ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਸ਼ਾਮਲ ਸੀ। ਉਸ ਦੇ ਨਾਲ ਬਲਜੀਤ ਸਿੰਘ, ਜਸਬੀਰ ਸਿੰਘ ਕਪੂਰ, ਜਸਬੀਰ ਸਿੰਘ ਢੱਲ ਨੂੰ ਅਪਰਾਧਿਕ ਜਾਇਦਾਦ ਜਾਂ ਮਨੀ ਲਾਂਡਰਿੰਗ ਨੂੰ ਹਟਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਗਿਆ। ਸਵਿੰਦਰ ਸਿੰਘ ਢੱਲ ਨੂੰ ਅਪਰਾਧਿਕ ਜਾਇਦਾਦ ਨੂੰ ਹਟਾਉਣ ਦੀ ਸਾਜ਼ਿਸ਼ ਰਚਣ ਅਤੇ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਗਿਆ ਸੀ ਅਤੇ ਦਿਲਜਾਨ ਸਿੰਘ ਮਲਹੋਤਰਾ ਨੂੰ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਦੀ ਸਹੂਲਤ ਦੇਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਗਿਆ।

ਅਮਰਜੀਤ ਅਲਾਬਦੀਆਂ, ਜਗਿੰਦਰ ਕਪੂਰ, ਜੈਕਦਾਰ ਕਪੂਰ, ਮਨਮੋਨ ਸਿੰਘ ਕਪੂਰ, ਪਿੰਕੀ ਕਪੂਰ ਅਤੇ ਜਸਬੀਰ ਸਿੰਘ ਮਲਹੋਤਰਾ ਨੂੰ ਅਪਰਾਧਿਕ ਜਾਇਦਾਦ ਹਟਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਦੋਸ਼ੀ ਠਹਿਰਾਏ ਗਏ ਸਾਰੇ 16 ਨੂੰ 11 ਸਤੰਬਰ, 2023 ਤੋਂ ਸ਼ੁਰੂ ਹੋਣ ਵਾਲੀ ਸੁਣਵਾਈ ਵਿੱਚ ਸਜ਼ਾ ਸੁਣਾਈ ਜਾਣੀ ਹੈ, ਜਿਸ ਵਿੱਚ ਦੋ ਵਿਅਕਤੀ ਵੀ ਸ਼ਾਮਲ ਹਨ, ਜਿਨ੍ਹਾਂ ਨੇ ਦੋ ਮੁਕੱਦਮਿਆਂ ਤੋਂ ਪਹਿਲਾਂ ਮਨੀ ਲਾਂਡਰਿੰਗ ਦੇ ਅਪਰਾਧਾਂ ਲਈ ਦੋਸ਼ੀ ਪਟੀਸ਼ਨਾਂ ਦਾਖਲ ਕੀਤੀਆਂ ਸਨ। ਜਾਂਚ ਦੇ ਹਿੱਸੇ ਵਜੋਂ ਐਨਸੀਏ ਅਫਸਰਾਂ ਨੇ ਸੰਗਠਿਤ ਅਪਰਾਧ ਸਮੂਹ ਦੇ ਮੈਂਬਰਾਂ ਦੀ ਇੱਕ ਸਾਜ਼ਿਸ਼ ਦਾ ਵੀ ਪਰਦਾਫਾਸ਼ ਕੀਤਾ, ਜਿਸ ਵਿੱਚ ਪੰਜ ਬੱਚਿਆਂ ਅਤੇ ਇੱਕ ਗਰਭਵਤੀ ਔਰਤ ਸਮੇਤ 17 ਪ੍ਰਵਾਸੀਆਂ ਨੂੰ 2019 ਵਿੱਚ ਟਾਇਰ ਲੈ ਕੇ ਜਾਣ ਵਾਲੀ ਇੱਕ ਵੈਨ ਦੇ ਪਿੱਛੇ ਯੂਕੇ ਵਿੱਚ ਤਸਕਰੀ ਕਰਨ ਦੀ ਸਾਜ਼ਿਸ਼ ਸੀ। (ਬਾਕੀ ਸਫ਼ਾ 31 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

17 ਮਈ ਤੋਂ 23 ਮਈ, 2023

## ਗਿਆਨੀ ਹਰਪ੍ਰੀਤ ਸਿੰਘ ਸਬੰਧੀ ਉੱਠਦੇ ਸਵਾਲਾਂ ਦੇ ਹੱਲ ਦੀ ਜੜ੍ਹ ਕਿੱਥੇ ਹੈ ?

ਲੰਘੇ ਦਿਨੀ ਸਿਆਸਤਦਾਨ ਰਾਘਵ ਚੱਡਾ ਦੀ ਮੰਗਣੀ 'ਤੇ ਗਿਆਨੀ ਹਰਪ੍ਰੀਤ ਸਿੰਘ ਦੇ ਜਾਣ ਨਾਲ ਕਾਫੀ ਚਰਚਾ ਛਿੜੀ ਹੈ। ਬਿਜਲ ਸੱਥ (ਸੋਸ਼ਲ ਮੀਡੀਆ) 'ਤੇ ਇਸੇ ਗੱਲ ਨੂੰ ਲੈ ਕੇ ਵੱਖ-ਵੱਖ ਵਿਚਾਰਾਂ ਚੱਲਦੀਆਂ ਰਹੀਆਂ। ਗਿਆਨੀ ਹਰਪ੍ਰੀਤ ਸਿੰਘ ਨੂੰ ਉਥੇ ਜਾਣ ਲਈ ਸਵਾਲ ਕੀਤੇ ਗਏ ਕਿਉਂਕਿ ਰਾਘਵ ਚੱਡਾ ਜਿਸ ਰਾਜਨੀਤਕ ਪਾਰਟੀ ਨਾਲ ਸਬੰਧ ਰੱਖਦਾ ਹੈ ਉਹਦੀ ਹੁਣ ਪੰਜਾਬ ਵਿੱਚ ਸਰਕਾਰ ਹੈ ਤੇ ਪਿਛਲੇ ਸਮੇਂ ਸਿੱਖ ਨੌਜਵਾਨਾਂ ਦੀ ਫੜੋ ਫੜੀ, ਪੱਤਰਕਾਰਾਂ ਦੀ ਬੋਲਣ ਦੀ ਅਜਾਦੀ ਤੇ ਪੰਜਾਬ ਦੇ ਲੋਕਾਂ 'ਤੇ ਕੀਤੇ ਗਏ ਮਨੋਵਿਗਿਆਨਕ ਹਮਲੇ ਵਿੱਚ ਪੰਜਾਬ ਸਰਕਾਰ ਨੇ ਕੇਂਦਰ ਦੀ ਸਰਕਾਰ ਨਾਲ ਇਸ ਪੂਰੇ ਮਸਲੇ ਵਿੱਚ ਜੀ ਹਜੂਰ ਵਾਲੀ ਭੂਮਿਕਾ ਨਿਭਾਈ ਹੈ। ਦੂਸਰਾ ਇਸ ਮੰਗਣੀ ਦੇ ਸਮਾਗਮ ਵਿੱਚ ਜਦੋਂ ਕੀਰਤਨ ਹੋ ਰਿਹਾ ਹੁੰਦਾ ਹੈ ਉਦੋਂ ਰਾਘਵ ਚੱਡਾ ਅਤੇ ਉਸ ਦੀ ਮੰਗੇਤਰ ਛੋਟੇ ਸੋਫੇ ਵਰਗੀ ਕਿਸੇ ਸ਼ੈਅ 'ਤੇ ਬੈਠੇ ਦਿਖਾਈ ਦਿੰਦੇ ਹਨ, ਇਸ ਗੱਲ ਲਈ ਵੀ ਲਗਾਤਾਰ ਸਵਾਲ ਉੱਠ ਰਹੇ ਹਨ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉਥੇ ਮੌਜੂਦ ਸਨ ਅਤੇ ਉਹਨਾਂ ਇਸ ਤਰ੍ਹਾਂ ਹੋਣ ਤੋਂ ਰੋਕਿਆ ਕਿਉਂ ਨਹੀਂ ?

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦਾ ਸੰਗਤ ਦੀਆਂ ਭਾਵਨਾਵਾਂ ਦੇ ਅਨੁਕੂਲ ਅਮਲ ਨਾ ਹੋਣਾ, ਕੀ ਇਹ ਕਿਸੇ ਬਿਮਾਰੀ ਦਾ ਲੱਛਣ ਹੈ ਜਾਂ ਬਿਮਾਰੀ ਹੈ ? ਅਸਲ ਵਿੱਚ ਇਹ ਬਿਮਾਰੀ ਨਹੀਂ, ਬਿਮਾਰੀ ਦਾ ਲੱਛਣ ਹੈ। ਬਿਮਾਰੀ ਹੋਰ ਹੈ। ਗੁਰੂ ਖਾਲਸਾ ਪੰਥ ਦੇ ਪਾਤਿਸ਼ਾਹੀ ਦਾਅਵੇ ਅਤੇ ਖਾਲਸਾ ਜੀਓ ਦੇ ਸੁਤੰਤਰ ਵਿਚਰਣ ਦੇ ਜਾਮਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਖਾਲਸਾ ਪੰਥ ਦੀਆਂ ਰਿਵਾਇਤਾਂ ਅਨੁਸਾਰੀ ਨਹੀਂ ਰਹੀ ਅਤੇ ਇਸ ਦੀ ਸਿੱਖਾਂ ਵਿੱਚ ਕੇਂਦਰੀ ਧੁਰੇ ਵਜੋਂ ਮਾਨਤਾ ਖੁਰਣ ਕਾਰਨ ਸਿੱਖ ਸਫਾਂ ਆਪੋ-ਧਾਪੀ ਦੀ ਮਾਰ ਝੱਲ ਰਹੀਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਅਜਿਹੇ ਅਕਾਲੀ ਜਥਿਆਂ ਕੋਲ ਰਹੀ ਹੈ ਜੋ ਨਿੱਜੀ ਅਤੇ ਪੰਥਕ ਰਹਿਣੀ ਦੇ ਧਾਰਣੀ ਹੋਣ ਦੇ ਨਾਲ-ਨਾਲ ਗੁਰੂ ਆਸ਼ੇ ਨੂੰ ਸਮਰਪਿਤ ਹੋ ਕੇ ਨਿਸ਼ਕਾਮ ਤੌਰ ਉੱਤੇ ਸਰਬੱਤ ਦੇ ਭਲੇ ਲਈ ਸੰਘਰਸ਼ ਕਰਦੇ ਤੇ ਕਿਸੇ ਤਰ੍ਹਾਂ ਦੀ ਦੁਨਿਆਵੀ ਅਹੁਦੇਦਾਰੀ ਪ੍ਰਵਾਣ ਨਹੀਂ ਕਰਦੇ। ਅਜੋਕੇ ਸਮੇਂ ਇਸ ਪੱਖੋਂ ਮੁਕੰਮਲ ਖਲਾਅ ਹੈ। ਹੁਣ ਦੇ ਸਮੇਂ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਉਪ ਕਮੇਟੀ ਨਿਯੁਕਤ ਕੀਤੀ ਜਾਂਦੀ ਹੈ। ਇਹ ਉਪ ਕਮੇਟੀ ਤੈਅ ਕਰਦੀ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕੌਣ ਹੋਵੇਗਾ। ਇਹ ਲਿਖਤੀ ਤਰੀਕਾ ਹੈ, ਅਸਲ ਵਿੱਚ ਹਾਲਤ ਇਸਤੋਂ ਵੀ ਕਿਤੇ ਵਿਗੜ ਗਈ ਹੈ। ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੀ ਫਰਮਾਨ ਜਾਰੀ ਕਰਦਾ ਹੈ ਕਿ ਜਥੇਦਾਰ ਕੌਣ ਹੋਵੇਗਾ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇੱਕ ਵੋਟਾਂ ਵਾਲੀ ਰਾਜਨੀਤਕ ਪਾਰਟੀ (ਸ਼੍ਰੋਮਣੀ ਅਕਾਲੀ ਦਲ) ਆਪਣੇ ਪ੍ਰਬੰਧ ਹੇਠ ਰੱਖਦੀ ਹੈ। ਸ਼੍ਰੋਮਣੀ ਅਕਾਲੀ ਦਲ 'ਤੇ ਹੁਣ ਇੱਕ ਪਰਿਵਾਰ ਦਾ ਕਬਜਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਹੁਣ ਇਨ੍ਹਾ ਤੈਹਾਂ ਦੀ ਸਭ ਤੋਂ ਹੇਠਲੀ ਤੈਹ ਵਿੱਚ ਹੁੰਦਾ ਹੈ। ਬਿਮਾਰੀ ਇਹ ਹੈ।

ਸੋ ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਅਸਲ ਵਿੱਚ ਗਲਤ ਤਰੀਕੇ ਨਾਲ ਚੁਣੇ ਹੋਏ ਬੰਦੇ ਗਲਤੀਆਂ ਕਰਨ ਲਈ ਸਰਾਪੇ ਹੁੰਦੇ ਹਨ। ਅਸਲੀ ਹੱਲ ਇਹੋ ਕਿ ਆਪਣੇ ਅਸਲ ਵੱਲ ਪਰਤਿਆ ਜਾਵੇ। ਸਾਡਾ ਅਸਲ ਕੀ ਹੈ ? ਅਕਾਲ ਪੁਰਖ ਦੀ ਮੌਜ ਵਿੱਚ ਖਾਲਸਾ ਪ੍ਰਗਟਿਆ, ਆਪੇ ਗੁਰ ਚੇਲਾ ਦੇ ਅਜਬ ਦ੍ਰਿਸ਼ ਨੇ ਸਾਡੀ ਅਗਵਾਈ ਵੱਲ ਇਸ਼ਾਰਾ ਕੀਤਾ। ਗੁਰਿਆਈ ਦੇਣ ਦਾ ਵਕਤ ਆਇਆ ਤਾਂ ਗੁਰੂ ਸਾਹਿਬ ਨੇ ਗੁਰਿਆਈ ਸਾਂਝੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਖਾਲਸਾ ਪੰਥ ਨੂੰ ਬਖਸ਼ਿਸ਼ ਕੀਤੀ। ਗੁਰ-ਜੋਤ ਸ਼ਬਦ ਰੂਪ ਵਿੱਚ ਗੁਰੂ ਗ੍ਰੰਥ ਵਿੱਚ ਵਿਦਮਾਨ ਹੈ ਤੇ ਦੇਹ-ਰੂਪ ਵਿੱਚ ਗੁਰੂ ਪੰਥ ਵਿੱਚ ਪਰਕਾਸ਼ਮਾਨ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਜਾਬ ਤੋਰਨ ਵਕਤ ਵੀ ਪੰਜ ਪਿਆਰਿਆਂ ਦੀ ਅਗਵਾਈ ਸੀ। ਸਾਡੀ ਅਗਵਾਈ ਦਾ ਇਹ ਤਰੀਕਾ ਗੁਰੂ ਨੇ ਸਾਨੂੰ ਦਿੱਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਹਜੂਰੀ ਵਿੱਚ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਜੁੜਿਆ ਖਾਲਸਾ ਪੂਰਨ ਰੂਪ ਵਿੱਚ ਗੁਰੂ ਹੈ। ਤਦ ਹੀ ਇੱਥੇ ਹੋਏ ਫੈਸਲੇ ਨੂੰ 'ਗੁਰਮਤਾ' ਕਿਹਾ ਜਾਂਦਾ ਹੈ। 'ਗੁਰਮਤਾ' - ਗੁਰੂ ਦੀ ਮੱਤ। ਸਾਡੀ ਕੋਈ ਵੀ ਗੱਲ ਇਹਨਾਂ ਦੋ ਅਹਿਮ ਗੱਲਾਂ ਤੋਂ ਬਿਨਾਂ ਸਦਾ ਅਧੂਰੀ ਹੀ ਰਹੇਗੀ - ਸਾਡੀ ਅਗਵਾਈ ਦਾ ਤਰੀਕਾ ਅਤੇ ਸਾਡੀ ਫੈਸਲੇ ਕਰਨ ਦੀ ਰਵਾਇਤ। ਇਹਨਾਂ 'ਤੇ ਹੀ ਸਾਡਾ ਇਤਿਹਾਸ ਹੈ ਅਤੇ ਇਹਨਾਂ ਨਾਲ ਹੀ ਸਾਡਾ ਭਵਿੱਖ ਤੈਅ ਹੋਣਾ ਹੈ।

ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਨੂੰ ਪੰਥਕ ਰਿਵਾਇਤ ਅਨੁਸਾਰੀ ਕਰਨ ਵੱਲ ਸੰਜੀਦਗੀ ਨਾਲ ਸੋਚਣ ਦੀ ਲੋੜ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਸਬੰਧੀ ਇਕ ਅਹਿਮ ਨੁਕਤਾ ਵਿਚਾਰਨਯੋਗ ਹੈ ਕਿ ਹਮੇਸ਼ਾਂ ਹੀ ਇਹ ਸੇਵਾ ਸੰਭਾਲ ਇੱਕ ਜਥੇ ਨੂੰ ਦਿੱਤੀ ਜਾਂਦੀ ਰਹੀ ਹੈ। ਉਸ ਜਥੇ ਦਾ ਜਥੇਦਾਰ ਆਮ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ/ਜਥੇਦਾਰ ਵਜੋਂ ਸੇਵਾਵਾਂ ਨਿਭਾਉਂਦਾ ਹੈ ਜਿਵੇਂ ਮਿਸਲਾਂ ਦਾ ਪ੍ਰਬੰਧ ਵਿਕਸਿਤ ਹੋਣ ਉਪਰੰਤ ਅਕਾਲੀ ਫੂਲਾ ਸਿੰਘ ਜੀ ਬੁੱਢਾ ਦਲ ਦੇ ਜਥੇਦਾਰ ਸਨ ਅਤੇ ਉਨ੍ਹਾਂ ਦੇ ਜਥੇ ਪਾਸ ਸੇਵਾ ਸੰਭਾਲ ਹੋਣ ਕਾਰਨ ਓਹੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਨਿਭਾਉਂਦੇ ਰਹੇ।

ਮੌਜੂਦਾ ਚਲਣ ਨੂੰ ਬਦਲ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਸਾਡੀ ਪ੍ਰੰਪਰਾ ਅਨੁਸਾਰ ਨਿਸ਼ਕਾਮ ਜਥਿਆਂ ਨੂੰ ਦੇਣੀ ਚਾਹੀਦੀ ਹੈ। ਅਜਿਹੇ ਸਿੱਖਾਂ/ਜਥਿਆਂ ਕੋਲ ਸੇਵਾ ਹੋਵੇਗੀ ਤਾਂ ਹੀ ਰਾਜਨੀਤਕ ਪ੍ਰਭਾਵ ਤੋਂ ਇਹਨਾਂ ਪਵਿੱਤਰ ਥਾਵਾਂ ਨੂੰ ਮੁਕਤ ਕੀਤਾ ਜਾ ਸਕੇਗਾ। ਪੰਥਕ ਰਿਵਾਇਤਾਂ ਤੋਂ ਸੇਧ ਲੈ ਕੇ ਗੁਰੂ ਖਾਲਸਾ ਪੰਥ ਦੀ ਸਾਂਝੀ ਰਾਏ ਦਾ ਪ੍ਰਗਟਾਓ ਕਰਨ ਦਾ ਅਮਲ, ਭਾਵ ਕਿ ਗੁਰਮਤਾ ਵਿਧੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਦਾ ਰਵਾਇਤੀ ਤਰੀਕਾਕਾਰ ਮੁੜ-ਬਹਾਲ ਕੀਤਾ ਜਾਣਾ ਚਾਹੀਦਾ ਹੈ। ਆਉ ਆਪਣੀ ਗੁਰਮਤਾ ਕਰਨ, ਆਗੂ ਚੁਣਨ ਅਤੇ ਜਥੇਬੰਦਕ ਹੋਣ ਦੀ ਪਰੰਪਰਾ ਤੇ ਪਹਿਰਾ ਦੇਣ ਵੱਲ ਮੁੜੀਏ। ਗੁਰੂ ਸਾਹਿਬ ਅੰਗ ਸੰਗ ਸਹਾਈ ਹੋਣਗੇ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਬਜਰੰਗ ਦਲ ਦੀ ਹਮਾਇਤ ਤੋਂ ਕਿਉਂ ਝਿਜਕਿਆ ਸੰਘ ਪਰਿਵਾਰ ਤੇ ਪ੍ਰਧਾਨ ਮੰਤਰੀ ਮੋਦੀ ?



ਰਵੀਸ਼ ਕੁਮਾਰ



ਕਰਨਾਟਕ ਚੋਣਾਂ ਦੌਰਾਨ ਕਾਂਗਰਸ ਨੇ ਬਜਰੰਗ ਦਲ ਨੂੰ ਸੰਘ ਪਰਿਵਾਰ ਦਾ ਪ੍ਰਮੁੱਖ ਹਿੱਸਾ ਐਲਾਨਿਆ ਸੀ ,ਜੋ ਭਗਵੀਆਂ ਹਿੰਸਕ ਗਤੀਵਿਧੀਆਂ ਦੇ ਦੋਸ਼ਾਂ ਲਈ ਜਾਣਿਆ ਜਾਂਦਾ ਹੈ।ਪਰ ਸੰਘ ਪਰਿਵਾਰ ਨੇ ਇਸ ਸੰਸਥਾ ਤੋਂ ਹਮੇਸ਼ਾ ਦੂਰੀ ਬਣਾਈ ਰਖੀ ਸੀ। ਇਸ ਵਾਰ ਵੀ ਸੰਘ ਪਰਿਵਾਰ ਨੇ ਲਗਭਗ ਉਹੀ ਦੂਰੀ ਬਣਾਈ ਰੱਖੀ। ਬਜਰੰਗ ਦਲ ਨਾਲ ਧੋਖਾ ਹੋ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਹ ਨਹੀਂ ਕਿਹਾ ਕਿ ਉਹ ਬਜਰੰਗ ਦਲ ਨੂੰ ਬੈਨ ਨਹੀਂ ਹੋਣ ਦੇਣਗੇ। ਬਸ ਬਜਰੰਗ ਬਲੀ ਦਾ ਨਾਅਰਾ ਲਗਾਕੇ ਚਲੇ ਗਏ।

ਕਾਂਗਰਸ ਨੇ ਬਜਰੰਗ ਦਲ ਅਤੇ ਪੀਐਫਆਈ ਅਰਥਾਤ ਪਾਪੂਲਰ ਫਰੰਟ ਆਫ ਇੰਡੀਆ 'ਤੇ ਪਾਬੰਦੀ ਲਗਾਉਣ ਦੀ ਗੱਲ ਕੀਤੀ ਹੈ। ਕਾਂਗਰਸ ਦਾ ਇਹ ਇੱਕ ਦਲੇਰਾਨਾ ਸਿਆਸੀ ਦਾਅ ਸੀ ਜੋ ਸਫਲ ਰਿਹਾ। ਇਹ ਸਿਆਸੀ ਲੜਾਈ ਬਹੁਤ ਲੰਬੀ ਹੈ। ਚੋਣ ਸਭ ਕੁਝ ਨਹੀਂ ਹੁੰਦੀ।

ਕਾਂਗਰਸ ਨੇ ਬਜਰੰਗ ਦਲ ਪਾਬੰਦੀ ਦੀ ਗੱਲ ਕਰਕੇ ਸੰਘ ਪਰਿਵਾਰ ਦੇ ਅੰਤਰ ਵਿਰੋਧਾਂ ਤੇ ਦੋਗਲੇਪਣ ਦਾ ਪਰਦਾਫਾਸ਼ ਕਰ ਦਿਤਾ ਹੈ। ਕਾਂਗਰਸ ਨੇ ਪਹਿਲਾਂ ਤਾਂ ਸੰਘ ਪਰਿਵਾਰ ਦੇ ਗੁਪਤ ਸਮਰਥਕਾਂ ਬਜਰੰਗ ਦਲ ਨੂੰ ਸਾਹਮਣੇ ਆਉਣ ਦਾ ਮੌਕਾ ਦਿੱਤਾ ਅਤੇ ਦੂਜਾ ਇਹ ਵੀ ਜਨਤਾ ਨੂੰ ਦਿਖਾ ਦਿਤਾ ਕਿ ਸੰਘ ਜਾਂ ਭਾਜਪਾ ਬਜਰੰਗ ਦਲ ਦੀ ਖੁੱਲ੍ਹ ਕੇ ਹਮਾਇਤ ਨਹੀਂ ਕਰ ਸਕਦੇ। ਇਹ ਕਾਂਗਰਸ ਦੀ ਵੱਡੀ ਰਣਨੀਤਕ ਜਿੱਤ ਸੀ। ਉਮੀਦ ਹੈ ਬਜਰੰਗ ਦਲ ਇਸ ਬੀਤੀ ਘਟਨਾ ਦਾ ਵਿਸ਼ਲੇਸ਼ਣ ਕਰ ਸਕੇਗਾ।ਬਜਰੰਗ ਦਲ ਨੂੰ ਅਜੇ ਵੀ ਸੰਘ ਤੇ ਭਾਜਪਾ ਨੂੰ ਪੂਰੀ ਪ੍ਰਵਾਨਗੀ ਨਹੀਂ ਮਿਲੀ ਹੈ। ਇਸ ਜਥੇਬੰਦੀ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਵਾਰਾ ਜਾਂ ਬਦਮਾਸ਼ ਮੰਨਿਆ ਗਿਆ ਹੈ। ਕੋਈ ਵੀ ਮਾਣ ਨਾਲ ਨਹੀਂ ਕਹਿੰਦਾ ਕਿ ਉਹ ਬਜਰੰਗ ਦਲ ਤੋਂ ਭਾਜਪਾ ਵਿਚ ਆਇਆ ਹੈ। ਮੈਨੂੰ ਨਹੀਂ ਪਤਾ ਕਿ ਇਸ ਸਮੇਂ ਭਾਜਪਾ ਦੇ ਕਿੰਨੇ ਵੱਡੇ ਅਹੁਦੇਦਾਰ ਅਤੇ ਵਿਧਾਇਕ ਤੋਂ ਲੈ ਕੇ ਸੰਸਦ ਮੈਂਬਰ ਬਜਰੰਗ ਦਲ ਦੇ ਪਿਛੋਕੜ ਵਾਲੇ ਹਨ। ਸਗੋਂ ਬਜਰੰਗ ਦਲ ਨੂੰ ਖੁਦ ਇਸ ਦਾ ਅਧਿਐਨ ਕਰਨਾ ਚਾਹੀਦਾ ਹੈ ਕਿ ਹਿੰਦੂਤਵ ਦੀਆਂ ਸ਼ਾਖਾਵਾਂ ਵਿੱਚ ਇਸ ਦੀ ਸਿਆਸੀ ਮਹੱਤਤਾ ਕੀ ਹੈ ?

ਬਜਰੰਗ ਦਲ ਇਹ ਕੰਮ ਆਸਾਨੀ ਨਾਲ ਕਰ ਸਕਦਾ ਹੈ ਕਿ ਹਿੰਦੂਤਵੀ ਸੰਗਠਨ ਪਰਿਵਾਰ ਨੂੰ ਦੱਸ ਸਕੇ ਕਿ ਭਾਜਪਾ ਵਿਚ ਉਸ ਦੇ ਕਿੰਨੇ ਨੇਤਾ ਹਨ। ਫਿਰ ਵੀ ਉਹ ਬਜਰੰਗ ਦਲ 'ਤੇ ਪਾਬੰਦੀ ਦੇ ਖਿਲਾਫ ਅੱਗੇ ਨਹੀਂ ਆਏ। ਜੇਕਰ ਇਸ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਬਜਰੰਗ ਦਲ ਨਾਲ ਬੇਇਨਸਾਫ਼ੀ ਹੈ। ਜਿਸ ਤਰ੍ਹਾਂ ਰਾਹੁਲ ਗਾਂਧੀ ਨੇ ਸੂਟ-ਬੂਟ ਸਰਕਾਰ ਦਾ ਨਾਅਰਾ ਦੇ ਕੇ ਨਰਿੰਦਰ ਮੋਦੀ ਦਾ ਮਹਿੰਗਾ ਸੂਟ ਇਕ ਝਟਕੇ ਵਿੱਚ ਉਤਾਰ ਦਿੱਤਾ ਸੀ, ਉਸੇ ਤਰ੍ਹਾਂ ਬਜਰੰਗ ਦਲ 'ਤੇ ਪਾਬੰਦੀ ਦੀ ਗੱਲ ਕਰਕੇ ਰਾਹੁਲ ਨੇ ਨਰਿੰਦਰ ਮੋਦੀ ਨੂੰ ਅਜਿਹਾ ਝਟਕਾ ਦਿਤਾ ਕਿ ਉਹ ਬਜਰੰਗ ਦਲ ਦਾ ਸਮਰਥਨ ਨਾ ਕਰ ਸਕੇ। ਮੋਦੀ ਨੇ ਬਜਰੰਗ ਦਲ ਦੀ ਹਮਾਇਤ ਕਰਨ ਦੀ ਥਾਂ ਬਜਰੰਗ ਬਲੀ ਦਾ ਨਾਅਰਾ ਲਗਾ ਕੇ ਬਜਰੰਗ ਦਲ ਨਾਲ ਬੇਇਨਸਾਫ਼ੀ ਕੀਤੀ। ਮੋਦੀ ਨੇ ਨਾ ਬਜਰੰਗ ਦਲ ਦੀਆਂ ਖੂਬੀਆਂ ਬਾਰੇ ਪ੍ਰਗਟਾਵਾ ਕੀਤਾ, ਨਾ ਬਜਰੰਗ ਉਪਰ ਪਾਬੰਦੀ ਲਗਾਉਣ ਦਾ ਵਿਰੋਧ ਕੀਤਾ।

ਮੈਂ ਮੋਦੀ ਸਾਹਿਬ ਦਾ ਭਾਸ਼ਣ ਵਿਸਥਾਰ ਨਾਲ ਨਹੀਂ ਸੁਣਿਆ ਸੀ, ਪਰ ਜੋ ਕੁਝ ਛਪਿਆ ਹੈ ਅਤੇ ਜਿੰਨ੍ਹਾਂ ਮੈਂ ਦੇਖਿਆ ਹੈ, ਉਸ ਤੋਂ ਲੱਗਦਾ ਹੈ ਕਿ ਉਨ੍ਹਾਂ ਨੇ ਬਜਰੰਗ ਬਲੀ ਦੀ ਪੂਜਾ 'ਤੇ ਪਾਬੰਦੀ ਦਾ ਮੁੱਦਾ ਬਣਾਇਆ ਹੈ। ਜੋ ਕਿ ਮੁੱਦਾ ਹੀ ਨਹੀਂ ਸੀ। ਅਜਿਹਾ ਕਰਕੇ ਮੋਦੀ ਨੇ ਖੁਦ ਬਜਰੰਗ ਦਲ ਦਾ ਅਪਮਾਨ ਕੀਤਾ ਹੈ। ਜੇਕਰ ਉਹ ਇਸ ਨੂੰ ਇੱਕ ਮਹੱਤਵਪੂਰਨ ਸੰਗਠਨ ਮੰਨਦੇ ਸਨ, ਤੇ ਬਜਰੰਗ ਦਲ ਨੂੰ ਹਿੰਦੂਤਵ ਰਾਜਨੀਤੀ ਦਾ ਇੱਕ ਹੁੱਲੜਬਾਜੀ ਦੀ ਤਾਕਤ ਵਜੋਂ ਨਹੀਂ, ਸਗੋਂ ਇੱਕ ਆਦਰਸ਼ ਸ਼ਕਤੀ ਵਜੋਂ ਮੰਨਦੇ ਸਨ, ਤਾਂ ਬਜਰੰਗ ਦਲ ਦੀ ਹਮਾਇਤ ਕਰਨੀ ਚਾਹੀਦੀ ਸੀ। ਪਰ ਮੋਦੀ ਨੇ ਬਜਰੰਗ ਬਲੀ ਨੂੰ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ।

ਸਾਰੇ ਜਾਣਦੇ ਹਨ ਕਿ ਬਜਰੰਗ ਬਲੀ ਦੀ ਪੂਜਾ ਉਪਰ ਕੋਈ ਵੀ ਰੋਕ ਨਹੀਂ ਲਗਾ ਸਕਦਾ। ਕੋਈ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦਾ। ਪਵਨ ਦੇ ਪੁੱਤਰ ਨੂੰ ਕੌਣ ਬੰਨ੍ਹ ਸਕਦਾ ਹੈ ਜਾਂ ਰੋਕ ਸਕਦਾ ਹੈ। ਪਰ ਪ੍ਰਧਾਨ ਮੰਤਰੀ ਨੇ ਇਸ ਗੰਭੀਰ ਮੁੱਦੇ ਨੂੰ ਡਰਾਮੇ ਵਿੱਚ ਬਦਲ ਦਿੱਤਾ। ਪੱਤਰਕਾਰਾਂ ਵਿੱਚ ਪ੍ਰਧਾਨ ਮੰਤਰੀ ਦੀ ਇਸ ਬੇਈਮਾਨੀ ਦਾ ਪਰਦਾਫਾਸ਼ ਕਰਨ ਦੀ ਹਿੰਮਤ ਨਹੀਂ ਹੈ ਕਿ ਉਹ ਪੁੱਛਣ ਕਿ ਬਜਰੰਗ ਦਲ ਦੀਆਂ ਉਹ ਦਸ ਖੂਬੀਆਂ ਕਿਉਂ ਨਹੀਂ ਦੱਸ ਰਹੇ। ਸਾਫ਼-ਸਾਫ਼ ਕਿਉਂ ਨਹੀਂ ਕਹਿ ਰਹੇ ਕਿ ਬਜਰੰਗ ਦਲ 'ਤੇ ਪਾਬੰਦੀ ਨਹੀਂ ਲੱਗਣ ਦਿਆਂਗੇ।ਬਜਰੰਗ ਦਲ ਨੂੰ ਇਕ ਵਾਰ ਫਿਰ ਇਕੱਲੇ ਛੱਡ ਦਿੱਤਾ , ਜਿੱਥੇ ਇਸ ਦੇ ਆਲੋਚਕ ਇਸ ਨੂੰ ਇਕ ਨਾਜਾਇਜ਼ ਅਤੇ ਅਵਾਰਾ ਸੰਗਠਨ ਕਰਾਰ ਦਿੰਦੇ ਰਹਿੰਦੇ ਹਨ। ਕੀ ਸੰਘ ਮੁਖੀ ਨੇ ਬਜਰੰਗ ਦਲ 'ਤੇ ਪਾਬੰਦੀ ਲਗਾਉਣ ਵਿਰੁਧ ਕੋਈ ਵੱਡਾ ਬਿਆਨ ਦਿੱਤਾ ?ਇਹ ਇਕ ਬਹੁਤ ਵਧੀਆ ਮੌਕਾ ਸੀ ਕਿ ਬਜਰੰਗ ਦਲ ਦੇ ਚੰਗੇ ਕੰਮਾਂ ਨੂੰ ਸੰਘ ਪਰਿਵਾਰ ਦੇ ਮੂੰਹੋਂ ਸੁਣਨ ਦਾ , ਪਰ ਬੁਲਾਰਿਆਂ ਨੇ ਬੇਈਮਾਨੀ ਕੀਤੀ, ਇਸ ਵਿੱਚ ਕਾਂਗਰਸ ਦਾ ਕੀ ਕਸੂਰ ਹੈ ?

ਕੀ ਭਾਜਪਾ ਨੇ ਕਦੇ ਕਿਹਾ ਹੈ ਕਿ ਬਜਰੰਗ ਦਲ ਸਾਡਾ ਹੈ ? ਕੀ ਭਾਜਪਾ ਆਪਣੀ ਅਗਲੀ ਕੌਮੀ ਕਾਰਜਕਾਰਨੀ ਵਿੱਚ ਇਹ ਮਤਾ ਪਾਸ ਕਰੇਗੀ ਕਿ ਬਜਰੰਗ ਦਲ ਸਾਡਾ ਸੰਗਠਨ ਹੈ ? ਇਹ ਇੱਕ ਰਾਸ਼ਟਰੀ ਤੇ ਦੇਸਭਗਤ ਸੰਸਥਾ ਹੈ। ਕੀ ਇਸ ਦਾ ਸਾਰਾ ਕੰਮ ਉੱਚ ਆਦਰਸ਼ਾਂ ਤੋਂ ਪ੍ਰੇਰਿਤ ਹੈ ?

ਕਰਨਾਟਕ ਚੋਣਾਂ ਵਿੱਚ ਕਾਂਗਰਸ ਨੇ ਕਿਹਾ ਸੀ ਕਿ ਉਹ ਬਜਰੰਗ ਦਲ ਅਤੇ ਪੀਐੱਫਆਈ 'ਤੇ ਪਾਬੰਦੀ ਲਗਾਏਗੀ ਪਰ ਪ੍ਰਧਾਨ ਮੰਤਰੀ ਵਲੋਂ ਬਜਰੰਗ ਦਲ ਦੀ ਨਹੀਂ, ਬਜਰੰਗ ਬਲੀ ਦੀ ਚਰਚਾ ਕੀਤੀ ਸੀ। ਬਜਰੰਗ ਬਲੀ ਸਿਰਫ ਬਜਰੰਗ ਦਲ ਦਾ ਹੀ ਨਹੀਂ ਹੈ। ਸਭ ਹਿੰਦੂਆਂ ਦਾ ਸਾਂਝਾ ਹੈ।ਪੀਐੱਫਆਈ 'ਤੇ ਪਾਬੰਦੀ ਲਗਾਉਣ 'ਤੇ ਕਿਸੇ ਨੇ ਕੋਈ ਧਾਰਮਿਕ ਨਾਅਰਾ ਨਹੀਂ ਦਿੱਤਾ, ਜੇ ਦਿੱਤਾ ਹੁੰਦਾ ਤਾਂ ਭਗਵਿਆਂ ਨੇ ਵੱਡਾ ਵਿਵਾਦ ਖੜਾ ਕਰਨਾ ਸੀ।

ਬਜਰੰਗ ਦਲ 'ਤੇ ਪਾਬੰਦੀ ਦੇ ਮਾਮਲੇ 'ਤੇ ਪ੍ਰਧਾਨ ਮੰਤਰੀ ਨੇ ਚੋਣ ਪਰੰਪਰਾਵਾਂ ਨੂੰ ਤੋੜਦਿਆਂ ਬਜਰੰਗ ਬਲੀ ਕੀ ਜੈ ਦਾ ਨਾਅਰਾ ਲਗਾਇਆ ਜਦ ਕਿ ਪ੍ਰਧਾਨ ਮੰਤਰੀ ਮੋਦੀ ਨੂੰ ਬਜਰੰਗ ਦਲ ਦੇ ਗੁਣਾਂ ਬਾਰੇ ਦੱਸਣਾ ਚਾਹੀਦਾ ਸੀ, ਪਰ ਲੱਗਦਾ ਹੈ ਕਿ ਉਹ ਖੁਦ ਇਸ ਗੱਲ ਤੋਂ ਸੰਤੁਸ਼ਟ ਨਹੀਂ ਹਨ ਕਿ ਇਹ ਪਾਰਟੀ ਕੋਈ ਗੁਣ ਵੀ ਰਖਦੀ ਹੈ। ਸਪਸ਼ਟ ਤੌਰ ਉਪਰ ਬਜਰੰਗ ਦਲ ਦੇ ਵਿਰੋਧੀ ਇਸ ਨੂੰ ਬੁਰਾ ਕਹਿੰਦੇ ਹਨ, ਪਰ ਮੋਦੀ ਅਤੇ ਭਾਗਵਤ ਇਸ ਨੂੰ ਚੰਗਾ ਕਿਉਂ ਨਹੀਂ ਕਹਿ ਸਕੇ ?

ਬਜਰੰਗ ਦਲ ਨੂੰ ਸੋਚਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਦੇ ਸੰਗਠਨ ਦਾ ਕੰਮ ਇੰਨਾ ਮਾੜਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸਦੇ ਕੰਮ ਨੂੰ ਗਿਣਾਉਂਦੇ ਹੋਏ ਇਸ ਦਾ ਬਚਾਅ ਨਹੀਂ ਕਰ ਸਕੇ ? ਬਜਰੰਗ ਬਲੀ ਦੀ ਥਾਂ ਮੋਦੀ ਇਹ ਕਹਿ ਦਿੰਦੇ ਕਿ ਅਸੀਂ ਸਾਰੇ ਬਜਰੰਗ ਦਲੀ ਹਾਂ, ਤਾਂ ਮੰਨਿਆ ਜਾਂਦਾ ਕਿ ਕਾਂਗਰਸ ਦੀ ਬਾਜ਼ੀ ਗਲਤ ਸੀ। ਕਾਂਗਰਸ ਨੇ ਇਹਨਾਂ ਕਰਨਾਟਕਾ ਦੀਆਂ ਚੋਣਾਂ ਦੌਰਾਨ ਦਿਖਾ ਦਿੱਤਾ ਸੀ ਕਿ ਮੋਦੀ ਭਾਵੇਂ ਜਿੰਨਾ ਮਰਜ਼ੀ ਧਾਰਮਿਕ ਮੁੱਦਾ ਬਣਾ ਲੈਣ, ਉਹ ਬਜਰੰਗ ਦਲ ਨੂੰ ਸਿਆਸੀ ਸਮਰਥਨ ਨਹੀਂ ਦੇ ਸਕਦੇ।

2016 ਵਿਚ ਮੋਦੀ ਨੇ ਇਹਨਾਂ ਭਗਵਿਆਂ ਬਾਰੇ ਕਿਹਾ ਸੀ ਕਿ ਜੇਕਰ ਜਾਂਚ ਕੀਤੀ ਜਾਵੇ ਤਾਂ ਇਨ੍ਹਾਂ ਵਿਚੋਂ 80 ਫੀਸਦੀ ਲੋਕਾਂ ਨੇ ਗਊ ਰੱਖਿਆ ਦੀਆਂ ਦੁਕਾਨਾਂ ਖੋਲ੍ਹੀਆਂ ਹੋਈਆਂ ਹਨ। ਮੈਨੂੰ ਅਜਿਹੇ ਲੋਕਾਂ ਤੋਂ ਬਹੁਤ ਗੁੱਸਾ ਆਉਂਦਾ ਹੈ। ਉਨ੍ਹਾਂ ਨੇ ਸੂਬਾ ਸਰਕਾਰਾਂ ਨੂੰ ਅਜਿਹੇ ਲੋਕਾਂ ਦਾ ਡੋਜ਼ੀਅਰ ਤਿਆਰ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ ਸੀ। ਉਸ ਸਮੇਂ ਹਿੰਦੂ ਮਹਾਸਭਾ ਗੁੱਸੇ ਵਿੱਚ ਆ ਗਈ ਸੀ।

ਗਊ ਰੱਖਿਆ ਨਾਲ ਜੁੜੇ ਮਾਮਲੇ ਵਿਚ ਬਜਰੰਗ ਦਲ ਦੇ ਲੋਕਾਂ ਦਾ ਨਾਂ ਵੀ ਆਉਂਦਾ ਹੈ। ਪਤਾ ਨਹੀਂ ਪ੍ਰਧਾਨ ਮੰਤਰੀ ਦਾ ਇਹ ਬਿਆਨ ਬਜਰੰਗ ਦਲ ਨੂੰ ਕਿਵੇਂ ਦਾ ਲੱਗਾ ਹੋਵੇਗਾ। ਕੀ ਪ੍ਰਧਾਨ ਮੰਤਰੀ ਕਰਨਾਟਕ ਵਿੱਚ ਇਹ ਨਹੀਂ ਕਹਿ ਸਕਦੇ ਸਨ ਕਿ ਜੇਕਰ ਬਜਰੰਗ ਦਲ 'ਤੇ ਪਾਬੰਦੀ ਹੈ ਤਾਂ ਗਊ ਰੱਖਿਆ ਦਾ ਕੰਮ ਕੌਣ ਕਰੇਗਾ, ਜਬਲਪੁਰ ਵਿਚ ਕਾਂਗਰਸ ਦੇ ਦਫ਼ਤਰ ਵਿਚ ਭੰਨਤੋੜ ਕੌਣ ਕਰੇਗਾ ? ਹੋ ਸਕਦਾ ਹੈ ਕਿ ਮੋਦੀ ਅਜੇ ਵੀ ਮੰਨਦੇ ਹੋਣ ਕਿ ਗਊ ਰੱਖਿਆ ਦੇ ਕੰਮ ਵਿਚ ਲੱਗੇ 80 ਫੀਸਦੀ ਲੋਕ ਗਊ ਰੱਖਿਆ ਦੀਆਂ ਦੁਕਾਨਾਂ ਚਲਾਉਂਦੇ ਹਨ।

ਜੇਕਰ ਦੇਖਿਆ ਜਾਵੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬਜਰੰਗ ਦਲ ਦੀ ਥਾਂ ਬਜਰੰਗ ਬਲੀ ਦਾ ਨਾਂ ਲੈ ਕੇ ਆਪਣਾ ਅਕਸ ਬਚਾ ਲਿਆ। ਮੇਰਾ ਸਵਾਲ ਹੈ ਕਿ ਨਰਿੰਦਰ ਮੋਦੀ ਬਜਰੰਗ ਦਲ ਦੀ ਤਾਰੀਫ ਕਿਉਂ ਨਹੀਂ ਕਰ ਸਕੇ ? ਬਜਰੰਗ ਦਲ ਦੇ ਕੰਮਾਂ ਦੀ ਤਾਰੀਫ਼ ਕਿਉਂ ਨਹੀਂ ਹੋ ਸਕੀ ? ਕਾਂਗਰਸ ਨੇ ਬਜਰੰਗ ਦਲ ਨਾਲ ਬੇਇਨਸਾਫੀ ਨਹੀਂ ਕੀਤੀ, ਭਾਜਪਾ ਨੇ ਕੀਤੀ ਹੈ। ਜੇਕਰ ਬਜਰੰਗ ਦਲ ਬਜਰੰਗ ਬਲੀ ਦੇ ਸ਼ਰਧਾਲੂ ਹਨ ਤਾਂ ਮੋਦੀ ਨੂੰ ਹੋਰ ਖੁੱਲ੍ਹ ਕੇ ਬਚਾਅ ਕਰਨਾ ਚਾਹੀਦਾ ਸੀ। ਪਰ ਮੋਦੀ ਨੇ ਨਹੀਂ ਕੀਤਾ। ਜੇਕਰ ਰਾਹੁਲ ਖੁੱਲ੍ਹ ਕੇ ਇਸ ਮੁੱਦੇ ਨੂੰ ਉਠਾਉਂਦੇ ਤਾਂ ਮੋਦੀ ਨੂੰ ਅਗਲੀ ਚੋਣ ਬਜਰੰਗ ਦਲ ਦੀ ਟਿਕਟ 'ਤੇ ਲੜਨ ਲਈ ਮਜਬੂਰ ਹੋਣਾ ਪਵੇਗਾ। ਬਜਰੰਗ ਦਲ ਨੂੰ ਸਨਮਾਨਿਤ ਕਰਨ ਦਾ ਹੋਰ ਕਿਹੜਾ ਇਤਿਹਾਸਕ ਮੌਕਾ ਹੋਵੇਗਾ ?

# ਮਨੀਪੁਰ ਹਿੰਸਾ, ਭਾਜਪਾ ਦੀ ਫਿਰਕੂ ਸਿਆਸਤ ਤੇ ਮੀਡੀਆ ਦੀ ਗ਼ੈਰ ਜ਼ਿੰਮੇਵਾਰ ਭੂਮਿਕਾ



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ

ਹਿੰਦੀ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਦੀਆਂ ਖ਼ਬਰਾਂ ਤੋਂ ਭਾਰਤ ਦੇ ਕਿਸੇ ਹਿੱਸੇ ਵਿੱਚ ਵਾਪਰ ਰਹੇ ਦੁਖਾਂਤ ਦੀ ਗੰਭੀਰਤਾ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਮਨੀਪੁਰ ਕੁਝ ਦਿਨਾਂ ਤੋਂ ਸੜ ਬਲ ਰਿਹਾ ਹੈ। ਮਨੀਪੁਰ ਵਿੱਚ ਬਹੁਗਿਣਤੀ ਮੈਤੇਈ ਭਾਈਚਾਰੇ ਅਤੇ ਕਬਾਇਲੀ ਕੂਕੀ ਅਤੇ ਨਾਗਾ ਭਾਈਚਾਰਿਆਂ ਦਰਮਿਆਨ ਹਿੰਸਾ ਦੌਰਾਨ 50 ਤੋਂ ਵੱਧ ਲੋਕ ਮਾਰੇ ਗਏ ਸਨ, ਸੈਂਕੜੇ ਜ਼ਖ਼ਮੀ ਹੋਏ ਸਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਸਨ। ਉਹ ਰਾਹਤ ਕੈਂਪਾਂ ਵਿੱਚ ਰਹਿਣ ਲਈ ਮਜਬੂਰ ਹਨ।ਸਥਿਤੀ ਕਿੰਨੀ ਵਿਗੜ ਚੁੱਕੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਮਨੀਪੁਰ ਵਿੱਚ ਧਾਰਾ 355 ਦੀ ਵਰਤੋਂ ਕਰਕੇ ਸੰਘੀ ਸਰਕਾਰ ਨੇ ਰਾਜ ਸਰਕਾਰ ਤੋਂ ਕਾਨੂੰਨ ਵਿਵਸਥਾ ਦਾ ਅਧਿਕਾਰ ਖੋਹ ਲਿਆ ਹੈ। ਇਹ ਹੈਰਾਨੀ ਦੀ ਗਲ ਹੈ ਹੈ ਕਿ ਮਨੀਪੁਰ ਵਿੱਚ ਭਾਜਪਾ ਦੀ ਸਰਕਾਰ ਹਿੰਸਾ ਨੂੰ ਕਾਬੂ ਨਹੀਂ ਕਰ ਸਕਦੀ ਪਰ ਕਰਨਾਟਕ ਵਿੱਚ ਗ੍ਰਹਿ ਮੰਤਰੀ ਧਮਕੀ ਦੇ ਰਹੇ ਹਨ ਕਿ ਜੇਕਰ ਉਨ੍ਹਾਂ ਦੀ ਸਰਕਾਰ ਨਾ ਬਣੀ ਤਾਂ ਸੂਬੇ ਵਿੱਚ ਦੰਗੇ ਭੜਕਣਗੇ। ਕੀ ਇਹੀ ਕਾਰਨ ਹੈ ਕਿ ਇਸ ਕਦਮ ਦਾ ਰਸਮੀ ਐਲਾਨ ਨਹੀਂ ਕੀਤਾ ਗਿਆ? ਨਾ ਤਾਂ ਸੰਘੀ ਸਰਕਾਰ ਅਤੇ ਨਾ ਹੀ ਰਾਜ ਸਰਕਾਰ ਨੇ ਇਸ ਦਾ ਐਲਾਨ ਕੀਤਾ ਹੈ। ਜਿਵੇਂ ਕਿ ਬਾਕੀ ਕਈ ਕੰਮ ਭਾਜਪਾ ਦੀਆਂ ਸਰਕਾਰਾਂ ਗੁਪਤ ਤਰੀਕੇ ਨਾਲ ਕਰਦੀਆਂ ਹਨ,ਉਂਜ ਵੀ ਇਹ ਕੀਤਾ ਗਿਆ ਹੈ।

ਮਨੀਪੁਰ ਇੱਕ ਤਰ੍ਹਾਂ ਨਾਲ ਫੌਜ ਅਤੇ ਅਰਧ ਸੈਨਿਕ ਬਲਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਪਰ ਕੀ ਭਾਰਤ ਦੇ ਹਰ ਹਿੱਸੇ ਨੂੰ ਆਪਣਾ ਬਣਾਉਣ ਲਈ ਦ੍ਰਿੜ ਹਿੰਦੀ ਅਖ਼ਬਾਰ ਵੀ ਉਸ ਅੱਗ ਦੀ ਤਪਸ਼ ਨੂੰ ਮਹਿਸੂਸ ਕਰ ਰਹੇ ਹਨ ਜਿਸ ਵਿੱਚ ਮਨੀਪੁਰ ਸੜ ਰਿਹਾ ਹੈ? ਇਕ ਵੱਡੇ ਹਿੰਦੀ ਅਖ਼ਬਾਰ ਦੀ ਸੁਰਖੀ ਸੀ ਕਿ ਸ਼ਾਹ ਦੀ ਮਨੀਪੁਰ 'ਤੇ ਸਿੱਧੀ ਨਜ਼ਰ ਹੈ। ਇਸ ਦੇ ਨੇੜੇ ਇੱਕ ਦੂਜੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਅਫੀਮ ਦੀ ਖੇਤੀ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਦੌਰਾਨ ਹਿੰਸਾ ਭੜਕ ਗਈ। ਇਸ ਦੇ ਉਲਟ ਅੰਗਰੇਜ਼ੀ ਅਖ਼ਬਾਰ ਇਹ ਸਮਝਣ ਅਤੇ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮਨੀਪੁਰ ਵਿੱਚ ਹਿੰਸਾ ਦੇ ਪਿੱਛੇ ਕੀ ਕਾਰਨ ਹਨ? ਫੌਰੀ ਅਤੇ ਇਤਿਹਾਸਕ।

ਪਰ ਕੋਈ ਹਿੰਦੀ ਜਾਂ ਅੰਗਰੇਜ਼ੀ ਅਖ਼ਬਾਰ ਇਹ ਨਹੀਂ ਪੁੱਛ ਰਿਹਾ ਕਿ ਜਦੋਂ ਪੂਰਾ ਸੂਬਾ ਸੜ ਰਿਹਾ ਹੈ ਤਾਂ ਪ੍ਰਧਾਨ ਮੰਤਰੀ ਨੇ ਅਜੇ ਤੱਕ ਸ਼ਾਂਤੀ ਦੀ ਕੋਈ ਅਪੀਲ ਕਿਉਂ ਨਹੀਂ ਕੀਤੀ ਗਈ। ਰਾਸ਼ਟਰਪਤੀ ਵੀ ਚੁੱਪ ਕਿਉਂ? ਗ੍ਰਹਿ ਮੰਤਰੀ ਨੇ ਵੀ ਕੋਈ ਬਿਆਨ ਕਿਉਂ ਨਹੀਂ ਦਿੱਤਾ ਕਿ ਮਨੀਪੁਰ ਦੇ ਹਰ ਭਾਈਚਾਰੇ ਦੇ ਲੋਕਾਂ ਨੂੰ ਹਿੰਸਾ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਸ਼ਾਂਤੀ ਬਹਾਲ ਕਰਨੀ ਚਾਹੀਦੀ ਹੈ? ਵਿਰੋਧੀ ਸਿਆਸੀ ਪਾਰਟੀਆਂ ਨੇ ਪ੍ਰਧਾਨ ਮੰਤਰੀ ਨੂੰ ਮਨੀਪੁਰ ਵਿੱਚ ਸ਼ਾਂਤੀ ਬਹਾਲ ਕਰਨ ਲਈ ਉਪਾਅ ਕਰਨ ਦੀ ਅਪੀਲ ਕੀਤੀ ਹੈ।

ਇੱਕ ਨਿਯਮ ਦੇ ਤੌਰ 'ਤੇ, ਹਰ ਰਾਜ ਦੇ ਨੇਤਾਵਾਂ ਨੂੰ ਮਨੀਪੁਰ ਵਿੱਚ ਹਿੰਸਾ ਬਾਰੇ ਚਿੰਤਾ ਕਰਨੀ ਚਾਹੀਦੀ ਸੀ, ਜੇ ਮਨੁੱਖੀ ਕਾਰਨਾਂ ਲਈ ਨਹੀਂ, ਤਾਂ ਇਸ ਕਾਰਨ ਕਰਕੇ ਕਿ ਲਗਭਗ ਹਰ ਰਾਜ ਦੇ ਲੋਕ ਉੱਥੇ ਵਸਦੇ ਹਨ ਅਤੇ ਹਿੰਸਾ ਉਨ੍ਹਾਂ ਨੂੰ ਵੀ ਪ੍ਰਭਾਵਿਤ ਕਰੇਗੀ। ਪਰ ਮਨੀਪੁਰ ਦੇ ਗੁਆਂਢੀ ਰਾਜ ਅਸਾਮ ਦੇ ਮੁੱਖ ਮੰਤਰੀ







ਕਰਨਾਟਕ ਵਿੱਚ ਲੋਕਾਂ ਨੂੰ ਵਧਾਈ ਦੇ ਰਹੇ ਹਨ ਉਹਨਾਂ ਨੇ ਟੀਪੂ ਸੁਲਤਾਨ ਦਾ ਕਤਲ ਕੀਤਾ ਸੀ। ਲੋਕਾਂ ਨੂੰ ਸੁਨੇਹਾ ਦਿਤਾ ਜਾ ਰਿਹਾ ਹੈ ਕਿ ਕਾਂਗਰਸੀ ਲੋਕ ਟੀਪੂ ਸੁਲਤਾਨ ਦੀ ਸੰਤਾਨ ਹਨ, ਇਸ ਲਈ ਉਨ੍ਹਾਂ ਨੂੰ ਵੋਟ ਨਹੀਂ ਪਾਉਣੀ ਚਾਹੀਦੀ। ਕੀ ਭਾਜਪਾ ਨੂੰ ਵੋਟ ਪਾਉਣੀ ਚਾਹੀਦੀ ਹੈ? ਉਹ ਸੂਬੇ ਦੇ ਸਾਰੇ ਮਦਰੱਸਿਆਂ ਨੂੰ ਕਿਵੇਂ ਤਬਾਹ ਕਰ ਰਹੀ ਹੈ, ਇਸ ਦੀ ਉਦਾਹਰਣ ਦਿੰਦੇ ਹੋਏ, ਉਹ ਕਰਨਾਟਕ ਦੇ ਵੋਟਰਾਂ ਨੂੰ ਕਹਿ ਰਿਹਾ ਹੈ ਕਿ ਉਹ ਆਪਣੀ ਧਰਤੀ, ਭਾਜਪਾ ਨੂੰ ਅਜਿਹਾ ਕਰਨ ਲਈ ਵੋਟ ਦੇਣ। ਭਾਰਤ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕਰਨਾਟਕ ਵਿਚ ਕਿਹਾ ਸੀ ਕਿ ਹਿੰਦੂ ਧਰਮ ਨਾਲ ਖਿਲਵਾੜ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਮਨੀਪੁਰ ਵਿੱਚ ਹਿੰਸਾ ਵੀ ਆਪਣੇ ਆਪ ਨਹੀਂ ਭੜਕੀ ,ਸਗੋਂ ਇਹ ਫਿਰਕੂ ,ਵੰਡਵਾਦੀ ਰਾਜਨੀਤੀ ਦਾ ਨਤੀਜਾ ਹੈ। ਜਿਹੜੀ ਪਾਰਟੀ ਕਰਨਾਟਕ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਪਾੜਾ ਵਧਾ ਰਹੀ ਹੈ, ਉਹ ਮਨੀਪੁਰ ਸਮਾਜ ਵਿੱਚ ਭਾਈਚਾਰਿਆਂ ਵਿੱਚ ਪਾੜਾ ਕਿਵੇਂ ਰੋਕੇਗੀ? ਜਾਂ ਉਹ ਅਜਿਹਾ ਕਿਉਂ ਕਰਨਾ ਚਾਹੇਗੀ? ਫਿਰ ਉਨ੍ਹਾਂ ਦੀ ਰਾਜਨੀਤੀ ਦਾ ਕੀ ਬਣੇਗਾ ਕਿਉਂਕਿ ਇਸ ਦਾ ਆਧਾਰ ਹੀ ਫਿਰਕੂ ਵੰਡ ਹੈ।

ਮਨੀਪੁਰ ਵਿੱਚ ਹੋਈ ਹਿੰਸਾ ਨੂੰ ਲੈ ਕੇ ਭਾਜਪਾ ਆਗੂ ਕਿਉਂ ਚਿੰਤਤ ਨਹੀਂ ਜਾਪਦੇ, ਇਹ ਸਮਝਾਉਣਾ ਔਖਾ ਨਹੀਂ ਹੈ। ਮਨੀਪੁਰ ਦੇ ਮਾਹਿਰ ਦੱਸਦੇ ਹਨ ਕਿ ਘਾਟੀ ਵਿੱਚ ਰਹਿਣ ਵਾਲੇ ਬਹੁਗਿਣਤੀ ਮੈਤੇਈ ਭਾਈਚਾਰਾ ਅਤੇ ਪਹਾੜੀਆਂ ਅਤੇ ਜੰਗਲਾਂ ਵਿੱਚ ਰਹਿਣ ਵਾਲੇ ਘੱਟ ਗਿਣਤੀ ਕੂਕੀ ਅਤੇ ਨਾਗਾ ਭਾਈਚਾਰਿਆਂ ਵਿੱਚ ਇਤਿਹਾਸਕ ਤੌਰ 'ਤੇ ਇੱਕ ਦੂਜੇ ਨਾਲ ਟਕਰਾਅ ਰਿਹਾ ਹੈ। ਉਹ ਭਾਰਤੀ ਰਾਜ ਦੇ ਇਰਾਦਿਆਂ ਨੂੰ ਲੈਕੇ ਵੀ ਉਹਨਾਂ ਵਿਚ ਸ਼ੱਕ ਰਿਹਾ ਹੈ। ਇਸ ਕਰਕੇ ਮਨੀਪੁਰ ਵਿੱਚ ਵੀ ਇਸੇ ਤਰ੍ਹਾਂ ਦੇ ਹਿੰਸਕ ਸਮੂਹ ਸਰਗਰਮ ਹਨ ਜਿਵੇਂ ਨਾਗਾਲੈਂਡ ਜਾਂ ਮਿਜ਼ੋਰਮ ਜਾਂ ਅਸਾਮ ਵਿੱਚ।

ਇਸ ਹਿੰਸਾ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ। ਪਹਾੜਾਂ ਅਤੇ ਜੰਗਲਾਂ ਵਿੱਚ ਜ਼ਮੀਨ ਦੇ ਅਧਿਕਾਰ ਰਵਾਇਤੀ ਤੌਰ 'ਤੇ ਕਬਾਇਲੀ ਕੂਕੀ ਭਾਈਚਾਰੇ ਦੇ ਕੋਲ ਰਹੇ ਹਨ।ਉਹ ਘੱਟ ਗਿਣਤੀ ਹਨ ਅਤੇ ਜ਼ਿਆਦਾਤਰ ਇਸਾਈ ਧਰਮ ਨੂੰ ਮੰਨਣ ਵਾਲੇ ਹਨ।ਜੰਗਲਾਂ ਜਾਂ ਪਹਾੜਾਂ ਵਿੱਚ ਕੋਈ ਹੋਰ ਜ਼ਮੀਨ ਨਹੀਂ ਖਰੀਦ ਸਕਦਾ। ਪਰ ਜੇਕਰ ਕੂਕੀ ਚਾਹੁਣ ਤਾਂ ਘਾਟੀ ਜਾਂ ਮੈਦਾਨੀ ਇਲਾਕਿਆਂ ਵਿੱਚ ਜ਼ਮੀਨ ਲੈ ਸਕਦੇ ਹਨ।ਇਸ ਕਾਰਨ ਬਹੁਗਿਣਤੀ ਮੈਤੇਈ ਪਰੇਸ਼ਾਨ ਰਹਿੰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਜ਼ਮੀਨ ਕੂੱਕੀ ਖੋਹ ਲੈਣਗੇ। ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਕੂਕੀ ਭਾਈਚਾਰੇ

ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਹੈ ਜਿਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।ਉਹ ਜੰਗਲ ਜਾਂ ਪਹਾੜ ਵਿੱਚ ਜ਼ਮੀਨੀ ਅਧਿਕਾਰਾਂ ਲਈ ਅਨੁਸੂਚਿਤ ਜਨਜਾਤੀ ਦਾ ਦਰਜਾ ਚਾਹੁੰਦੇ ਹਨ। ਹਾਲ ਹੀ ਵਿੱਚ, ਮਨੀਪੁਰ ਹਾਈਕੋਰਟ ਨੇ ਮਨੀਪੁਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਸਿਫ਼ਾਰਸ਼ ਕਰੇ ਕਿ ਬਹੁਗਿਣਤੀ ਮੈਤੇਈ ਭਾਈਚਾਰੇ ਨੂੰ ਅਨੁਸੂਚਿਤ ਜਨਜਾਤੀ ਦਾ ਦਰਜਾ ਦਿੱਤਾ ਜਾਵੇ। ਇਸ ਤੋਂ ਬਾਅਦ ਕੂੱਕੀ ਭਾਈਚਾਰੇ ਦਾ ਖਦਸ਼ਾ ਹੋਰ ਡੂੰਘਾ ਹੋ ਗਿਆ ਕਿ ਉਸ ਨੂੰ ਜੰਗਲ ਅਤੇ ਪਹਾੜ ਤੋਂ ਉਜਾੜਨ ਦੀ ਕੋਈ ਸਾਜ਼ਿਸ਼ ਰਚੀ ਜਾ ਰਹੀ ਹੈ। ਹਾਲ ਹੀ ਵਿੱਚ ਸਰਕਾਰ ਨੇ ਕਈ ਕੂੱਕੀ ਘਰਾਂ ਨੂੰ ਗੈਰ-ਕਾਨੂੰਨੀ ਦੱਸ ਕੇ ਢਾਹ ਦਿੱਤਾ ਸੀ। ਮਿਆਂਮਾਰ ਵਿੱਚ ਰਾਜ ਸਰਕਾਰ ਵੱਲੋਂ ਦੱਬੇ-ਕੁਚਲੇ ਚਿਨ ਭਾਈਚਾਰੇ ਨਾਲ ਕੀਤੇ ਜਾ ਰਹੇ ਸਲੂਕ ਤੋਂ ਕੂਕੀ ਭਾਈਚਾਰਾ ਵੀ ਨਾਰਾਜ਼ ਸੀ। ਕੂਕੀ ਇਹਨਾਂ ਨਾਲ ਨੇੜਤਾ ਮਹਿਸੂਸ ਕਰਦਾ ਹੈ। ਮਿਜ਼ੋਰਮ ਵਿੱਚ ਸਰਕਾਰ ਉਹਨਾਂ ਦੇ ਨਾਲ ਹਮਦਰਦੀ ਵਾਲੇ ਸਲੂਕ ਤੋਂ ਉਲਟ ਮਤਰੇਆ ਵਿਹਾਰ ਕਰ ਰਹੀ ਹੈ।

(ਬਾਕੀ ਸਫ਼ਾ 31 'ਤੇ)

# ਚੋਣ ਵਾਇਦੇ ਅਤੇ ਤੋਹਫ਼ੇ: ਲੋਕਤੰਤਰ ਲਈ ਕਿੰਨੀ ਕੁ ਥਾਂ ਬਚੇਗੀ ?



ਗੁਰਮੀਤ ਸਿੰਘ ਪਲਾਹੀ
ਮੋ. 9815802070

ਲੋਕਤੰਤਰੀ ਦੇਸ਼ ਭਾਰਤ ਚੋਣਾਂ ਦਾ ਦੇਸ਼ ਹੈ। ਇੱਕ ਆਮ ਚੋਣ ਮੁਕਦੀ ਹੈ, ਦੂਜੀ ਆ ਖੜੀ ਹੁੰਦੀ ਹੈ। ਕੌਂਸਲ, ਕਾਰਪੋਰੇਸ਼ਨ, ਪੰਚਾਇਤ, ਸੰਮਤੀਆਂ, ਪੰਚਾਇਤਾਂ ਦੀਆਂ ਆਮ ਚੋਣਾਂ ਅਤੇ ਫਿਰ ਮੱਧਕਾਲੀ ਚੋਣਾਂ ਜਾਂ ਫਿਰ ਚੁਣੇ ਉਮੀਦਵਾਰ ਦੇ ਮਰਨ ਜਾਂ ਕਿਸੇ ਹੋਰ ਕਾਰਨ ਖ਼ਾਲੀ ਹੋਈ ਸੀਟ ਦੇ ਮੁੜ ਸੀਟ ਭਰਨ ਲਈ ਚੋਣਾਂ। ਇਹ ਚੋਣਾਂ ਨੇਤਾਵਾਂ ਲਈ ਤਾਂ ਜਿਵੇਂ ਵਿਆਹ ਦੀ ਖ਼ੁਸ਼ੀ ਸਮਾਨ ਹਨ, ਪਰ ਆਮ ਲੋਕਾਂ ਲਈ ਤਾਂ ਹਨ ਕਈ ਹਾਲਤਾਂ ਵਿੱਚ ਦਿੱਕਤਾਂ ਦਾ ਕਾਰਨ।

ਦਿਨ ਪ੍ਰਤੀ ਵੱਧਦੀ ਮਹਿੰਗਾਈ, ਆਰਥਿਕ ਕਾਣੀ ਵੰਡ, ਭ੍ਰਿਸ਼ਟਾਚਾਰ ਅਤੇ ਧੱਕੇ-ਧੌਸ ਤੋਂ ਪ੍ਰੇਸ਼ਾਨ ਆਮ ਲੋਕ ਚੋਣਾਂ ਤੋਂ ਮੂੰਹ ਮੋੜਦੇ ਦਿਸਦੇ ਹਨ ਅਤੇ "ਕਿਸੇ ਨੂੰ ਵੀ ਵੋਟ ਨਹੀਂ ਦਾ ਰੁਝਾਨ" ਇਹਨਾਂ ਚੋਣਾਂ 'ਚ ਵੱਧਦਾ ਜਾ ਰਿਹਾ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਚੋਣਾਂ ਤੋਂ ਪਹਿਲਾ ਸਿਆਸੀ ਪਾਰਟੀਆਂ ਵਲੋਂ ਲੋਕਾਂ ਲਈ ਤੋਹਫਿਆਂ, ਰਿਆਇਤਾਂ ਸਬਸਿਡੀਆਂ ਦੇ ਐਲਾਨ ਦੀ ਝੜੀ ਲਗਾ ਦਿੱਤੀ ਜਾਂਦੀ ਹੈ ਅਤੇ ਲੋਕ ਵੋਟਾਂ ਨੂੰ ਖਿੱਚਣ ਲਈ "ਕਲਿਆਣਕਾਰੀ ਯੋਜਨਾਵਾਂ" ਸਾਲ ਦਰ ਸਾਲ ਵੱਧਦੀਆਂ ਜਾ ਰਹੀਆਂ ਹਨ। ਇਹਨਾਂ ਮੁਫ਼ਤ ਸੁਵਿਧਾਵਾਂ, ਬਨਾਮ ਜਨ ਕਲਿਆਣ ਦੇ ਲਈ ਸਰਕਾਰ ਅਤੇ ਵਿਰੋਧੀ ਧਿਰ ਦੀਆਂ ਆਪੋ-ਆਪਣੀਆਂ ਦਲੀਲਾਂ ਹਨ। ਸਿਆਸੀ ਵਿਸ਼ਲੇਸ਼ਕ, ਅਰਥ ਸ਼ਾਸਤਰੀ ਅਤੇ ਸਮਾਜ ਵਿਗਿਆਨੀ ਇਹਨਾਂ ਨੂੰ ਮੁਫ਼ਤਖੋਰੀ, ਵੋਟਰਾਂ ਨੂੰ ਰਿਸ਼ਵਤ ਦੇਣਾ ਅਤੇ ਲੋਕਤੰਤਰੀ ਕਦਰਾਂ, ਕੀਮਤਾਂ ਲਈ ਖ਼ਤਰਾ ਦਸਦੇ ਹਨ।

ਗਰੀਬਾਂ ਦੇ ਕਲਿਆਣ ਲਈ ਮੁਫ਼ਤ ਤੋਹਫੇ ਜਾਂ ਸਹਾਇਤਾ ਜ਼ਰੂਰੀ ਹੁੰਦੇ ਹਨ, ਜੋ ਉਹਨਾਂ ਦੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰ ਸਕਦੇ ਹਨ। ਪਰ ਕਈ ਹਾਲਤਾਂ ਵਿੱਚ ਇਹ ਦੇਸ਼ ਦੀ ਅਰਥ ਵਿਵਸਥਾ ਉੱਤੇ ਭਾਰ ਬਣੇ ਦਿਸਦੇ ਹਨ। ਇਹ ਗੱਲ ਸਮਝਣ ਵਾਲੀ ਹੈ ਕਿ ਜਨ ਕਲਿਆਣਕਾਰੀ ਯੋਜਨਾਵਾਂ ਅਤੇ ਮੁਫ਼ਤ ਤੋਹਫਿਆਂ ਵਿੱਚ ਫ਼ਰਕ ਦੀ ਇਕ ਬਰੀਕ ਰੇਖਾ ਹੈ। ਉਂਜ ਵੀ ਕਲਿਆਣਕਾਰੀ ਯੋਜਨਾਵਾਂ ਅਤੇ ਮੁਫ਼ਤ ਦੀਆਂ ਰਿਉੜੀਆਂ ਵੰਡਣ ਵਿੱਚ ਫ਼ਰਕ ਸਮਝਣ ਦੀ ਲੋੜ ਹੈ। ਇਸ ਫ਼ਰਕ ਨੂੰ ਸਮਝਦਿਆਂ ਲੋਕ ਹਿੱਤ ਵਿੱਚ ਕੀਤੀਆਂ ਰਿੱਟਾਂ ਆਦਿ 'ਚ ਅਦਾਲਤਾਂ ਨੇ ਸਪਸ਼ਟ ਨਿਸ਼ਾਨਦੇਹੀ ਤਾਂ ਕੀਤੀ ਹੀ ਹੈ, ਪਰ ਭਾਰਤੀ ਰਿਜ਼ਰਵ ਬੈਂਕ ਨੇ ਵੀ ਆਪਣੀ ਇੱਕ ਰਿਪੋਰਟ ਵਿੱਚ ਇਹਨਾਂ ਮੁਫ਼ਤ ਸੁਵਿਧਾਵਾਂ ਨੂੰ ਫਜ਼ੂਲ ਖ਼ਰਚੀ ਕਰਾਰ ਦਿੱਤਾ ਹੈ। ਰਿਪੋਰਟ ਅਨੁਸਾਰ ਇਹਨਾਂ ਬੇਲੋੜੀਆਂ ਫਜ਼ੂਲ ਖ਼ਰਚੀਆਂ ਕਾਰਨ ਸੂਬਿਆਂ ਦੇ ਵਿੱਤੀ ਹਾਲਾਤ ਖਸਤਾ ਹੋ ਰਹੇ ਹਨ ਅਤੇ ਸੂਬੇ ਕਰਜ਼ਾਈ ਹੋ ਰਹੇ ਹਨ।

ਸਾਲ 2020-21 ਵਿੱਚ ਛਪੀ ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਭਾਰੀ ਕਰਜ਼ਦਾਰ ਰਾਜਾਂ ਵਿੱਚ ਜੀ.ਡੀ.ਐਸ.ਪੀ ਦੇ ਅਧਾਰ ਉਤੇ ਵਿੱਤੀ ਹਾਲਤ ਬਹੁਤ ਹੀ ਖ਼ਸਤਾ ਹੈ। ਪੰਜਾਬ 'ਚ ਜੀ.ਡੀ.ਐਸ.ਪੀ 53 ਫ਼ੀਸਦੀ ਹੈ, ਜੋ ਚਿੰਤਾ ਦਾ ਵਿਸ਼ਾ ਹੈ।

ਇਸੇ ਤਰ੍ਹਾਂ ਰਾਜਸਥਾਨ ਵਿੱਚ 39.5 ਫ਼ੀਸਦੀ, ਬਿਹਾਰ 'ਚ 38.6, ਕੇਰਲ 'ਚ 37 ਫ਼ੀਸਦੀ, ਉਤਰਪ੍ਰਦੇਸ਼ 'ਚ 34.9 ਪੱਛਮੀ ਬੰਗਾਲ 34.2, ਝਾਰਖੰਡ 33.0 ਆਂਧਰਾ ਪ੍ਰਦੇਸ਼ ਵਿੱਚ 32.5, ਮੱਧ ਪ੍ਰਦੇਸ਼ ਵਿੱਚ 31.3 ਅਤੇ ਹਰਿਆਣਾ ਵਿੱਚ 29 ਫ਼ੀਸਦੀ ਦੇ ਨਾਲ ਵੱਡੇ ਜੀ.ਡੀ.ਪੀ.ਐਸ. ਵਾਲੇ ਰਾਜ ਹਨ।




ਮੁਫ਼ਤ ਸੁਵਿਧਾਵਾਂ ਦੇ ਕੁਝ ਵਿਸ਼ੇਸ਼ ਪਹਿਲੂ ਹਨ। ਨੈਤਿਕ ਪਹਿਲੂ ਇਹ ਹੈ ਕਿ ਜਦ ਸਿਆਸੀ ਦਲਾਂ ਨੂੰ ਚੁਨਣ ਦੀ ਗੱਲ ਤੁਰਦੀ ਹੈ ਤਾਂ ਇਹ ਇਸ ਗੱਲ ਉੱਤੇ ਟਿਕ ਜਾਂਦੀ ਹੈ ਕਿ ਕੌਣ ਕਿੰਨਾ ਮੁਫ਼ਤ ਤੋਹਫਾ ਦੇਣ ਦੀ ਘੋਸ਼ਣਾ ਕਰਦਾ ਹੈ। ਆਰਥਿਕ ਘਰੇਲੂ ਇਹ ਹੈ ਕਿ ਸਰਕਾਰੀ ਖ਼ਜ਼ਾਨੇ ਤੋਂ ਮੁਫ਼ਤ ਉਪਹਾਰ ਰਾਜ ਦੀ ਆਰਥਿਕ ਬੇਹਤਰੀ ਲਈ ਕਿੰਨਾ ਬੇਹਤਰ ਅਤੇ ਟਿਕਾਊ ਹੈ। ਉਂਜ ਇਹ ਗੱਲ ਵੀ ਬਹੁਤ ਸਪਸ਼ਟ ਹੈ ਕਿ ਸਿਆਸੀ ਦਲਾਂ ਦੇ ਤਰਕਹੀਣ ਚੋਣਾਂ ਦੇ ਨਫ਼ੇ- ਨੁਕਸਾਨ ਵਾਲੇ ਵਾਅਦੇ ਸਮਾਜਿਕ-ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਧੁੰਦਲਾ ਕਰਦੇ ਹਨ।

ਮੁਫ਼ਤ ਤੋਹਫੇ ਵੰਡਣ ਦੇ ਹੱਕ ਵਿੱਚ ਭੁਗਤਣ ਵਾਲੇ ਲੋਕ ਇਹਨਾਂ ਤੋਹਫਿਆਂ ਜਾਂ ਸੇਵਾਵਾਂ ਸਰਕਾਰੀ ਖ਼ਜ਼ਾਨੇ ਵਿੱਚੋਂ ਦਿੱਤੀਆਂ ਜਾਂਦੀਆਂ ਹਨ। ਪਰ ਸਮਝਣ ਵਾਲੀ ਗੱਲ ਤਾਂ ਇਹ ਹੈ ਕਿ ਮੁਫ਼ਤ ਨੂੰ ਕੀ ਕਲਿਆਣਕਾਰੀ ਮੰਨਿਆ ਜਾ ਸਕਦਾ ਹੈ?

ਅਸਲ ਵਿੱਚ ਕਲਿਆਣਕਾਰੀ ਯੋਜਨਾਵਾਂ ਵਿੱਚ ਸਰਵਜਨਕ ਵੰਡ ਪ੍ਰਣਾਲੀ, ਰੋਜ਼ਗਾਰ ਗਰੰਟੀ ਯੋਜਨਾਵਾਂ ਤਾਂ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ, ਸਿੱਖਿਆ ਅਤੇ ਸਿਹਤ ਸਹੂਲਤਾਂ ਵੀ ਕਲਿਆਣਕਾਰੀ ਯੋਜਨਾਵਾਂ ਦਾ ਅੰਗ ਹਨ, ਪਰ ਮੁਫ਼ਤ ਬਿਜਲੀ, ਪਾਣੀ, ਮੁਫ਼ਤ ਬੱਸ ਸੇਵਾ, ਕਰਜ਼ਾ ਮੁਆਫ਼ੀ ਆਦਿ ਨੂੰ ਕਲਿਆਣਕਾਰੀ ਮੰਨਣ ਲਈ ਵਿਰੋਧ ਵਿਖਾਈ ਦਿੰਦਾ ਹੈ। ਉਂਜ ਭਾਰਤੀ ਅਰਥ ਵਿਵਸਥਾ ਵਿੱਚ ਗਰੀਬੀ ਅਤੇ ਗਰੀਬ-ਅਮੀਰ ਦੀ ਆਮਦਨ 'ਚ ਪਾੜਾ ਵੇਖਦਿਆਂ ਮੁਫ਼ਤ ਤੋਹਫੇ ਉਚਿਤ ਦਿਖਾਈ ਦਿੰਦੇ ਹਨ, ਕਿਉਂਕਿ ਇਹ ਜਨਤਾ ਨੂੰ ਅਸਥਾਈ ਰੂਪ ਵਿੱਚ ਰਾਹਤ ਦਿੰਦੇ ਹਨ। ਪਰ ਇਹ ਕਿਹਾ ਜਾਣ ਲੱਗ ਪਿਆ ਹੈ ਕਿ ਇਹ ਮੁਫ਼ਤ ਤੋਹਫੇ ਦੇਸ਼ ਦੇ ਆਰਥਿਕ ਵਿਨਾਸ਼ ਦਾ ਕਾਰਨ ਬਣ ਸਕਦੇ ਹਨ। ਫਿਰ ਵੀ ਹੁਣ ਭਾਰਤ ਵਿੱਚ ਸਥਿਤੀ ਇਹ ਬਣ ਚੁੱਕੀ ਹੈ ਕਿ ਹਰ ਵਰਗ ਦੇ ਲੋਕ ਚੋਣਾਂ ਤੋਂ ਪਹਿਲਾਂ ਵੱਡੀਆਂ ਰਿਆਇਤਾਂ ਦੇ ਐਲਾਨਾਂ ਦੀ ਉਡੀਕ ਕਰਦੇ ਹਨ।ਦੇਸ਼ ਦੇ ਮਹਾਂਲੇਖਾਕਾਰ ਵਲੋਂ ਜਾਰੀ ਅੰਕੜਿਆਂ ਅਨੁਸਾਰ ਸੂਬਿਆਂ ਦੀਆ ਸਰਕਾਰਾਂ ਨੇ 2020-21 ਅਤੇ ਸਾਲ 2021-22 ਦੌਰਾਨ ਸਬਸਿਡੀ ਦਾ ਭਾਰ 12.9 ਫ਼ੀਸਦੀ ਅਤੇ 11.2 ਫ਼ੀਸਦੀ ਵਧਿਆ ਹੈ। ਰਾਜਾਂ ਨੇ ਜੋ ਕੁਝ ਕਮਾਇਆ ਹੈ ਉਸ ਉੱਤੇ ਸਾਲ 2019-20 ਦੀ ਸਬਸਿਡੀ 7 ਫ਼ੀਸਦੀ ਤੋਂ ਵਧਕੇ 2021-22 ਵਿੱਚ 8.2 ਫ਼ੀਸਦੀ ਹੋ ਗਈ। ਇਹ ਸੂਬੇ ਦੇ ਆਰਥਿਕ ਪ੍ਰਬੰਧਨ ਦੀ ਬੁਨਿਆਦ ਨੂੰ ਕਮਜ਼ੋਰ ਕਰਦਾ ਹੈ। ਪੰਜਾਬ ਦੇ ਮਾਮਲੇ 'ਚ ਅੰਦਾਜ਼ਾ ਹੈ ਕਿ ਮੁਫ਼ਤ ਤੋਹਫਿਆਂ ਦਾ ਵਾਅਦਾ ਜੀ.ਐਸ.ਡੀ.ਐਸ ਉੱਤੇ ਤਿੰਨ ਫ਼ੀਸਦੀ ਦਾ ਵਾਧੂ ਬੋਝ ਪਾ ਸਕਦਾ ਹੈ। ਇਸ ਨਾਲ ਸਿੱਧੇ ਰੂਪ 'ਚ ਸੂਬੇ 'ਚ ਸਮਾਜਿਕ, ਆਰਥਿਕ ਨਾਬਰਾਬਰੀ 'ਚ ਹੋਰ ਵਾਧਾ ਹੋਵੇਗਾ। ਇਸ ਕਾਰਨ ਅਰਥ ਵਿਵਸਥਾ ਹੋਰ ਵੀ ਖ਼ਰਾਬ ਹੋਵੇਗੀ।

ਦੇਸ਼ ਦੇ ਸਿਆਸੀ ਦਲਾਂ 'ਚ ਲੋਕਾਂ ਨੂੰ ਭਰਮਿਤ ਕਰਕੇ ਵੋਟਾਂ ਲੈਣ ਦਾ ਰੁਝਾਣ ਵੱਧ ਰਿਹਾ ਹੈ। ਇਸ ਸਬੰਧ ਵਿੱਚ ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਨੂੰ ਦੇਸ਼ ਲਈ ਇੱਕ ਗੰਭੀਰ ਸਮੱਸਿਆ

(ਬਾਕੀ ਸਫ਼ਾ 31 'ਤੇ)

# ਢਿੱਲੀਆਂ ਪੈਂਦੀਆਂ ਮੋਹ ਦੀਆਂ ਤੰਦਾਂ, ਵਿਹੜੇ 'ਚ ਉੱਸਰਦੀਆਂ ਮਜ਼ਬੂਤ ਕੰਧਾਂ

ਪੰਜਾਬ ਡਾਇਰੀ
ਜਗਮੋਹਨ ਸਿੰਘ
9463819174







ਪੰਜਾਬੀਆਂ ਨੇ ਖੇਤੀਬਾੜੀ, ਆਰਥਿਕ, ਸਮਾਜਿਕ, ਉਦਯੋਗਿਕ, ਵਪਾਰਕ ਖੇਤਰਾਂ ਦੇ ਨਾਲ-ਨਾਲ ਹੋਰਨਾਂ ਖੇਤਰਾਂ 'ਚ ਬਹੁਤ ਤਰੱਕੀ ਕੀਤੀ ਹੈ, ਜਿਸ ਕਾਰਨ ਜਿਥੇ ਪੰਜਾਬੀਆਂ ਦੀ ਜਿੰਦਗੀ ਵਿੱਚ ਸੁੱਖ ਸਹੂਲਤਾਂ ਦੇ ਅਨੇਕਾਂ ਰੰਗ ਗੂੜ੍ਹੇ ਹੁੰਦੇ ਜਾ ਰਹੇ ਹਨ, ਉਥੇ ਰਿਸ਼ਤਿਆਂ ਦੇ ਰੰਗ ਫਿੱਕੇ ਪੈ ਰਹੇ ਹਨ। ਪੰਜਾਬੀਆਂ ਦੇ ਦਿਲਾਂ ਵਿੱਚ ਆਪਸੀ ਮੋਹ ਪਿਆਰ ਦੀਆਂ ਤੰਦਾਂ ਦਿਨੋਂ ਦਿਨ ਢਿੱਲੀਆਂ ਪੈ ਰਹੀਆਂ ਹਨ, ਪਰ ਪੰਜਾਬੀਆਂ ਦੇ ਘਰਾਂ ਦੇ ਵਿਹੜੇ 'ਚ ਮਜ਼ਬੂਤ ਕੰਧਾਂ ਉੱਸਰ ਰਹੀਆਂ ਹਨ। ਪੰਜਾਬੀਆਂ ਦੇ ਘਰਾਂ ਦੇ ਵਿਹੜਿਆਂ 'ਚ ਉੱਸਰੀਆਂ ਇੱਟਾਂ ਤੇ ਸੀਮਿੰਟ ਦੀਆਂ ਇਹਨਾਂ ਕੰਧਾਂ ਤੋਂ ਵੀ ਮਜ਼ਬੂਤ ਕੰਧਾਂ ਪੰਜਾਬੀਆਂ ਦੇ ਦਿਲਾਂ 'ਚ ਵੀ ਉੱਸਰ ਰਹੀਆਂ ਹਨ। ਅਸਲੀਅਤ ਤਾਂ ਇਹ ਵੀ ਹੈ ਕਿ ਘਰ ਦੇ ਵਿਹੜੇ 'ਚ ਇੱਟਾਂ ਤੇ ਸੀਮਿੰਟ ਨਾਲ ਉਸਾਰੀ ਗਈ ਮਜ਼ਬੂਤ ਕੰਧ ਤਾਂ ਸਭ ਨੂੰ ਦਿਖਾਈ ਦਿੰਦੀ ਹੈ ਪਰ ਪੰਜਾਬੀਆਂ ਦੇ ਦਿਲਾਂ 'ਚ ਉੱਸਰੀ ਮਜ਼ਬੂਤ ਕੰਧ ਤਾਂ ਕਿਸੇ ਨੂੰ ਦਿਖਾਈ ਵੀ ਨਹੀਂ ਦਿੰਦੀ।

ਅਨੇਕਾਂ ਪੰਜਾਬੀਆਂ ਨੇ ਦੁਨੀਆਂ ਦੇ ਵੱਖ- ਵੱਖ ਮੁਲਕਾਂ 'ਚ ਜਾ ਕੇ ਆਪਣੀ ਮਿਹਨਤ ਅਤੇ ਸਫ਼ਲਤਾ ਨਾਲ ਪੰਜਾਬੀਆਂ ਤੇ ਪੰਜਾਬ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ ਅਤੇ ਪੰਜਾਬੀਆਂ ਨੇ ਹਮੇਸ਼ਾ ਹੀ ਪੰਜਾਬ 'ਤੇ ਚੜ੍ਹ ਕੇ ਆਏ ਧਾੜਵੀਆਂ, ਹਮਲਾਵਰਾਂ ਅਤੇ ਦੁਸ਼ਮਣਾਂ ਦਾ ਡਟ ਕੇ ਮੁਕਾਬਲਾ ਕੀਤਾ ਹੈ ਪਰ ਪੰਜਾਬ ਦੇ ਮੌਜੂਦਾ ਮਾਹੌਲ ਨੂੰ ਵੇਖ ਕੇ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਪੰਜਾਬੀ ਆਪਣੇ ਘਰ 'ਚ ਆਪਣਿਆਂ ਤੋਂ ਹੀ ਹਾਰ ਗਏ ਹੋਣ। ਇਸ ਦਾ ਸਬੂਤ ਹਰ ਦਿਨ ਅਖ਼ਬਾਰਾਂ ਵਿੱਚ ਛਪਦੀਆਂ ਇਹਨਾਂ ਖ਼ਬਰਾਂ ਤੋਂ ਮਿਲਦਾ ਹੈ, ਜਿੰਨਾਂ 'ਚ ਭਰਾ ਹੱਥੋਂ ਭਰਾ ਦਾ ਕਤਲ, ਪੁੱਤ ਵੱਲੋਂ ਮਾਂ ਜਾਂ ਪਿਓ ਦਾ ਕਤਲ, ਭਰਾਵਾਂ ਵੱਲੋਂ ਭੈਣ ਦਾ ਕਤਲ, ਭੈਣ ਵੱਲੋਂ ਮਮੇਰੇ ਭਰਾ ਨਾਲ ਮਿਲ ਕੇ ਜਾਇਦਾਦ ਲਈ ਸਕੇ ਭਰਾ ਦਾ ਕਤਲ, ਪਤਨੀ ਵੱਲੋਂ ਪ੍ਰੇਮੀ ਨਾਲ ਮਿਲ ਕੇ ਪਤੀ ਦਾ ਕਤਲ ਦੀ ਜਾਣਕਾਰੀ ਦਿੱਤੀ ਹੁੰਦੀ ਹੈ। ਇਸ ਤੋਂ ਇਲਾਵਾ ਹਰ ਦਿਨ ਹੀ ਭਰਾ ਵੱਲੋਂ ਹੀ ਸਕੇ ਭਰਾ ਦੀ ਜ਼ਮੀਨ ਦੱਬਣ ਅਤੇ ਸਕੇ ਭਰਾ ਨੂੰ ਜੱਦੀ ਮਕਾਨ ਵਿਚੋਂ ਉਸ ਦਾ ਬਣਦਾ ਹਿੱਸਾ ਨਾ ਦੇਣ, ਭੈਣਾਂ ਵੱਲੋਂ ਭਰਾਵਾਂ ਤੋਂ ਜ਼ਮੀਨ ਤੇ ਘਰ 'ਚ ਹਿੱਸਾ ਲੈਣ, ਪਰਦੇਸ਼ ਰਹਿੰਦੇ ਸਕੇ ਭਰਾ ਦੀ ਪੰਜਾਬ 'ਚ ਪਈ ਜ਼ਮੀਨ ਤੇ ਘਰ ਤੇ ਸਕੇ ਭਰਾਵਾਂ, ਭੈਣ ਜਾਂ ਰਿਸ਼ਤੇਦਾਰਾਂ ਵੱਲੋਂ ਹੀ ਕਬਜ਼ਾ ਕਰ ਲੈਣ ਦੀਆਂ ਖ਼ਬਰਾਂ ਵਿੱਚ ਅਕਸਰ ਸਾਹਮਣੇ ਆਉਂਦੀਆਂ ਹਨ।

ਮਾਂ ਬਾਪ ਦੇ ਮਰਨ ਤੋਂ ਬਾਅਦ ਪਹਿਲਾਂ ਸਕੇ ਭਰਾਵਾਂ ਵਿੱਚ ਜ਼ਮੀਨ ਅਤੇ ਘਰ ਦੀ ਵੰਡ ਲਈ ਅਕਸਰ ਲੜਾਈ ਹੁੰਦੀ ਵੇਖੀ ਜਾਂਦੀ ਸੀ ਪਰ ਹੁਣ ਤਾਂ ਮਾਂ ਪਿਓ ਦੇ ਮਰਨ ਤੋਂ ਬਾਅਦ ਕਈ ਭੈਣਾਂ ਵੀ ਜ਼ਮੀਨ ਅਤੇ ਘਰ ਵਿੱਚ ਹਿੱਸਾ ਲੈਣ ਪਿੱਛੇ ਸਕੇ ਭਰਾ ਨਾਲ ਲੜਦੀਆਂ ਵੇਖੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਤਲਾਕਸ਼ੁਦਾ ਭੈਣਾਂ ਵੱਲੋਂ ਪੇਕੇ ਘਰ ਰਹਿੰਦਿਆਂ ਅਤੇ ਮਾਂ ਪਿਓ ਦੇ ਜਿਉਂਦਿਆਂ ਹੀ ਮਾਂ ਪਿਓ ਦੇ ਘਰ 'ਤੇ ਹੀ ਕਬਜ਼ਾ ਕਰਕੇ ਸਕੇ ਭਰਾ ਭਰਜਾਈ ਨੂੰ ਜਾਂ ਇੱਕਲੀ ਭਰਜਾਈ ਨੂੰ ਘਰ ਛੱਡਣ ਲਈ ਮਜਬੂਰ ਕਰਨ ਦੀਆਂ ਗੱਲਾਂ ਵੀ ਸਾਹਮਣੇ ਆ ਚੁੱਕੀਆਂ ਹਨ।

ਇਹ ਸਭ ਕੁਝ ਵੇਖ ਕੇ ਆਮ ਸੂਝਵਾਨ ਪੰਜਾਬੀਆਂ ਦੇ ਚਿਹਰਿਆਂ 'ਤੇ ਚਿੰਤਾਵਾਂ ਦੀਆਂ ਡੂੰਘੀਆਂ ਲਕੀਰਾਂ ਉਭਰ ਆਉਂਦੀਆਂ ਹਨ। ਇਸ ਸਮੇਂ ਪੰਜਾਬ 'ਚ ਪਰਵਾਸ ਦੇ ਵਗਦੇ ਸੱਤਵੇਂ ਦਰਿਆ ਕਾਰਨ ਜਿਥੇ ਵੱਡੀ ਗਿਣਤੀ ਪੰਜਾਬੀ ਵਿਦੇਸ਼ ਜਾ ਰਹੇ ਹਨ, ਜਿਸ ਕਾਰਨ ਪੰਜਾਬ 'ਚ ਉਹਨਾਂ ਦੇ ਘਰਾਂ ਨੂੰ ਜਾਂ ਤਾਂ ਜਿੰਦਰੇ ਲੱਗ ਜਾਂਦੇ ਹਨ ਜਾਂ ਫਿਰ ਨੇੜਲੇ ਰਿਸ਼ਤੇਦਾਰ ਘਰ ਦੀ ਸਾਫ਼ ਸਫਾਈ ਕਰਵਾਉਣ ਦੇ ਬਹਾਨੇ ਉਹਨਾਂ ਘਰਾਂ 'ਚ ਅਜਿਹਾ ਡੇਰਾ ਲਗਾਉਂਦੇ ਹਨ ਕਿ ਫਿਰ ਇਹਨਾਂ ਰਿਸ਼ਤੇਦਾਰਾਂ ਦਾ ਪੱਕਾ ਕਬਜ਼ਾ ਹੋ ਜਾਂਦਾ ਹੈ। ਵਿਦੇਸ਼ ਗਏ ਪੰਜਾਬੀਆਂ ਦੀ ਜ਼ਮੀਨ ਤੇ ਘਰਾਂ 'ਤੇ ਉਹਨਾਂ ਦੇ ਆਪਣੇ ਸਕੇ ਭੈਣ- ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ ਵੱਲੋਂ ਕੀਤੇ ਗਏ ਕਬਜ਼ਿਆਂ ਦੀਆਂ ਗੱਲਾਂ ਅਕਸਰ ਸੁਣਨ ਨੂੰ ਮਿਲਦੀਆਂ ਹਨ। ਜਦੋਂ 10 ਕੁ ਸਾਲਾਂ ਬਾਅਦ ਵਿਦੇਸ਼ ਗਏ ਪੰਜਾਬੀ ਵਾਪਸ ਆਪਣੇ ਘਰ ਆਉਂਦੇ ਹਨ ਤਾਂ ਆਪਣੇ ਘਰ ਅਤੇ ਜ਼ਮੀਨ 'ਤੇ ਸਕੇ ਮਾਂ ਜਾਇਆਂ ਜਾਂ ਨੇੜਲੇ ਰਿਸ਼ਤੇਦਾਰਾਂ ਦਾ ਪੱਕਾ ਕਬਜ਼ਾ ਵੇਖ ਕੇ ਹੈਰਾਨ ਹੋ ਜਾਂਦੇ ਹਨ, ਕਈ ਵਾਰ ਅਜਿਹੀ ਕਬਜ਼ਿਆਂ ਦੀ ਗਲ ਪੰਚਾਇਤਾਂ ਜਾਂ ਕਚਹਿਰੀ 'ਚ ਵੀ ਪਹੁੰਚਦੀ ਹੈ, ਪਰ ਜ਼ਿਆਦਾਤਰ ਪਰਵਾਸੀ ਪੰਜਾਬੀਆਂ ਅਜਿਹੇ ਮੌਕੇ ਆਪਣੇ ਬੁੱਲ੍ਹਾਂ ਨੂੰ ਚੁੱਪ ਵਾਲਾ ਜਿੰਦਰਾ ਲਗਾ ਕੇ ਵਾਪਸ ਵਿਦੇਸ਼ ਉਡਾਰੀ ਮਾਰ ਜਾਂਦੇ ਹਨ ਅਤੇ ਮੁੜ ਕੇ ਪੰਜਾਬ ਆਉਣ ਨੂੰ ਉਹਨਾਂ ਦਾ ਦਿਲ ਨਹੀਂ ਕਰਦਾ।

ਪੰਜਾਬ 'ਚ ਰਹਿੰਦੇ ਪੰਜਾਬੀਆਂ 'ਚ ਜਿਸ ਤਰੀਕੇ ਨਾਲ ਮੋਹ ਦੀਆਂ ਤੰਦਾਂ ਢਿੱਲੀਆਂ ਪੈ ਰਹੀਆਂ ਹਨ, ਉਹ ਚਿੰਤਾ ਦਾ ਵਿਸ਼ਾ ਹੈ। ਚਾਹੀਦਾ ਤਾਂ ਇਹ ਹੈ ਕਿ ਸਮੂਹ ਪੰਜਾਬੀ ਆਪਸੀ ਮੋਹ ਪਿਆਰ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਆਪਣੇ ਘਰਾਂ ਦੇ ਵਿਹੜਿਆਂ ਅਤੇ ਦਿਲਾਂ 'ਚ ਉੱਸਰੀਆਂ ਮਜ਼ਬੂਤ ਕੰਧਾਂ ਨੂੰ ਢਾਹ ਦੇਣ ਜਾਂ ਫਿਰ ਇਹਨਾਂ ਕੰਧਾਂ ਦੇ ਵਿਚਾਲੇ ਇੱਕ ਖਿੜਕੀ ਜਾਂ ਦਰਵਾਜ਼ਾ ਤਾਂ ਜ਼ਰੂਰ ਰੱਖ ਲੈਣ ਤਾਂ ਕਿ ਵੇਲੇ ਕੁਵੇਲੇ ਇਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੋਇਆ ਜਾ ਸਕੇ।





## ਮਾਂ ਜੰਨਤ ਦਾ ਪਰਛਾਵਾਂ

ਗਗਨਦੀਪ ਕੌਰ ਧਾਲੀਵਾਲ
ਅਸਿਸਟੈਂਟ ਪ੍ਰੋਫ਼ੈਸਰ
ਝਲੂਰ ਬਰਨਾਲਾ

ਮਾਂ ਸ਼ਬਦ ਮੂੰਹੋਂ ਨਿਕਲਦੇ ਹੀ ਦਿਲ ਨੂੰ ਬਹੁਤ ਪਿਆਰਾ ਲੱਗਦਾ ਹੈ ਤੇ ਦਿਲ ਨੂੰ ਸਕੂਨ ਜਿਹਾ ਮਿਲ ਜਾਂਦਾ ਹੈ। ਜਿੰਨੀ ਨਿੱਘ ਤੇ ਮਿਠਾਸ ਮਾਂ ਸ਼ਬਦ ਵਿੱਚ ਭਰੀ ਹੈ ਸ਼ਾਇਦ ਦੁਨੀਆਂ ਦੀ ਹੋਰ ਕਿਸੇ ਵੀ ਚੀਜ਼ ਵਿੱਚ ਨਹੀਂ ਮਿਲਦੀ। ਮਾਂ ਦਾ ਪਿਆਰ ਕਦੇ ਵੀ ਮਾਪਿਆ ਨਹੀਂ ਜਾ ਸਕਦਾ। ਮਾਂ ਦੇ ਪਿਆਰ ਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਮਾਂ ਲਾਡ ਪਿਆਰ ਕਰਦੀ ਹੈ ਰੀਝਾਂ ਤੇ ਸੱਧਰਾਂ ਨਾਲ ਬੱਚੇ ਦਾ ਪਾਲਣ ਪੋਸ਼ਣ ਕਰਦੀ ਹੈ। ਇੱਕ ਮਾਂ ਹੀ ਹੈ ਜੋ ਆਪਣੀ ਕੁੱਖ ਵਿੱਚ ਬੱਚੇ ਨੂੰ ਨੌਂ ਮਹੀਨੇ ਰੱਖ ਕੇ ਦੁੱਖ ਝੱਲ ਕੇ ਫਿਰ ਜਨਮ ਦਿੰਦੀ ਹੈ। ਮਾਂ ਬੱਚੇ ਨੂੰ ਪੇਟ ਵਿੱਚ ਰੱਖ ਕੇ ਆਪਣੇ ਖ਼ੂਨ ਨਾਲ ਪਾਲ ਕੇ ਜਨਮ ਦਿੰਦੀ ਹੈ। ਮਾਂ ਆਪ ਗਿੱਲੀ ਥਾਂ 'ਤੇ ਪੈ ਕੇ ਬੱਚਿਆਂ ਨੂੰ ਸੁੱਕੀ ਥਾਂ ਤੇ ਪਾਉਂਦੀ ਹੈ। ਚਾਹੇ ਘਰ ਵਿੱਚ ਸਾਰੇ ਮੈਂਬਰ ਹੋਣ ਪਰ ਮਾਂ ਨਾ ਹੋਵੇ ਤਾਂ ਘਰ ਖਾਲ਼ੀ ਜਾਪਦਾ ਹੈ ਭਾਵ ਘਰ ਵੱਢ ਖਾਣ ਨੂੰ ਪੈਂਦਾ ਹੈ। ਸਿਆਣੇ ਕਹਿੰਦੇ ਹਨ ਕਿ ਧੀਆਂ ਦੇ ਪੇਕੇ ਤਾਂ ਮਾਂ ਨਾਲ ਹੀ ਹੁੰਦੇ ਹਨ। ਮਾਂ ਕਦੇ ਵੀ ਆਪਣੇ ਬੱਚਿਆਂ ਦੇ ਲੱਗੀ ਸੱਟ ਨਹੀਂ ਝੱਲ ਸਕਦੀ। ਮਾਂ ਦੇ ਪੈਰਾਂ ਵਿੱਚ ਜੰਨਤ ਦਾ ਨਜ਼ਾਰਾ ਹੁੰਦਾ ਹੈ। ਇਹ ਓਹੀ ਲੋਕ ਮਾਣਦੇ ਹਨ ਜੋ ਮਾਂ ਦਾ ਸਤਿਕਾਰ ਕਰਕੇ ਉਸ ਦੀ ਕਦਰ ਕਰਦੇ ਹਨ ਤੇ ਮਾਂ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਉਦਾਹਰਨ ਵਜੋਂ ਇਬਰਾਹਿਮ ਲਿੰਕਨ ਨੇ ਕਿਹਾ ਹੈ ਕਿ ਮੈਂ ਅੱਜ ਜੋ ਕੁੱਝ ਵੀ ਹਾਂ ਜਾਂ ਬਣ ਸਕਦਾ ਹਾਂ, ਉਹ ਸਿਰਫ਼ ਆਪਣੀ ਮਾਂ ਕਰਕੇ ਹੀ ਹਾਂ। ਮਾਂ ਦਾ ਪਿਆਰ ਨਸੀਬਾਂ ਵਾਲਿਆਂ ਨੂੰ ਮਿਲਦਾ ਹੈ। ਮਾਂ ਤਾਂ ਰੱਬ ਦਾ ਦੂਜਾ ਰੂਪ ਹੈ। ਪੰਜਾਬੀ ਮਸ਼ਹੂਰ ਗਾਇਕ ਕੁਲਦੀਪ ਮਾਣਕ ਨੇ ਆਪਣੇ ਗੀਤ ਵਿੱਚ ਮਾਂ ਬਾਰੇ ਸੱਚ ਕਿਹਾ ਹੈ-

ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ ।

ਹਰਭਜਨ ਮਾਨ ਦੇ ਗੀਤ ਵਿੱਚ ਵੀ ਮਾਂ ਬਾਰੇ ਬਹੁਤ ਪਿਆਰੇ ਸ਼ਬਦ ਕਹੇ ਹਨ-

ਮਾਵਾਂ ਮਾਵਾਂ ਮਾਵਾਂ ਮਾਂ ਜੰਨਤ ਦਾ ਪਰਛਾਵਾਂ
ਮਾਂਏ ਤੇਰੇ ਵੇਹੜੇ ਵਿੱਚ ਰੱਬ ਵਸਦਾ
ਤੈਥੋਂ ਪਲ ਵੀ ਦੂਰ ਨਾ ਜਾਵਾਂ।

ਇੱਕ ਮਾਂ ਹੀ ਹੈ ਜਿਸਦਾ ਦੇਣਾ ਕੋਈ ਨਹੀਂ ਦੇ ਸਕਦਾ। ਮਾਂ ਸਾਡੇ ਲਈ ਬਹੁਤ ਕੁੱਝ ਕਰਦੀ ਹੈ ਸਾਡੀ ਖੁਸ਼ੀ ਲਈ ਆਪ ਦੁੱਖ ਸਹਾਰਦੀ ਹੈ। ਅਸੀਂ ਕਿੰਨੀ ਮਰਜ਼ੀ ਕੋਸ਼ਿਸ਼ ਕਰ ਲਈਏ ਪਰ ਮਾਂ ਦਾ ਕਰਜ਼ਾ ਕਦੇ ਨਹੀਂ ਚੁਕਾ ਸਕਦੇ। ਮਾਂ ਦੀ ਮਮਤਾ ਹਮੇਸ਼ਾ ਨਿਰ-ਸਵਾਰਥ ਹੁੰਦੀ ਹੈ। ਇਸ ਦੁਨੀਆਂ ਦੇ ਜਿੰਨੇ ਵੀ ਰਿਸ਼ਤੇ ਹਨ ਉਹਨਾਂ 'ਚੋਂ ਜ਼ਿਆਦਾਤਰ ਮਤਲਬੀ ਹਨ ਸਿਰਫ਼ ਮਾਂ ਦਾ ਰਿਸ਼ਤਾ ਹੀ ਅਜਿਹਾ ਹੈ ਜੋ ਬਿਨਾਂ ਮਤਲਬ ਲਾਲਚ ਦੇ ਹੈ। ਮਾਂ ਦਾ ਰਿਸ਼ਤਾ ਹੀ ਸਭ ਤੋਂ ਸੱਚਾ ਹੈ। ਕਿਸੇ ਸ਼ਾਇਰ ਨੇ ਸਹੀ ਕਿਹਾ ਹੈ ਕਿ –

ਮਾਂ ਦੇ ਲਈ ਸਭ ਨੂੰ ਛੱਡ ਦਿਓ...
ਪਰ ਸਭ ਦੇ ਲਈ ਕਦੇ ਮਾਂ ਨੂੰ ਨਾ ਛੱਡਿਓ

ਮਾਂ ਕਦੇ ਵੀ ਕਿਸੇ ਵੀ ਚੀਜ਼ ਏਥੋਂ ਤੱਕ ਕਿ ਪਿਆਰ ਦਾ ਵੀ ਦਿਖਾਵਾ ਨਹੀਂ ਕਰਦੀ। ਮਾਂ ਤਾਂ ਮਾਂ ਹੀ ਹੁੰਦੀ ਹੈ ਮਾਂ ਨਾਲ ਹੀ ਸਾਰਾ ਕੁੱਝ ਚੰਗਾ ਲੱਗਦਾ ਹੈ। ਜੋ ਲੋਕ ਮਾਂ ਦੀ ਕਦਰ ਕਰਦੇ ਹਨ ਉਹ ਹਮੇਸ਼ਾ ਖੁਸ਼ ਰਹਿੰਦੇ ਹਨ। ਜਦੋਂ ਕਿਸੇ ਇਨਸਾਨ ਨੂੰ ਸਾਰੀ ਦੁਨੀਆਂ ਬੇਗਾਨਾ ਕਰ ਦਿੰਦੀ ਹੈ। ਭਾਵ ਦੁਰਕਾਰ ਦਿੰਦੀ ਹੈ ਤਾਂ ਇੱਕ ਮਾਂ ਹੀ ਹੈ ਜੋ ਉਸ ਨੂੰ ਸਹਾਰਾ ਦਿੰਦੀ ਹੈ ਗੱਲ ਨਾਲ ਲਾਉਂਦੀ ਹੈ। ਸਭ ਤੋਂ ਅਨਮੋਲ, ਸਦੀਵੀ ,ਅਨੋਖਾ ਰਿਸ਼ਤਾ ਮਾਂ ਦਾ ਹੁੰਦਾ ਹੈ। ਮਾਂ ਦਾ ਪਿਆਰ ਰਿਸ਼ਤਾ ਅਜਿਹਾ ਹੁੰਦਾ ਹੈ ਜੋ ਹਰ ਇੱਕ ਮਨੁੱਖ ਚਾਹੁੰਦਾ ਹੈ ਕਿ ਮਾਂ ਕਦੇ ਨਾ ਵਿੱਛੜੇ, ਮਾਂ ਦਾ ਪਿਆਰ ਕਦੇ ਨਾ ਖੁੱਸੇ। ਦੁਨੀਆਂ ਦੀਆਂ ਸਭ ਚੀਜ਼ਾਂ 'ਚੋਂ ਇੱਕ ਸਿਰਫ਼ ਮਾਂ ਦਾ ਪਿਆਰ ਹੀ ਸੱਚਾ ਹੈ

ਮੈਂ ਇਹੋ ਦੁਆ ਕਰਦੀ ਹਾਂ ਕਿ ਦੁਨੀਆਂ ਦੀ ਹਰ ਇੱਕ ਮਾਂ ਹਮੇਸ਼ਾ ਖੁਸ਼ ਰਹੇ ਤੇ ਕਦੇ ਵੀ ਮਾਂ ਨੂੰ ਕੋਈ ਤੱਤੀ ਵਾਅ ਨਾ ਲੱਗੇ।

ਮਾਂ ਸ਼ਬਦ ਹੋਵੇ ਮੇਰੀ ਕਲਮ ਦੀ ਨੁੱਕਰੇ ,
ਬੱਸ ਮਾਂ ਖੁਸ਼ ਰਹੇ ਇਹੋ ਹੀ ਉੱਕਰੇ ।
ਮਾਂ ਦੇ ਹਿੱਸੇ ਦੇਵੀ ਹਰ ਸੁੱਖ ਮੇਰਾ ,
ਮਾਂ ਦੀ ਅੱਖ 'ਚੋਂ ਕਦੇ ਵੀ ਹੰਝੂ ਨਾ ਨੁੱਚੜੇ।
ਗਗਨ ਮਾਂ ਦੇ ਪੈਰੀਂ ਹੀ ਜੰਨਤ ਹੈ ,
ਰੱਬਾ ਇਹ ਜੰਨਤ ਕਦੇ ਨਾ ਉੱਜੜੇ ।

# ਬੱਚਿਆਂ ਦੇ ਦਿਮਾਗ ਨੂੰ ਤਬਾਹ ਕਰ ਰਹੀ ਹੈ ਆਨਲਾਈਨ ਪੋਰਨੋਗ੍ਰਾਫ਼ੀ

## ਜਰਮਨੀ ਦੀ ਪੁਲਿਸ ਨੇ ਹਾਲ ਹੀ ਵਿੱਚ ਅਪਰਾਧਾਂ ਦੇ ਤਾਜ਼ਾ ਅੰਕੜੇ ਕੀਤੇ ਪੇਸ਼

ਜਰਮਨੀ ਦੀ ਪੁਲਿਸ ਨੇ ਹਾਲ ਹੀ ਵਿੱਚ ਅਪਰਾਧਾਂ ਦੇ ਤਾਜ਼ਾ ਅੰਕੜੇ ਪੇਸ਼ ਕੀਤੇ ਹਨ। ਇਨ੍ਹਾਂ ਵਿੱਚੋਂ 41.1 ਫੀਸਦੀ ਮਾਮਲੇ ਬੱਚਿਆਂ ਅਤੇ ਅੱਲੜਾਂ ਨਾਲ ਸਬੰਧਤ ਅਸ਼ਲੀਲ ਸਮੱਗਰੀ ਨੂੰ ਸ਼ੇਅਰ ਕਰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਨੂੰ ਸ਼ੇਅਰ ਕਰਨ ਵਾਲੇ ਖੁਦ ਨਾਬਾਲਗ ਸਨ। ਅਕਸਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਵਟਸਐਪ, ਇੰਸਟਾਗ੍ਰਾਮ, ਸਨੈਪਚੈਟ ਜਾਂ ਹੋਰ ਆਨਲਾਈਨ ਪਲੇਟਫਾਰਮਾਂ ’ਤੇ ਅਜਿਹੀ ਸਮੱਗਰੀ ਨੂੰ ਸਾਂਝਾ ਕਰਨਾ ਅਪਰਾਧ ਹੈ। ਅੱਲੜ ਅਤੇ ਬੱਚੇ ਇੰਨੇ ਵੱਡੇ ਪੱਧਰ ’ਤੇ ਪੋਰਨੋਗ੍ਰਾਫੀ ਸ਼ੇਅਰ ਕਰਨ ਵਿੱਚ ਸ਼ਾਮਲ ਹੋ ਰਹੇ ਹਨ ।ਇਨ੍ਹਾਂ ਅੰਕੜਿਆਂ ਨੇ ਜਰਮਨੀ ਵਿੱਚ ਚਿੰਤਾ ਵਧਾ ਦਿੱਤੀ ਹੈ।ਹਾਲਾਂਕਿ ਜਰਮਨੀ ਕਨੂੰਨ ਅਨੁਸਾਰ ਬੱਚਿਆਂ ਅਤੇ ਨਾਬਾਲਗਾਂ ਵਿਰੁੱਧ ਜਿਨਸੀ ਹਿੰਸਾ ਕਰਨਾ ਅਤੇ ਉਹਨਾਂ ਨਾਲ ਅਜਿਹੀ ਸਮੱਗਰੀ ਨੂੰ ਸਾਂਝਾ ਕਰਨਾ ਅਪਰਾਧ ਹੈ। ਇਸ ਦੇ ਨਾਲ ਹੀ, ਬਾਲਗਾਂ ਨੂੰ ਪੋਰਨੋਗ੍ਰਾਫੀ ਸ਼ੇਅਰ ਕਰਨਾ ਗੈਰ-ਕਾਨੂੰਨੀ ਨਹੀਂ ਹੈ, ਪਰ ਅਜਿਹੀ ਸਮੱਗਰੀ ਨੂੰ ਬੱਚਿਆਂ ਜਾਂ ਨਾਬਾਲਗਾਂ ਨਾਲ ਸ਼ੇਅਰ ਕਰਨਾ ਅਪਰਾਧ ਹੈ।

ਇਨ੍ਹਾਂ ਅੰਕੜਿਆਂ ਨੇ ਜਰਮਨੀ ਦੀ ਗ੍ਰਹਿ ਮੰਤਰੀ ਨੈਨਸੀ ਫਾਈਜ਼ਰ ਨੂੰ ਅਜੀਬ ਸਥਿਤੀ ਵਿੱਚ ਪਾ ਦਿੱਤਾ ਹੈ। ਹੈਨੋਵਰ ਦੇ ਮੀਡੀਆ ਐਡਿਕਸ਼ਨ ਸੈਂਟਰ ਦੇ ਮਨੋਵਿਗਿਆਨੀ ਡਾਕਟਰ ਤਾਬੇਯਾ ਫਰੀਟਾਗ ਦੇ ਅਨੁਸਾਰ, ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਵਿਅਕਤੀ ਅਜਿਹਾ ਕੁਕਰਮ ਕਰਨ ਤੋਂ ਪਹਿਲਾਂ ਬਹੁਤ ਸਾਰੀਆਂ ਬਾਲਗ ਪੋਰਨੋਗ੍ਰਾਫੀ ਦੇਖ ਚੁਕੇ ਹੁੰਦੇ ਹਨ। ਜਰਮਨ ਕ੍ਰਿਮੀਨਲ ਕੋਡ ਦੀ ਧਾਰਾ 184 ਦੇ ਤਹਿਤ ਦੇਸ਼ ਵਿੱਚ ਬਾਲਗ ਪੋਰਨੋਗ੍ਰਾਫੀ ਕਾਨੂੰਨੀ ਹੈ, ਪਰ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਅਜਿਹੀ ਸਮੱਗਰੀ ਤੱਕ ਅਜਿਹੀਆਂ ਕੰਟੈਂਟ ਤਕ ਪਹੁੰਚਾਉਣਾ ਤੇ ਦਿਖਾਉਣਾ ਗੈਰ-ਕਾਨੂੰਨੀ ਹੈ।

ਫਰੀਟੈਗ ਦਾ ਕਹਿਣਾ ਹੈ ਕਿ ,ਔਸਤਨ, ਬੱਚੇ 11 ਸਾਲ ਦੀ ਉਮਰ ਦੇ ਨੇੜੇ ਤੇੜੇ ਪੋਰਨੋਗ੍ਰਾਫੀ ਦੇ ਸੰਪਰਕ ਵਿੱਚ ਆਉਂਦੇ ਹਨ। ਅਜਿਹਾ ਅਕਸਰ ਇਸ ਲਈ ਹੁੰਦਾ ਹੈ ,ਕਿਉਂਕਿ ਉਹਨਾਂ ਕੋਲ ਆਪਣੇ ਸਮਾਰਟਫ਼ੋਨ ਹੁੰਦੇ ਹਨ ਅਤੇ ਇੰਟਰਨੈੱਟ ਇਸਤੇਮਾਲ ਕਰਨ ਲਈ ਉਹਨਾਂ ਨੂੰ ਇਕੱਲਾ ਛਡ ਦਿਤਾ ਜਾਂਦਾ ਹੈ। ਮਨੋਵਿਗਿਆਨੀ ਫਰੀਟੈਗ ਦੇ ਅਨੁਸਾਰ, ਜਿਨਸੀ ਹਿੰਸਾ ਵਰਗੀ ਅਸ਼ਲੀਲਤਾ ਦਾ ਬੱਚਿਆਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਜਿਨਸੀ ਵਿਕਾਸ ’ਤੇ ਡੂੰਘਾ ਪ੍ਰਭਾਵ ਪੈਂਦਾ ਹੈ।



ਫ੍ਰੀਟੈਗ ਦੇ ਅਨੁਸਾਰ, ਉਹ ਉਹਨਾਂ ਪਰਿਵਾਰਾਂ ਬਾਰੇ ਜਾਣਦੀ ਹੈ ਜਿੱਥੇ ਬੱਚਿਆਂ ਨੇ ਆਪਣੇ ਭੈਣ-ਭਰਾਵਾਂ ਨਾਲ ਅਸ਼ਲੀਲ ਦ੍ਰਿਸ਼ਾਂ ਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ। ਕੋਵਿਡ ਮਹਾਂਮਾਰੀ ਦੇ ਦੌਰਾਨ, ਫ੍ਰੀਟੈਗ ਨੂੰ ਉਹਨਾਂ ਮਾਪਿਆਂ ਦੀਆਂ ਕਾਲਾਂ ਵੀ ਆਈਆਂ ਜਿਨ੍ਹਾਂ ਦੀਆਂ ਧੀਆਂ, ਕਈ ਮਹੀਨਿਆਂ ਤੱਕ ਪੋਰਨੋਗ੍ਰਾਫੀ ਦੇਖਣ ਤੋਂ ਬਾਅਦ, ਆਪਣੇ ਆਪ ਨੂੰ ਸੈਕਸ ਆਬਜੈਕਟ ਦੀ ਤਰ੍ਹਾਂ ਪੇਸ਼ ਕਰਨ ਲਗ ਪਈਆਂ ਸਨ ਅਤੇ ਮਰਦਾਂ ਨੂੰ ਆਪਣੀਆਂ ਅਸ਼ਲੀਲ ਫੋਟੋ-ਵੀਡੀਓ ਭੇਜਣ ਲਗ ਪਈਆਂ ਸਨ।

ਮਨੋਵਿਗਿਆਨੀ ਫ੍ਰੀਟੈਗ ਦੇ ਅਨੁਸਾਰ, ਜ਼ਿਆਦਾ ਬੱਚੀਆਂ ਅਤੇ ਨੌਜਵਾਨ ਲੜਕੀਆਂ ਆਪਣੇ ਜਿਨਸੀ ਸਬੰਧਾਂ ਦੌਰਾਨ ਵਧੇਰੇ ਹਿੰਸਾ ਦਾ ਸਾਹਮਣਾ ਕਰ ਰਹੀਆਂ ਹਨ। ਫ੍ਰੀਟੈਗ ਇਸ ਗੱਲ ਦੀ ਵਿਆਖਿਆ ਕਰਦੇ ਹੋਏ ਕਹਿੰਦੀ ਹੈ, ਪੋਰਨੋਗ੍ਰਾਫੀ ਮੁੱਖ ਤੌਰ ’ਤੇ ਮਰਦਾਂ ਲਈ ਬਣਾਈ ਗਈ ਸੀ। ਇਹ ਤਜਰਬਾ ਦਰਸਾਉਂਦਾ ਹੈ ਕਿ ਲੜਕੇ ਹੁਣ ਕੁੜੀਆਂ ਨੂੰ ਵੱਖਰੇ ਨਜ਼ਰੀਏ ਨਾਲ ਦੇਖਦੇ ਹਨ। ਉਹ ਆਪਣੇ ਨਾਲ ਪੜ੍ਹਦੀਆਂ ਲੜਕੀਆਂ ਨੂੰ ਵੀ ਜਿਨਸੀ ਵਸਤੂਆਂ ਦੇ

ਰੂਪ ਵਿੱਚ ਦੇਖਦੇ ਹਨ। ਦੂਜੇ ਪਾਸੇ, ਕੁੜੀਆਂ ਮਹਿਸੂਸ ਕਰਦੀਆਂ ਹਨ ਕਿ ਉਨ੍ਹਾਂ ਨੂੰ ਕੁਝ ਕੰਮ ਕਰਨੇ ਪੈਣਗੇ ਭਾਵੇਂ ਕਿ ਉਹ ਬਹੁਤ ਦੁਖਦਾਈ ਜਾਂ ਘਿਣਾਉਣੇ ਹਨ। ਉਹਨਾਂ ਨੂੰ ਇਹ ਡਰ ਲਗਦਾ ਹੈ ਕਿ ਜੇਕਰ ਉਹ ਅਜਿਹਾ ਨਹੀਂ ਕਰਨਗੀਆਂ, ਤਾਂ ਉਹਨਾਂ ਨੂੰ ਰੂੜੀਵਾਦੀ ਵਜੋਂ ਦੇਖਿਆ ਜਾਵੇਗਾ ਜਾਂ ਉਹਨਾਂ ਦੀ ਦੋਸਤੀ ਟੁੱਟ ਸਕਦੀ ਹੈ।

ਚਿਲਡਰਨ ਕਮਿਸ਼ਨਰ ਆਫ ਇੰਗਲੈਂਡ ਦੁਆਰਾ ਜਨਵਰੀ 2023 ਦੀ ਖੋਜ ਵਿੱਚ, 16 ਤੋਂ 21 ਸਾਲ ਦੀ ਉਮਰ ਦੀਆਂ 47 ਪ੍ਰਤੀਸ਼ਤ ਕੁੜੀਆਂ ਨੇ ਕਿਹਾ ਕਿ ਸੈਕਸ ਵਿੱਚ ਕੁਟਮਾਰ ਤੇ ਹਿੰਸਾ ਸ਼ਾਮਲ ਹੈ। ਨਾਲ ਹੀ, 42 ਪ੍ਰਤੀਸ਼ਤ ਦਾ ਮੰਨਣਾ ਹੈ ਕਿ ਕੁੜੀਆਂ ਸੈਕਸ ਦੌਰਾਨ ਜਿਨਸੀ ਹਿੰਸਾ ਨੂੰ ਤਰਜੀਹ ਦਿੰਦੀਆਂ ਹਨ।

ਅਮਰੀਕਾ ਵਿੱਚ ਕੀਤੀ ਗਈ ਇੱਕ ਖੋਜ ਅਨੁਸਾਰ 14 ਤੋਂ 17 ਸਾਲ ਦੀ ਉਮਰ ਦੀਆਂ 13 ਫੀਸਦੀ ਸੈਕਸੁਅਲ ਐਕਟਿਵ ਕੁੜੀਆਂ ਨੇ ਕਿਹਾ ਕਿ ਉਨ੍ਹਾਂ ਦਾ ਸੈਕਸ ਦੌਰਾਨ ਦਮ ਘੁੱਟ ਗਿਆ ਸੀ, ਪਰ ਪੋਰਨੋਗ੍ਰਾਫੀ ਅਕਸਰ ਇਸਨੂੰ ਇੱਕ ਆਮ ਜਿਨਸੀ ਗਤੀਵਿਧੀ ਵਾਂਗ ਦਰਸਾਉਂਦੀ ਹੈ।ਫਰੀਟੈਗ ਕਹਿੰਦੀ ਹੈ, ਮੇਰੇ ਨੌਜਵਾਨ ਸਾਥੀ ਜੋ ਕਿਸ਼ੋਰਾਂ ਨੂੰ ਪੋਰਨ ਤੋਂ ਦੂਰ ਰੱਖਣ ਦੀ ਕੋਸ਼ਿਸ਼ ਕਰਨ ਲਈ ਸਕੂਲਾਂ ਵਿੱਚ ਜਾਂਦੇ ਹਨ, ਮੈਨੂੰ ਦੱਸਦੇ ਹਨ ਕਿ ਕੁਝ ਕਿਸ਼ੋਰ ਉਨ੍ਹਾਂ ਦਾ ਧੰਨਵਾਦ ਕਰਦੇ ਹਨ ਕਿਉਂਕਿ ਕੋਈ ਉਹਨਾਂ ਨੂੰ ਸਹੀ ਗੱਲ ਸਮਝਾ ਰਿਹਾ ਹੈ।

ਪੋਰਨੋਗਰਾਫੀ ਨਾਲ ਭਰੀ ਦੁਨੀਆ ਵਿੱਚ ਰਹਿ ਰਹੇ ਬੱਚਿਆਂ ਪ੍ਰਤੀ ਹਮਦਰਦੀ ਪ੍ਰਗਟ ਕਰਦੇ ਹੋਏ, ਫਰੀਟੈਗ ਦਾ ਕਹਿਣਾ ਹੈ, ਇਹ ਉਹਨਾਂ ਲਈ ਇੱਕ ਵੱਡੀ ਚੁਣੌਤੀ ਹੈ, ਜਿਸ ਲਈ ਉਹ ਬਿਲਕੁਲ ਵੀ ਜ਼ਿੰਮੇਵਾਰ ਨਹੀਂ ਹਨ। ਉਹ ਵੀ ਸਨਮਾਨ ਦੇ ਹੱਕਦਾਰ ਹਨ, ਕਿਉਂਕਿ ਉਹ ਪਹਿਲੀ ਪੀੜ੍ਹੀ ਹਨ ਜਿਨ੍ਹਾਂ ਨੂੰ ਮੁਫ਼ਤ ਪੋਰਨੋਗ੍ਰਾਫੀ ਪਰੋਸੀ ਗਈ ਹੈ। ਉਹ ਇਸ ਕਿਸਮ ਦੀ ਘਟੀਆ ਸਮੱਗਰੀ ਨੂੰ ਹੰਡਾ ਰਹੀ ਹੈ ਅਤੇ ਦੁਖੀ ਹੋ ਰਹੀ ਹੈ।

**ਕੀ ਹੱਲ ਸੋਚਦੇ ਨੇ ਮਾਹਿਰ**

ਇਨ੍ਹਾਂ ਵਿਗੜਦੀਆਂ ਸਥਿਤੀਆਂ ਨੂੰ ਦੇਖਦੇ ਹੋਏ, ਕੁਝ ਮਾਹਿਰ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸਮਾਰਟਫੋਨ ’ਤੇ ਪਾਬੰਦੀ ਲਗਾਉਣ ਦੀ ਮੰਗ ਕਰ ਰਹੇ ਹਨ। ਕੁਝ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ, ਟੀਵੀ ਅਤੇ ਰੇਡੀਓ ਰਾਹੀਂ ਜਾਗਰੂਕਤਾ ਮੁਹਿੰਮ ਚਲਾਈ (ਬਾਕੀ ਸਫ਼ਾ 31 ’ਤੇ)

# ਜਲੰਧਰ ਦੀ ਬੈਟ ਇੰਡਸਟਰੀ ਸਰਕਾਰ ਦੀਆਂ ਨੀਤੀਆਂ ਕਾਰਨ ਉਜਾੜੇ ਦੇ ਰਾਹ

- ਖਿਡਾਰੀਆਂ ਦਾ ਮੇਰਠ ਤੇ ਜੰਮੂ-ਕਸ਼ਮੀਰ ਵਿੱਚ ਬਣਨ ਵਾਲੇ ਬੈਟਾਂ ਵੱਲ ਵਧਿਆ ਰੁਝਾਨ
- ਸਚਿਨ ਤੋਂ ਲੈ ਕੇ ਧੋਨੀ ਦੀ ਪਹਿਲੀ ਪਸੰਦ ਰਹੇ ਨੇ ਜਲੰਧਰ ਦੇ ਕ੍ਰਿਕਟ ਬੈਟ

ਜਲੰਧਰ ਖੇਡ ਉਦਯੋਗ ਵਿਚੋਂ ਬਣਨ ਵਾਲੇ ਬੈਟਾਂ ਦੀ ਭਾਰਤ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ ਵੱਡੀ ਮੰਗ ਰਹੀ ਹੈ ਪਰ ਸਮੇਂ ਦੀਆਂ ਸਰਕਾਰਾਂ ਵੱਲੋਂ ਇਸ ਉਦਯੋਗ ਵੱਲ ਧਿਆਨ ਨਾ ਦੇਣ ਕਾਰਨ ਹੁਣ ਇੱਥੇ ਬਣਨ ਵਾਲੇ ਬੱਲਿਆਂ ਦੀ ਸਰਦਾਰੀ ਪੂਰੀ ਤਰ੍ਹਾ ਖ਼ਤਮ ਹੋਣ ਕਿਨਾਰੇ ਪੁੱਜ ਗਈ ਹੈ। ਹਾਲਾਤ ਇਹ ਹਨ ਕਿ ਮੌਜੂਦਾ ਸਮੇਂ 85 ਫ਼ੀਸਦੀ ਕ੍ਰਿਕਟ ਬੱਲਿਆਂ ਦਾ ਉਦਯੋਗ ਇਥੇ ਖ਼ਤਮ ਹੋ ਚੁੱਕਾ ਹੈ ਜਾਂ ਦੂਜੇ ਸੂਬਿਆਂ ਵਿੱਚ ਚਲਾ ਗਿਆ। ਲੰਘੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੀ ਖੇਡ ਉਦਯੋਗ ਨੂੰ ਵੀ ਪ੍ਰਫ਼ੁੱਲਿਤ ਕਰਨ ਦਾ ਵੀ ਐਲਾਨ ਕੀਤਾ ਗਿਆ ਸੀ।




1947 ਦੇ ਵਿੱਚ ਭਾਰਤ ਦੀ ਵੰਡ ਤੋਂ ਬਾਅਦ ਪਾਕਿਸਤਾਨ ਦੇ ਸਿਆਲਕੋਟ ਜ਼ਿਲ੍ਹੇ ਤੋਂ ਖੇਡ ਉਦਯੋਗ ਜਲੰਧਰ ਜ਼ਿਲ੍ਹੇ ਵਿੱਚ ਤਬਦੀਲ ਹੋ ਗਿਆ ਸੀ। ਜਿੱਥੇ ਸਿਰਫ ਕ੍ਰਿਕਟ ਦੇ ਬੱਲੇ ਹੀ ਨਹੀਂ ਬਲਕਿ ਹਰ ਪ੍ਰਕਾਰ ਦੀਆਂ ਖੇਡਾਂ ਦਾ ਸਾਮਾਨ ਬਣਦਾ ਹੈ। 30 ਸਾਲ ਪਹਿਲਾਂ ਇਨ੍ਹਾਂ ਬੱਲਿਆਂ ਨੂੰ ਤਿਆਰ ਕਰਨ ਲਈ ਜੋ ਲੱਕੜ ਜੰਮੂ-ਕਸ਼ਮੀਰ ਤੋਂ ਆਉਂਦੀ ਸੀ ਉਸ ਨੂੰ ਦੂਸਰਿਆਂ ਸੂਬਿਆਂ ਦੇ ਵਿੱਚ ਲੈ ਕੇ ਜਾਣ ਲਈ ਫਾਰੂਕ ਅਬਦੁੱਲਾ ਸਰਕਾਰ ਨੇ ਰੋਕ ਲਾ ਦਿੱਤੀ ਸੀ। ਪੰਜਾਬ ਖੇਡ ਉਦਯੋਗ ਸੰਘ ਦੇ ਕਨਵੀਨਰ ਰਵਿੰਦਰ ਧੀਰ ਨੇ ਦੱਸਿਆ ਕਿ ਜੰਮੂ-ਕਸ਼ਮੀਰ ਸਰਕਾਰ ਵੱਲੋਂ ਲੱਕੜ ਬੰਦ ਕਰਨ ਤੋਂ ਬਾਅਦ ਇਹ ਉਦਯੋਗ ਪ੍ਰਭਾਵਿਤ ਹੋਣਾ ਸ਼ੁਰੂ ਹੋ ਗਿਆ ਸੀ। ਇਸ ਸਬੰਧੀ ਉਦਯੋਗਪਤੀਆਂ ਵੱਲੋਂ ਵੀ ਸਰਕਾਰ ਨਾਲ ਰਾਬਤਾ ਕਾਇਮ ਕੀਤਾ ਪਰ ਉਨ੍ਹਾਂ ਨੇ ਉੱਥੇ ਹੀ ਬੈਟ ਬਣਾਉਣ ਲਈ ਉਦਯੋਗ ਲਾਉਣ ਦੀ ਹਦਾਇਤ ਕਰ ਦਿੱਤੀ। ਇਸ ਕਾਰਨ ਉਦੋਂ ਤੋਂ ਹੀ ਕੁਝ ਉਦਯੋਗ ਬੱਲੇ ਬਣਾਉਣ ਲਈ ਉੱਥੇ ਤਬਦੀਲ ਹੋ ਗਏ ਜਾਂ ਉਨ੍ਹਾਂ ਨੇ ਆਪਣਾ ਕੰਮ ਬੰਦ ਕਰ ਦਿੱਤਾ ਸੀ।

ਰਵਿੰਦਰ ਧੀਰ ਨੇ ਦੱਸਿਆ ਕਿ ਖੇਡ ਉਦਯੋਗਾਂ ’ਤੇ ਸਭ ਤੋਂ ਵੱਡੀ ਮਾਰ ਵਿੱਕਰੀ ਕਰ ਦੀ ਪਈ ਹੈ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਉਨ੍ਹਾਂ ’ਤੇ ਸਭ ਤੋਂ ਪਹਿਲਾਂ ਟੈਕਸ 8 ਫ਼ੀਸਦੀ ਸੀ, ਤਾਂ ਉਸ ਸਮੇਂ ਯੂਪੀ ਵਿੱਚ ਇਹ ਟੈਕਸ ਸਿਰਫ 4 ਫ਼ੀਸਦੀ ਸੀ। ਇਸ ਸਬੰਧੀ ਉਨ੍ਹਾਂ ਵੱਲੋਂ ਕਈ ਵਾਰ ਸਰਕਾਰੀ ਅਧਿਕਾਰੀਆਂ ਤੇ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਨਾਲ ਵੀ ਮੀਟਿੰਗਾਂ ਕੀਤੀਆਂ ਗਈਆਂ ਤਾਂ ਉਨ੍ਹਾਂ ਵੱਲੋਂ ਇਹ ਟੈਕਸ 4 ਫ਼ੀਸਦੀ ਕਰ ਦਿੱਤਾ ਗਿਆ ਤੇ ਯੂਪੀ ਵਿੱਚ ਇਹ ਟੈਕਸ 2 ਫ਼ੀਸਦੀ ਕਰ ਦਿੱਤਾ ਗਿਆ। ਇਸ ਦੇ ਨਾਲ ਹੀ ਜਦੋਂ ਸਰਕਾਰ ਵੱਲੋਂ ਇਨ੍ਹਾਂ ਉਦਯੋਗਾਂ ਤੇ 2005 ਵਿੱਚ 5.5 ਫ਼ੀਸਦੀ ਵੈਟ ਲਾਗੂ ਕੀਤਾ ਗਿਆ ਤਾਂ 2008 ਵਿੱਚ ਯੂਪੀ ਵਿੱਚ ਮਾਇਆਵਤੀ ਦੀ ਸਰਕਾਰ ਸਮੇਂ ਇਨ੍ਹਾਂ ਉਦਯੋਗਾਂ ਨੂੰ ਟੈਕਸ ਮੁਕਤ ਕਰ ਦਿੱਤਾ ਗਿਆ। ਇਸ ਕਾਰਨ ਯੂਪੀ ਦੇ ਉਦਯੋਗ ਜ਼ਿਆਦਾ ਪ੍ਰਫੁੱਲਤ ਹੋਣ ਲੱਗ ਪਏ। ਇਸ ਸਬੰਧੀ ਉਨ੍ਹਾਂ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਮੀਟਿੰਗਾਂ ਕੀਤੀਆਂ ਗਈਆਂ ਪਰ ਭਰੋਸੇ ਤੋਂ ਸਿਵਾ ਕੁਝ ਵੀ ਨਹੀਂ ਮਿਲਿਆ ਤੇ 2017 ਵਿੱਚ ਜੀਐੱਸਟੀ ਲੱਗਣ ਉਪਰੰਤ ਯੂਪੀ ਦੇ ਉਦਯੋਗ ਹੋਰ ਵੀ ਅੱਗੇ ਲੰਘ ਗਏ ਤੇ ਪੰਜਾਬ ਦੇ ਖੇਡ ਉਦਯੋਗ ਪੱਛੜ ਗਏ।

ਜਲੰਧਰ ’ਚ ਬਣਨ ਵਾਲੇ ਬੱਲੇ ਸਚਿਨ ਤੇਂਦੁਲਕਰ ਤੋਂ ਲੈ ਕੇ ਮਹਿੰਦਰ ਸਿੰਘ ਧੋਨੀ ਵਰਗੇ ਦਿੱਗਜ ਖਿਡਾਰੀਆਂ ਦੀ ਪਹਿਲੀ ਪਸੰਦ ਰਹੇ ਹਨ ਤੇ ਉਨ੍ਹਾਂ ਨੇ ਇਨ੍ਹਾਂ ਬੱਲਿਆਂ ਦੇ ਨਾਲ ਹੀ ਵੱਡੇ-ਵੱਡੇ ਰਿਕਾਰਡ ਦਰਜ ਕੀਤੇ ਗਏ ਹਨ। ਜਲੰਧਰ ਵਿੱਚ ਬਣਨ ਵਾਲੇ ਕ੍ਰਿਕਟ ਬੱਲਿਆਂ ਦੀ ਵਰਤੋਂ ਕਰਨ ਵਾਲਿਆਂ ’ਚ ਸਚਿਨ ਤੇਂਦੁਲਕਰ, ਕ੍ਰਿਸ ਗੇਲ, ਵਿਕਰਮ ਰਾਠੌਰ, ਨਵਜੋਤ ਸਿੰਘ ਸਿੱਧੂ, ਸੁਨੀਲ ਜੋਸ਼ੀ, ਚੇਤਨ ਸ਼ਰਮਾ, ਹਾਸ਼ਿਮ ਆਮਲਾ, ਵਿਨੋਦ ਕਾਂਬਲੀ, ਜਵਾਗਲ ਸ਼੍ਰੀਨਾਥ, ਅਜਿੰਕੇ ਰਹਾਣੇ, ਡੈਰੇਨ ਸਾਮੀ, ਯਸ਼ਪਾਲ ਸ਼ਰਮਾ, ਅਨਿਲ ਕੁੰਬਲੇ ਤੇ ਮਦਨ ਲਾਲ ਆਦਿ ਖਿਡਾਰੀਆਂ ਨੇ ਜਲੰਧਰ ਵਿੱਚ ਬਣੇ ਬੈਟਾਂ ਦੀ ਵਰਤੋਂ ਕੀਤੀ ਹੈ।

ਰਵਿੰਦਰ ਧੀਰ ਨੇ ਦੱਸਿਆ ਕਿ ਜਲੰਧਰ ਦੇ ਖੇਡ ਉਦਯੋਗਾਂ ਨੂੰ ਬਚਾਉਣ (ਬਾਕੀ ਸਫ਼ਾ 30 ’ਤੇ)

## ਸਰਕਾਰ ਵੱਲੋਂ ਕੀਤੇ ਜਾ ਰਹੇ ਨੇ ਉਪਰਾਲੇ : ਜ਼ਿਲ੍ਹਾ ਉਦਯੋਗ ਅ਼ਫਸਰ

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਉਦਯੋਗ ਅ਼ਫ਼ਸਰ ਦੀਪ ਗਿੱਲ ਨੇ ਦੱਸਿਆ ਕਿ ਵਿਭਾਗ ਵੱਲੋਂ ਉਦਯੋਗਾਂ ਨੂੰ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਤਹਿਤ ਉਦਯੋਗਾਂ ਲਈ ਥਰਸਟ ਸੈਕਟਰ ਦਾ ਵੀ ਨਿਰਮਾਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰ ਵੱਲੋਂ ਹੁਣ ਉਦਯੋਗਾਂ ਲਈ ਸਮੇਂ ਸਮੇਂ ਸਿਰ ਸਪੈਸ਼ਲ ਰਿਆਇਤਾਂ ਵੀ ਦਿੱਤੀਆਂ ਜਾ ਰਹੀਆਂ ਹਨ, ਜਿਸ ਵਿੱਚ ਬਿਜਲੀ ਬਿੱਲ , ਇਲੈਕਟ੍ਰਿਸਿਟੀ ਡਿਊਟੀ ਤੇ ਜੀਐੱਸਟੀ ਦੇ ਵਿੱਚ ਛੋਟ ਸ਼ਾਮਲ ਹਨ।




## ਯੂਕਰੇਨ ਜੰਗ ਕਾਰਨ ਕੱਚੇ ਮਾਲ ਦੀ ਸਪਲਾਈ ਰੁਕਣ ਨਾਲ ਖੇਡ ਸਨਅਤ ਪੱਛੜੀ



ਯੂਕਰੇਨ-ਰੂਸ ਵਿੱਚ ਛਿੜੀ ਜੰਗ ਦੇ ਚੱਲਦਿਆਂ ਦੇਸ਼ ਦੀ ਸਭ ਤੋਂ ਵੱਡੀ ਖੇਡ ਸਨਅਤ ਦੀ ਖੇਡ ਵਿਗੜਨ ਲੱਗ ਪਈ ਹੈ। ਖੇਡਾਂ ਦਾ ਸਾਮਾਨ ਬਣਾਉਣ ਵਿੱਚ ਬਲੈਕ ਕਾਰਬਨ, ਸਿੰਥੈਟਿਕ ਧਾਗੇ, ਸਿੰਥੈਟਿਕ ਰਬੜ ਤੇ ਹੋਰ ਕਈ ਤਰ੍ਹਾਂ ਦੇ ਕੱਚੇ ਮਾਲ ਦੇ ਭਾਅ ਵਧ ਗਏ ਹਨ। ਜਲੰਧਰ ਦੇ ਖੇਡ ਸਨਅਤਕਾਰਾਂ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਪਹਿਲਾਂ ਹੀ ਖੇਡ ਸਨਅਤ ਬੁਰੀ ਤਰ੍ਹਾਂ ਤਬਾਹੀ ਦੇ ਕੰਢੇ ’ਤੇ ਆਈ ਹੋਈ ਹੈ ਤੇ ਰਹਿੰਦੀ ਕਸਰ ਯੂਕਰੇਨ-ਰੂਸ ਜੰਗ ਨੇ ਕੱਢ ਦੇਣੀ ਹੈ। ਖੇਡ ਸਨਅਤ ਨਾਲ ਜੁੜੇ ਕਾਰੋਬਾਰੀ ਰਵਿੰਦਰ ਧੀਰ ਨੇ ਕਿਹਾ ਕਿ ਯੂਕਰੇਨ-ਰੂਸ ਜੰਗ ਨਾਲ ਸਮੁੱਚੀ ਸਨਅਤ ਹੀ ਪ੍ਰਭਾਵਿਤ ਹੋ ਰਹੀ ਹੈ। ਖੇਡ ਸਨਅਤ ’ਤੇ ਇਸ ਲਈ ਵੱਧ ਮਾਰ ਪੈ ਰਹੀ ਹੈ ਕਿਉਂਕਿ ਪਹਿਲਾਂ ਇਸ ਸਨਅਤ ’ਤੇ ਨੋਟਬੰਦੀ ਤੇ ਜੀਐੱਸਟੀ ਨੇ ਅਜਿਹਾ ਪ੍ਰਭਾਵ ਪਾਇਆ ਕਿ ਇਹ ਇੰਡਸਟਰੀ ਪੈਰਾਂ ’ਤੇ ਨਹੀਂ ਆ ਸਕੀ। ਹਾਲਾਤ ਜਦੋਂ ਸੁਧਰਨ ਲੱਗੇ ਤਾਂ ਕੋਵਿਡ-19 ਦੀ ਮਾਰ ਪੈ ਗਈ। ਕਰੋਨਾ ਤੋਂ ਉੱਭਰ ਰਹੀ ਇੰਡਸਟਰੀ ’ਤੇ ਹੁਣ ਯੂਕਰੇਨ-ਰੂਸ ਜੰਗ ਭਾਰੀ ਪੈ ਰਹੀ ਹੈ।



# ਕੀ ਮੀਡੀਆ ਸੱਚਮੁੱਚ ਆਜ਼ਾਦ ਹੋਣਾ ਚਾਹੁੰਦਾ ਹੈ ?

## ਅਕਸਰ ਬੁੱਧੀਜੀਵੀ ਮੀਡੀਆ ਦੀ ਆਜ਼ਾਦੀ ਦਾ ਪਿੱਟਦੇ ਨੇ ਢਿੰਡੋਰਾ

ਭਾਰਤ ਵਿੱਚ ਇਕ ਸਮਾਂ ਅਜਿਹਾ ਵੀ ਸੀ ਜਦੋਂ ਪੱਤਰਕਾਰ ਜ਼ਮੀਨ ਪੱਧਰ 'ਤੇ ਵਿਚਰਕੇ ਆਪਣੀਆਂ ਰਿਪੋਰਟਾਂ ਤਿਆਰ ਕਰਦੇ ਸਨ, ਜੋ ਕਿ ਅਸਲੀਅਤ ਦੇ ਵਧੇਰੇ ਨੇੜੇ ਹੁੰਦੀਆਂ ਸਨ ਪਰ ਅੱਜ ਕੱਲ੍ਹ ਪੱਤਰਕਾਰਾਂ ਨੂੰ ਆਪਣੇ ਦਫਤਰਾਂ ਵਿੱਚ ਬੈਠਿਆਂ ਹੀ ਹਰ ਤਰਾਂ ਦੀਆਂ ਰਿਪੋਰਟਾਂ ਤਿਆਰ ਹੋਈਆਂ ਮਿਲਦੀਆਂ ਹਨ, ਏ.ਸੀ. ਕਮਰਿਆਂ 'ਚ ਬੈਠ ਕੇ ਤਿਆਰ ਕੀਤੀਆਂ ਅਜਿਹੀਆਂ ਰਿਪੋਰਟਾਂ ਅਕਸਰ ਸੱਚਾਈ ਤੋਂ ਦੂਰ ਹੁੰਦੀਆਂ ਹਨ। ਪਹਿਲਾਂ ਭਾਰਤ ਵਿੱਚ ਹਰ ਆਮ ਆਦਮੀ ਦੀ ਆਵਾਜ਼ ਸਰਕਾਰ ਤੱਕ ਪਹੁੰਚਾਉਣ ਲਈ ਪੱਤਰਕਾਰ ਅਤੇ ਮੀਡੀਆ ਅਹਿਮ ਭੂਮਿਕਾ ਨਿਭਾਉਂਦੇ ਸਨ ਪਰ ਹੁਣ ਸਥਿਤੀ ਬਦਲ ਗਈ ਹੈ ਅਤੇ ਵੱਡੀ ਗਿਣਤੀ ਨਿਊਜ਼ ਚੈਨਲ ਅਤੇ ਅਖ਼ਬਾਰ ਸਰਕਾਰੀ ਨੀਤੀਆਂ ਦਾ ਪ੍ਰਚਾਰ ਕਰਨ ਦਾ ਮਾਧਿਆਮ ਬਣ ਗਏ ਹਨ। ਜਿਸ ਕਰਕੇ ਮੀਡੀਆ ਦੀ ਨਿਰਪੱਖਤਾ 'ਤੇ ਸਵਾਲ ਖੜੇ ਹੋ ਰਹੇ ਹਨ। ਪਹਿਲਾਂ ਪੱਤਰਕਾਰੀ ਵਿੱਚ ਇਸ਼ਤਿਹਾਰਾਂ ਦੀ ਥਾਂ ਸਮਾਜ ਸੇਵਾ ਨੂੰ ਵਧੇਰੇ ਮਹੱਤਵ ਦਿਤਾ ਜਾਂਦਾ ਸੀ ਪਰ ਹੁਣ ਇਸ਼ਤਿਹਾਰਾਂ ਨੂੰ ਵਧੇਰੇ ਤਵੱਜੋ ਦਿਤੀ ਜਾਂਦੀ ਹੈ। ਇਹਨਾਂ ਇਸ਼ਤਿਹਾਰਾਂ ਦੀ ਬਦੌਲਤ ਅੱਜ ਪੱਤਰਕਾਰਤਾ ਅਤੇ ਮੀਡੀਆ 'ਤੇ ਬਾਜ਼ਾਰਵਾਦ ਹਾਵੀ ਹੋ ਗਿਆ ਹੈ, ਜਿਸਦੇ ਅਣਸੁਖਾਂਵੇ ਨਤੀਜੇ ਨਿਕਲ ਰਹੇ ਹਨ।

ਭਾਰਤ ਦੇ ਵੱਖ- ਵੱਖ ਬੁੱਧੀਜੀਵੀਆਂ ਅਤੇ ਆਲੋਚਕਾਂ ਸਮੇਤ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਅਕਸਰ ਮੀਡੀਆ ਦੀ ਆਜ਼ਾਦੀ ਦਾ ਢਿੰਡੋਰਾ ਪਿਟਿਆ ਜਾਂਦਾ ਹੈ, ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਮੀਡੀਆ ਖੁਦ ਸੱਚਮੁੱਚ ਆਜ਼ਾਦ ਹੋਣਾ ਚਾਹੁੰਦਾ ਹੈ ? ਉਂਝ ਕਹਿਣ ਨੂੰ ਤਾਂ ਮੀਡੀਆ ਭਾਰਤ ਵਿੱਚ ਪੂਰੀ ਤਰਾਂ ਆਜ਼ਾਦ ਹੈ, ਪਰ ਭਾਰਤ ਵਿੱਚ ਮੀਡੀਆ ਦੀ ਜੋ ਅਸਲੀਅਤ ਹੈ , ਉਹ ਸਭ ਦੇ ਸਾਹਮਣੇ ਹੈ। ਇਸ ਸਮੇਂ ਰਾਸ਼ਟਰੀ ਮੀਡੀਆ ਦੇ ਅਨੇਕਾਂ ਨਿਊਜ਼ ਚੈਨਲਾਂ ਨੂੰ ਬੁੱਧੀਜੀਵੀਆਂ, ਆਲੋਚਕਾਂ ਅਤੇ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ 'ਗੋਦੀ ਮੀਡੀਆ' ਜਾਂ 'ਸਰਕਾਰੀ ਭੌਂਪੂ' ਦਾ ਨਾਂਅ ਦਿਤਾ ਜਾਂਦਾ ਹੈ। ਇਹ ਲੋਕ ਕਹਿੰਦੇ ਹਨ ਕਿ



ਜਿਸ ਤਰੀਕੇ ਨਾਲ ਰਾਸ਼ਟਰੀ ਨਿਊਜ਼ ਚੈਨਲਾਂ ਵੱਲੋਂ ਹਰ ਦਿਨ ਅਤੇ ਵਾਰ ਵਾਰ ਸਮੇਂ ਦੀ ਸਰਕਾਰ ਦੇ ਸੋਹਲੇ ਗਾਏ ਜਾਂਦੇ ਹਨ ਅਤੇ ਵਿਰੋਧੀ ਪਾਰਟੀਆਂ ਅਤੇ ਦੇਸ਼ ਦੇ ਮਹੱਤਵਪੂਰਨ ਮਸਲਿਆਂ ਨੂੰ ਅਣਸੁਣਿਆ ਅਤੇ ਅਣਗੋਲਿਆ ਕਰ ਦਿਤਾ ਜਾਂਦਾ ਹੈ, ਤਾਂ ਉਸ ਸਮੇਂ ਇਹ ਮਹਿਸੂਸ ਹੁੰਦਾ ਹੈ ਕਿ ਮੀਡੀਆ ਭਾਰਤ ਵਿੱਚ ਪੂਰੀ ਤਰਾਂ ਆਜ਼ਾਦ ਨਹੀਂ ਹੈ।

ਅਨੇਕਾਂ ਬੁੱਧੀਜੀਵੀ ਕਹਿੰਦੇ ਹਨ ਕਿ ਕੇਂਦਰ ਸਰਕਾਰ ਚਲਾ ਰਹੀ ਸਿਆਸੀ ਪਾਰਟੀ ਦੇ ਆਗੂਆਂ ਦੇ ਵਪਾਰੀ ਸਮਰਥਕਾਂ ਵੱਲੋਂ ਕੁਝ ਰਾਸ਼ਟਰੀ ਨਿਊਜ਼ ਚੈਨਲਾਂ ਨੂੰ ਖਰੀਦ ਲਿਆ ਗਿਆ ਹੈ ਜਾਂ ਉਹਨਾਂ ਚੈਨਲਾਂ ਦੀ ਮੈਨੇਜ਼ਮੈਂਟ ਵਿੱਚ ਆਪਣਾ ਹਿਸਾ ਪਾ ਲਿਆ ਗਿਆ ਹੈ, ਜਿਸ ਕਾਰਨ ਇਹ ਨਿਉਜ਼ ਚੈਨਲ ਸਿਰਫ਼ ਉਹੀ ਬੋਲੀ ਬੋਲਦੇ ਹਨ, ਜੋ ਕਿ ਇਹਨਾਂ ਦੇ ਮਾਲਕਾਂ ਵੱਲੋਂ ਇਹਨਾਂ ਨੂੰ ਬੋਲਣ ਲਈ ਕਿਹਾ ਜਾਂਦਾ ਹੈ। ਇਸੇ ਕਾਰਨ ਬੁੱਧੀਜੀਵੀ ਅਤੇ ਆਲੋਚਕ ਅਨੇਕਾਂ ਰਾਸ਼ਟਰੀ ਨਿਉਜ਼ ਚੈਨਲਾਂ ਨੂੰ 'ਸਰਕਾਰੀ ਤੋਤੇ' ਵੀ ਕਹਿੰਦੇ ਹਨ।

ਵੇਖਣ ਵਿੱਚ ਆਇਆ ਹੈ ਕਿ ਮੀਡੀਆ ਵੱਲੋਂ ਅਕਸਰ ਹਰ ਮੁੱਦੇ ਨੂੰ ਇਸ ਤਰਾਂ ਉਭਾਰਿਆ ਜਾਂਦਾ ਹੈ, ਜਿਸ ਨਾਲ ਮੋਦੀ ਸਰਕਾਰ ਅਤੇ ਭਾਜਪਾ ਨੂੰ ਫਾਇਦਾ ਮਿਲੇ ਅਤੇ ਵਿਰੋਧੀ ਪਾਰਟੀਆਂ ਦਾ ਨੁਕਸਾਨ ਹੋਵੇ। ਸਰਕਾਰ ਵਿਰੁੱਧ ਕਿਸੇ ਵੀ ਕਾਰਵਾਈ ਜਾਂ ਸਰਗਰਮੀ ਨੂੰ ਮੀਡੀਆਂ ਵੱਲੋਂ ਨਹੀਂ ਦਿਖਾਇਆ ਜਾਂਦਾ। ਇਸ ਤੋਂ ਇਲਾਵਾ ਅਕਸਰ ਨਿਊਜ਼ ਚੈਨਲਾਂ ਅਤੇ ਕੁਝ ਰਾਸ਼ਟਰੀ ਅਖਬਾਰਾਂ ਵੱਲੋਂ ਅਜਿਹੀਆਂ ਖ਼ਬਰਾਂ ਦਰਸ਼ਕਾਂ ਅਤੇ ਪਾਠਕਾਂ ਅੱਗੇ ਪੇਸ਼ ਕੀਤੀਆਂ ਜਾਂਦੀਆਂ ਹਨ, ਜੋ ਕਿ ਸਰਕਾਰ ਵੱਲੋਂ ਜਾਂ ਸਰਕਾਰ ਚਲਾ ਰਹੀ ਭਾਜਪਾ ਦੇ ਸਮਰਥਕ ਵਪਾਰੀਆਂ ਵੱਲੋਂ ਸਪਾਂਸਰ ਕੀਤੀਆਂ ਹੁੰਦੀਆਂ ਹਨ। ਇਸ ਤਰਾਂ ਅਨੇਕਾਂ ਰਾਸ਼ਟਰੀ ਚੈਨਲ ਅਤੇ ਅਨੇਕਾਂ ਰਾਸ਼ਟਰੀ ਅਖਬਾਰ ਸਿਰਫ਼ ਸਮੇਂ ਦੀ ਸਰਕਾਰ ਦਾ ਪ੍ਰਚਾਰ ਕਰਨ ਤਕ ਸੀਮਿਤ ਹੋ ਕੇ ਰਹਿ ਗਏ ਹਨ, ਜਿਸ ਕਾਰਨ ਇਹਨਾਂ ਦੀ ਭਰੋਸੇਯੋਗਤਾ 'ਤੇ ਸਵਾਲੀਆਂ ਨਿਸ਼ਾਨ ਲੱਗ ਗਿਆ ਹੈ।




ਵੱਖ- ਵੱਖ ਨਿਊਜ਼ ਚੈਨਲਾਂ 'ਤੇ ਜੋ ਬਹਿਸ ਦਿਖਾਈ ਜਾਂਦੀ ਹੈ, ਉਸਦਾ ਮਿਆਰ ਵੀ ਸਭ ਨੂੰ ਪਤਾ ਹੈ। ਇਸ ਤਰਾਂ ਦੀਆਂ ਬਹਿਸਾਂ ਨਾਲ ਦਰਸ਼ਕਾਂ ਜਾਂ ਦੇਸ਼ ਵਾਸੀਆਂ ਦਾ ਕੋਈ ਭਲਾ ਨਹੀਂ ਹੁੰਦਾ ਪਰ ਇਹਨਾਂ ਬਹਿਸਾਂ ਰਾਹੀਂ ਨਿਊਜ਼ ਚੈਨਲਾਂ ਵੱਲੋਂ ਮੋਦੀ ਸਰਕਾਰ ਦਾ ਗੁਣਗਾਣ ਜਰੂਰ ਕਰਵਾ ਦਿਤਾ ਜਾਂਦਾ ਹੈ।

ਅਸਲ ਵਿੱਚ ਮੀਡੀਆ ਵੀ ਹੁਣ ਇਕ ਵਪਾਰ ਬਣ ਚੁਕਿਆ ਹੈ। ਮੀਡੀਆ ਕਰਮੀ ਹੁਣ ਸਮਾਜ ਸੇਵਾ ਕਰਨ ਦੇ ਨਾਲ ਇਸ ਨੂੰ ਰੁਜ਼ਗਾਰ ਦਾ ਸਾਧਨ ਬਣਾ ਚੁੱਕੇ ਹਨ। ਹੁਣ ਸਮਾਜ ਸੇਵਾ ਲਈ ਘੱਟ ਸਗੋਂ ਰੁਜ਼ਗਾਰ ਜਾਂ ਵਪਾਰ ਲਈ ਜ਼ਿਆਦਾ ਮੀਡੀਆ ਦੀ ਵਰਤੋ ਕੀਤੀ ਜਾਂਦੀ ਹੈ।

ਅੱਜ ਭਾਰਤ ਵਿੱਚ ਮੀਡੀਆ ਨੂੰ ਲੋਕਤੰਤਰ ਦਾ ਮਜ਼ਬੂਤ ਚੌਥਾ ਥੰਮ ਹੋਣ ਦੇ ਨਾਲ ਇੱਕ ਵਪਾਰ ਵੀ ਬਣਾ ਦਿਤਾ ਗਿਆ ਹੈ। ਇਸ ਤਰਾਂ ਭਾਰਤੀ ਮੀਡੀਆ 'ਤੇ ਇਸ ਸਮੇਂ ਬਾਜ਼ਾਰਵਾਦ ਭਾਰੀ ਹੋ ਗਿਆ ਹੈ। ਮੀਡੀਆ ਇਕ ਅਜਿਹਾ ਥਾਣੇਦਾਰ ਹੈ, ਜਿਸਦੀ ਖਬਰ ਲੈਣ ਵਾਲਾ ਕੋਈ ਨਹੀਂ ਸੀ। ਪਿਛਲੇ ਕੁਝ ਸਮੇਂ ਤੋਂ ਭਾਰਤ ਵਿੱਚ ਮੀਡੀਆ ਹੀ ਚੋਰ ਫੜਨ ਵਾਲੀ ਪੁਲਿਸ ਬਣਿਆ ਅਤੇ ਮੀਡੀਆ ਹੀ ਸਜ਼ਾ ਸੁਣਾਉਣ ਵਾਲੀ ਅਦਾਲਤ ਬਣ ਗਿਆ। ਨਿਰਪੱਖ ਰਹਿਣ ਦਾ ਪਾਠ ਪੜਾਉਣ ਵਾਲਾ ਮੀਡੀਆ ਭਾਰਤ ਵਿੱਚ ਇਸ ਸਮੇਂ ਇਕਤਰਫ਼ਾ ਫੈਸਲੇ ਸੁਣਾ ਰਿਹਾ ਹੈ, ਹੁਣ ਮੀਡੀਆ ਨੂੰ ਖੁਦ ਦੇ ਸਰਵਸ਼ਕਤੀਸ਼ਾਲੀ ਹੋਣ ਦਾ ਅਹਿਸਾਸ ਹੈ ਜਾਂ ਫਿਰ ਬਾਜ਼ਾਰ ਦੇ ਕੁਝ ਅਜਿਹੇ ਸਮੀਕਰਨ ਹਨ,ਜਿਥੇ ਅਜਿਹਾ ਕਰਨਾ ਮਜ਼ਬੂਰੀ ਬਣ ਗਿਆ ਹੈ।

ਇਸ ਸਮੇਂ ਮੀਡੀਆ ਵੱਲੋਂ ਅਕਸਰ ਅਜਿਹੀਆਂ ਖ਼ਬਰਾਂ ਦਿਖਾਈਆਂ ਜਾ ਰਹੀਆਂ ਹਨ,ਜਿਹਨਾਂ ਖਬਰਾਂ ਦੀ ਆਵਾਜ਼ ਦੀ ਧਮਕ, ਵਪਾਰੀਆਂ ਦੇ ਪੈਸੇ ਦੀ ਖਣਕ ਨਾਲ ਸੁਣਾਈ ਦਿੰਦੀ ਹੈ। ਸਮੇਂ ਅਨੁਸਾਰ ਭਾਵੇਂ ਹਰ ਚੀਜ਼ ਬਦਲਦੀ ਹੈ ਅਤੇ ਸਮਾਜ ਵਿੱਚ ਬਦਲਾਓ ਆਉਣ ਦੇ ਨਾਲ ਹੀ ਸਮਾਜ ਨੂੰ ਸ਼ੀਸ਼ਾ ਦਿਖਾਉਂਦਾ ਮੀਡੀਆ ਵੀ ਬਦਲ ਗਿਆ।

ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿੱਚ ਮੀਡੀਆ ਜਨਤਾ ਅਤੇ ਸਰਕਾਰ ਵਿਚਕਾਰ ਕੜੀ ਹੈ। ਇਸੇ ਲਈ ਇਸਨੂੰ ਲੋਕਤੰਤਰ ਦਾ ਚੌਥਾ ਥੰਮ ਮੰਨਿਆ ਜਾਂਦਾ ਹੈ। ਪ੍ਰੈਸ ਦੀ ਭੂਮਿਕਾ ਤਿੰਨ ਤਰ੍ਹਾਂ ਦੀ ਹੁੰਦੀ ਹੈ।ਪਹਿਲਾਂ ਉਹ ਜੋ ਸਿਰਫ ਕਿਸੇ ਸਮਾਜਿਕ ਉਦੇਸ਼ ਲਈ ਛਾਪੇ ਅਤੇ ਪ੍ਰਸਾਰਿਤ ਕੀਤੇ ਜਾਂਦੇ ਹਨ। ਉਹ ਵਿਕਰੀ ਜਾਂ ਇਸ਼ਤਿਹਾਰਬਾਜ਼ੀ ਨਾਲ ਸਬੰਧਤ ਨਹੀਂ ਹਨ। ਆਮ ਤੌਰ 'ਤੇ ਅਜਿਹੇ ਪ੍ਰਕਾਸ਼ਨ ਆਰਥਿਕ ਕਾਰਨਾਂ ਕਰਕੇ ਸੀਮਤ ਮਾਤਰਾ ਵਿੱਚ ਪ੍ਰਕਾਸ਼ਿਤ ਹੁੰਦੇ ਹਨ ਅਤੇ ਥੋੜ੍ਹੇ ਸਮੇਂ ਲਈ ਹੁੰਦੇ ਹਨ ਪਰ ਉਹ ਵਿਚਾਰਧਾਰਕ ਤੌਰ 'ਤੇ ਮਹੱਤਵਪੂਰਨ ਹਨ।

ਹੋਰ ਪ੍ਰਕਾਸ਼ਨ ਉਹ ਹਨ ਜੋ ਮੁੱਖ ਤੌਰ 'ਤੇ ਆਰਥਿਕ ਕਮਾਈ ਲਈ ਕੱਢੇ ਜਾਂਦੇ ਹਨ। ਉਹ ਸਿਰਫ਼ ਇਸ਼ਤਿਹਾਰ ਆਦਿ ਦੀ ਪਰਵਾਹ ਕਰਦੇ ਹਨ। ਇਹਨਾਂ ਵਿੱਚ ਜਾਣਬੁੱਝ ਕੇ ਸੀਮਤ ਸਰਕੂਲੇਸ਼ਨ ਹੈ। ਉਨ੍ਹਾਂ ਵਿਚੋਂ ਕੁਝ ਆਦਰਸ਼ਵਾਦੀ ਵੀ ਹਨ। ਤੀਜੇ ਪ੍ਰਕਾਸ਼ਨ ਵੱਡੇ ਉਦਯੋਗਾਂ ਦਾ ਦਰਜਾ ਰੱਖਦੇ ਹਨ। ਉਹ ਆਪਣੇ ਵਿਸ਼ਾਲ ਬੁਨਿਆਦੀ ਢਾਂਚੇ ਨੂੰ ਚਲਾਉਣ ਲਈ ਪ੍ਰਸਾਰਣ ਅਤੇ ਇਸ਼ਤਿਹਾਰਬਾਜ਼ੀ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਇਹ ਵੱਡੇ ਉਦਯੋਗਪਤੀਆਂ ਦੀ ਮਲਕੀਅਤ ਹਨ ਅਤੇ ਸੰਪਾਦਕੀ ਵਿਭਾਗ ਵਿੱਚ ਮਾਹਿਰ ਲੋਕ ਹਨ। ਇਹ ਸਮੂਹ ਅਸਲ ਵਿੱਚ ਜਨਤਾ ਅਤੇ ਸੱਤਾ ਵਿਚਕਾਰ ਮਾਧਿਅਮ ਹਨ।

(ਬਾਕੀ ਸਫ਼ਾ 30 'ਤੇ)

# ਅਮਰੀਕਾ ਨੇ ਭਾਰਤ 'ਚ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਦਾ ਲਗਾਇਆ ਦੋਸ਼

## ਕਿਹਾ ਕਿ ਈਸਾਈਆਂ, ਮੁਸਲਮਾਨਾਂ, ਸਿੱਖਾਂ, ਦਲਿਤਾਂ ਅਤੇ ਹੋਰ ਭਾਈਚਾਰਿਆਂ ਉੱਪਰ ਹੋ ਰਹੇ ਨੇ ਹਮਲੇ

ਵਾਸ਼ਿੰਗਟਨ/ਏ.ਟੀ.ਨਿਊਜ਼ : ਵਿਸ਼ਵ ਦੇ ਦੇਸ਼ਾਂ ਵਿੱਚ ਧਾਰਮਿਕ ਆਜ਼ਾਦੀ ਨੂੰ ਲੈਕੇ ਆਪਣੀ ਤਾਜ਼ਾ ਰਿਪੋਰਟ (2022) ਵਿੱਚ ਅਮਰੀਕਾ ਨੇ ਇਕ ਵਾਰ ਫਿਰ ਭਾਰਤ ਨੂੰ ਮਨੁੱਖੀ ਅਧਿਕਾਰਾਂ ਦੇ ਮਸਲੇ ਉਪਰ ਕਟਹਿਰੇ ਵਿੱਚ ਖੜਾ ਕੀਤਾ ਹੈ। ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਕਿ ਭਾਰਤ ਵਿੱਚ ਧਾਰਮਿਕ ਘੱਟ-ਗਿਣਤੀਆਂ ਨਾਲ ਅਤਿਆਚਾਰ ਹੋ ਰਿਹਾ ਹੈ ਅਤੇ ਅਮਰੀਕਾ ਸਰਕਾਰ ਭਾਰਤ ਸਰਕਾਰ ਨੂੰ ਸਾਵਧਾਨ ਕਰਦੀ ਰਹੇਗੀ।

ਮੀਡੀਆ ਨਾਲ ਗਲਬਾਤ ਦੇ ਦੌਰਾਨ ਪਬਲਿਕ ਬਰਾਡਕਾਸਟਿੰਗ ਸਰਵਿਸ ਦੀ ਪੱਤਰਕਾਰ ਜੇਬਾ ਵਾਰਸੀ ਨੇ ਵਿਦੇਸ਼ ਵਿਭਾਗ ਦੇ ਅਧਿਕਾਰੀ ਤੋਂ ਪੁਛਿਆ ਕਿ ਰਿਪੋਰਟ ਵਿੱਚ ਭਾਰਤ ਬਾਰੇ ਕਿਹੜੀਆਂ ਜਾਣਕਾਰੀਆਂ ਹਨ। ਇਸ ਦੇ ਜਵਾਬ ਵਿੱਚ, ਅਧਿਕਾਰੀ ਨੇ ਕਿਹਾ- ਭਾਰਤ ਇਕ ਅਜਿਹਾ ਦੇਸ਼ ਹੈ ਜੋ ਇਸ ਮੁੱਦੇ 'ਤੇ ਲਗਾਤਾਰ ਚਿੰਤਾ ਦਾ ਕਾਰਨ ਬਣ ਰਿਹਾ ਹੈ। ਤਾਜ਼ਾ ਰਿਪੋਰਟ ਵਿੱਚ ਭਾਰਤ ਬਾਰੇ ਸੂਚਨਾਵਾਂ ਦੁਖੀ ਕਰਨ ਵਾਲੀਆਂ ਹਨ। ਇਥੇ ਧਾਰਮਿਕ ਭਾਈਚਾਰਿਆਂ, ਈਸਾਈਆਂ, ਮੁਸਲਮਾਨ, ਸਿੱਖਾਂ ,ਦਲਿਤਾਂ ਅਤੇ ਹੋਰ ਭਾਈਚਾਰਿਆਂ ਉਪਰ ਹਮਲੇ ਹੋ ਰਹੇ ਹਨ। ਮੁਸਲਮਾਨਾਂ ਦੇ ਖਿਲਾਫ ਨਸਲਕੁਸ਼ੀ ਦੀ ਖੁੱਲੀ ਕਾਲ ਦਿਤੀ ਜਾ ਰਹੀ ਹੈ ਤੇ ਫਿਰਕੂ ਬਿਆਨਬਾਜ਼ੀ ਕੀਤੀ ਜਾ ਰਹੀ ਹੈ।ਅਮਰੀਕੀ ਵਿਦੇਸ਼ ਵਿਭਾਗ ਨੇ ਭਾਰਤ ਵਿੱਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਕੇ ਕੀਤੇ ਹਮਲਿਆਂ, ਘੱਟ ਗਿਣਤੀ ਕੌਮਾਂ ਦੇ ਘਰਾਂ ਨੂੰ ਢਾਹੁਣ ਅਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਭਰੇ ਭਾਸ਼ਣਾਂ ਨੂੰ ਦੁਨੀਆ ਭਰ ਵਿੱਚ ਧਾਰਮਿਕ ਆਜ਼ਾਦੀ ਲਈ ਖ਼ਤਰਾ ਦੱਸਿਆ ਹੈ।




ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੇ ਵਿਦੇਸ਼ ਵਿਭਾਗ ਦੇ ਰਾਜਦੂਤ ਰਸ਼ਦ ਹੁਸੈਨ, ਨੇ ਦਸੰਬਰ 2021 ਦੌਰਾਨ ਹਰਿਦੁਆਰ ਵਿੱਚ ਦਿਤੇ ਗਏ ਨਫਰਤੀ ਭਾਸ਼ਣਾਂ ਨੂੰ ਖਾਸ ਤੌਰ 'ਤੇ ਸਮੱਸਿਆ ਵਾਲਾ ਤੇ ਖਤਰਨਾਕ ਦੱਸਿਆ।ਉਨ੍ਹਾਂ ਨੇ ਰਿਪੋਰਟ ਨੂੰ ਜਾਰੀ ਕਰਦਿਆਂ ਹੋਇਆਂ ਕਿਹਾ ਕਿ ਭਾਰਤ ਵਿੱਚ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੇ ਨੇਤਾਵਾਂ, ਮਨੁੱਖੀ ਅਧਿਕਾਰ ਸੰਗਠਨਾਂ ਤੇ ਕਨੂੰਨੀ ਮਾਹਿਰਾਂ ਨੇ ਹਰਿਦੁਆਰ ਸ਼ਹਿਰ ਵਿੱਚ ਮੁਸਲਮਾਨਾਂ ਵਿਰੁੱਧ ਅਤਿ ਨਫ਼ਰਤ ਭਰੇ ਦਿੱਤੇ ਭਾਸ਼ਣਾਂ ਦੀ ਨਿੰਦਾ ਕੀਤੀ ਸੀ, ਦੇਸ਼ ਨੂੰ ਵਨਸਵੰਨਤਾ ਅਤੇ ਸਹਿਣਸ਼ੀਲਤਾ ਦੀਆਂ ਆਪਣੀਆਂ ਇਤਿਹਾਸਕ ਪਰੰਪਰਾਵਾਂ ਨੂੰ ਬਰਕਰਾਰ ਰੱਖਣ ਦੀ ਅਪੀਲ ਕੀਤੀ ਸੀ। ਉਹਨਾਂ ਨੇ ਦਸੰਬਰ 2021 ਵਿੱਚ ਧਰਮ ਸੰਸਦ ਨਾਮਕ ਤਿੰਨ ਦਿਨਾਂ ਮੀਟਿੰਗਾਂ ਦਾ ਹਵਾਲਾ ਦਿਤਾ ਸੀ, ਜਿੱਥੇ ਬੁਲਾਰਿਆਂ ਨੇ ਹਿੰਦੂਆਂ ਨੂੰ ਮੁਸਲਮਾਨਾਂ ਵਿਰੁੱਧ ਹਥਿਆਰ ਚੁੱਕਣ ਲਈ ਕਿਹਾ ਸੀ। ਉਤਰਾਖੰਡ ਪੁਲਿਸ ਨੇ ਪ੍ਰਬੰਧਕ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ। ਹੁਸੈਨ ਦੁਆਰਾ ਜ਼ਿਕਰ ਕੀਤੇ ਗਏ ਹੋਰ ਦੇਸ਼ ਰੂਸ, ਚੀਨ, ਅਫਗਾਨਿਸਤਾਨ ਅਤੇ ਸਾਊਦੀ ਅਰਬ ਹਨ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੇ ਹਨ। ਵਿਦੇਸ਼ ਵਿਭਾਗ ਦੀ ਸਾਲਾਨਾ ਰਿਪੋਰਟ ਪਹਿਲਾਂ ਵੀ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੀ ਸਥਿਤੀ ਦੀ ਆਲੋਚਨਾ ਕੀਤੀ ਗਈ ਸੀ ਅਤੇ ਇਹ ਸਥਾਨਕ ਖਬਰਾਂ ਦੀਆਂ ਰਿਪੋਰਟਾਂ ਅਤੇ ਸ਼ੋਸ਼ਲ ਮੀਡੀਆ ਖਾਤਿਆਂ ਦੇ ਆਧਾਰ 'ਤੇ ਕਈ ਸਾਲ ਪਹਿਲਾਂ ਦੀਆਂ ਉਦਾਹਰਣਾਂ ਅਤੇ ਕੇਸਾਂ ਨੂੰ ਸੂਚੀਬੱਧ ਕਰਦੀ ਹੈ। ਭਾਰਤ ਨੇ ਅਤੀਤ ਵਿੱਚ ਅਤੇ ਹਾਲ ਹੀ ਦੇ ਸਾਲਾਂ ਵਿੱਚ ਇਹਨਾਂ ਟਿੱਪਣੀਆਂ ਨੂੰ ਰੱਦ ਕੀਤਾ ਹੈ ਤੇ ਇਸਨੂੰ ਅਮਰੀਕਾ ਦੀ ਭਾਰਤ ਵਿੱਚ ਦਖਲ ਅੰਦਾਜ਼ੀ ਕਿਹਾ ਹੈ।

# ਧਾਰਮਿਕ ਫਾਸ਼ੀਵਾਦ, ਨਿਰਕੁੰਸ਼ ਸੱਤਾ ਵਨਸਵੰਨਤਾ ਤੇ ਮਨੁੱਖਤਾ ਲਈ ਖ਼ਤਰਨਾਕ

**ਰਜਿੰਦਰ ਸਿੰਘ ਪੁਰੇਵਾਲ**





ਹਾਲ ਹੀ ਵਿੱਚ, ਯੂਨੀਵਰਸਿਟੀ ਆਫ ਕੋਪਨਹੇਗਨ ਡੈਨਮਾਰਕ ਅਤੇ ਯੂਨੀਵਰਸਿਟੀ ਆਫ ਲੁੰਡ ਸਵੀਡਨ ਦੇ ਵਿਗਿਆਨੀਆਂ ਦੀ ਇੱਕ ਸਾਂਝੀ ਟੀਮ ਨੇ ਇੱਕ ਵਿਸਤ੍ਰਿਤ ਅਧਿਐਨ ਕੀਤਾ ਹੈ ਅਤੇ ਦੱਸਿਆ ਹੈ ਕਿ ਮਨੁੱਖੀ ਸਮਾਜ ਦੇ ਵਿਕਾਸ ਦੇ ਸ਼ੁਰੂਆਤੀ ਪੜਾਅ ਤੋਂ ਲੈ ਕੇ ਹੁਣ ਤੱਕ ਜ਼ਿਆਦਾਤਰ ਸੱਤਾ ਆਪਣੇ ਆਪ ਨੂੰ ਆਮ ਨਾਲੋਂ ਵੱਖ ਕਰਨ ਲਈ ਅਤੇ ਆਪਣੀ ਆਪਣੀ ਤਾਨਾਸ਼ਾਹੀ ਨੂੰ ਜਨਤਾ ਦੀਆਂ ਨਜ਼ਰਾਂ ਤੋਂ ਦੂਰ ਰਖਣ ਲਈ ਧਰਮ ਦਾ ਸਹਾਰਾ ਲੈਂਦੀ ਹੈ। ਅਜਿਹੀ ਹਰ ਸੱਤਾ ਜਮਹੂਰੀਅਤ ਤੋਂ ਕੋਹਾਂ ਦੂਰ ਹੁੰਦੀ ਹੈ, ਜਨਤਾ ਸਮਾਜਿਕ ਵਿਕਾਸ ਤੋਂ ਵਾਂਝੀ ਰਹਿੰਦੀ ਹੈ, ਔਰਤਾਂ ਦਾ ਸ਼ੋਸ਼ਣ ਹੁੰਦਾ ਹੈ, ਸਮਾਜਿਕ ਅਸਮਾਨਤਾ ਵਧਦੀ ਹੈ, ਘੱਟ ਗਿਣਤੀਆਂ ਦੇ ਅਧਿਕਾਰ ਖੋਹ ਲਏ ਜਾਂਦੇ ਹਨ ਅਤੇ ਇਸ ਸਭ ਦੇ ਵਿਚਾਲੇ ਦੇਸ਼ ਜਾਂ ਸਮਾਜ ਦਾ ਮੁਖੀ ਆਪਣੇ ਆਪ ਰੱਬ ਦਾ ਪ੍ਰਤੀਨਿਧੀ ਦੱਸ ਕੇ ਜਨਤਾ ਨੂੰ ਲੁੱਟਦਾ ਹੈ ਅਤੇ ਆਪਣੇ ਉੱਪਰ ਉੱਠ ਰਹੇ ਸਵਾਲਾਂ ਨੂੰ ਰੱਬ ਦਾ ਅਪਮਾਨ ਐਲਾਨਦਾ ਹੈ।

ਕੋਪਨਹੇਗਨ ਯੂਨੀਵਰਸਿਟੀ ਵਿੱਚ ਅਰਥ ਸ਼ਾਸਤਰ ਦੇ ਪ੍ਰੋਫੈਸਰ ਜੈਨੇਟ ਸਿੰਡਿੰਗ ਬੈਂਨਤਜ਼ੇਂ ਦੀ ਅਗਵਾਈ ਵਿੱਚ ਅਧਿਐਨ, ਜਰਨਲ ਆਫ਼ ਇਕਨਾਮਿਕ ਗਰੋਥ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਇਸ ਵਿਸਤ੍ਰਿਤ ਅਧਿਐਨ ਲਈ, ਮੱਧ ਯੁੱਗ ਦੇ 1265 ਸਮਾਜਾਂ ਅਤੇ ਵਰਤਮਾਨ ਦੇ 176 ਦੇਸ਼ਾਂ ਦੇ ਕਾਨੂੰਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਇਸ ਅਧਿਐਨ ਅਨੁਸਾਰ ਧਰਮ ਦੀ ਆੜ ਵਿੱਚ ਸੱਤਾ ਤੱਕ ਪਹੁੰਚ ਸਿਰਫ਼ ਮੱਧਯੁੱਗ ਦੀ ਗੱਲ ਨਹੀਂ ਹੈ, ਸਗੋਂ ਇਹ ਦੌਰ ਅੱਜ ਵੀ ਜਾਰੀ ਹੈ। ਅਜੋਕੇ ਸਮੇਂ ਵਿੱਚ ਇਸ ਦਾ ਭਿਆਨਕ ਰੂਪ ਸਾਹਮਣੇ ਆ ਰਿਹਾ ਹੈ ਕਿਉਂਕਿ ਅਖੌਤੀ ਧਰਮ ਨਿਰਪੱਖ ਅਤੇ ਜਮਹੂਰੀ ਦੇਸ਼ ਵੀ ਹੁਣ ਧਰਮ ਦੀ ਖੁੱਲ੍ਹੇਆਮ ਵਰਤੋਂ ਕਰ ਰਹੇ ਹਨ।

ਹਰਮਨ ਪਿਆਰੀ ਸੱਤਾ ਲਈ ਧਰਮ ਦਾ ਸਹਾਰਾ ਸਭ ਤੋਂ ਜ਼ਰੂਰੀ ਹੁੰਦਾ ਹੈ। ਉਹਨਾਂ ਦੇਸ਼ਾਂ ਦੀ ਤੁਲਨਾ ਵਿਚ ਡੂੰਘੀ ਸਮਾਜਿਕ ਅਸਮਾਨਤਾ ਵਾਲੇ ਦੇਸ਼ ਰੱਬ 'ਤੇ 30 ਪ੍ਰਤੀਸ਼ਤ ਤੋਂ ਜ਼ਿਆਦਾ ਭਰੋਸਾ ਕਰਦੇ ਹਨ। ਪਰ ਇਹਨਾਂ ਦੇਸਾਂ ਵਿੱਚ ਸਮਾਜਿਕ ਸਮਾਨਤਾ ਅਤੇ ਲਿੰਗ ਸਮਾਨਤਾ ਕਦੇ ਨਹੀਂ ਹੋ ਸਕਦੀ । 1750 ਈਸਵੀ ਪੂਰਵ ਦੌਰਾਨ, ਬੇਬੀਲੋਨ ਦੇ ਰਾਜੇ ਨੇ ਹਮੂਰਬੀ ਦਾ ਕਾਨੂੰਨ ਲਾਗੂ ਕੀਤਾ, ਜਿਸ ਦੇ ਤਹਿਤ ਪਰਜਾ ਨੂੰ ਇਹ ਸਵੀਕਾਰ ਕਰਨਾ ਪਿਆ ਸੀ ਕਿ ਰਾਜਾ ਧਰਤੀ ਉੱਤੇ ਰੱਬ ਦਾ ਪ੍ਰਤੀਨਿਧ ਹੈ ਅਤੇ ਰਾਜੇ ਦਾ ਹਰ ਹੁਕਮ ਖ਼ੁਦ ਰੱਬ ਦਾ ਹੁਕਮ ਸੀ। ਅੱਜ ਦੇ ਦੌਰ ਵਿੱਚ ਸ਼ਰੀਆ ਕਾਨੂੰਨ ਵੀ ਕੁਝ ਅਜਿਹਾ ਹੀ ਕਹਿੰਦਾ ਹੈ। ਧਰਮ ਦੀ ਵਰਤੋਂ ਰਾਜਨੀਤਕ ਸ਼ਕਤੀ ਵਧਾਉਣ ਅਤੇ ਸਮਾਜ ਵਿੱਚ ਵੰਡ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਇਤਿਹਾਸਕ ਤੌਰ 'ਤੇ, ਸੱਤਾ ਦੁਆਰਾ ਆਪਣੀ ਅਯੋਗਤਾ ਅਤੇ ਕਮੀਆਂ ਨੂੰ ਛੁਪਾਉਣ ਲਈ ਧਰਮ ਦਾ ਸਹਾਰਾ ਲਿਆ ਜਾਂਦਾ ਹੈ। ਦੁਨੀਆਂ ਭਰ ਵਿੱਚ ਧਰਮ ਦੇ ਆਧਾਰ 'ਤੇ ਕਾਨੂੰਨ ਬਣਾਏ ਜਾਂਦੇ ਹਨ। ਇਸ ਅਧਿਐਨ ਵਿੱਚ ਦੁਨੀਆ ਭਰ 'ਚ ਧਾਰਮਿਕ ਆਧਾਰ 'ਤੇ ਲਾਗੂ ਕਾਨੂੰਨਾਂ ਦਾ ਵਿਸਤ੍ਰਿਤ ਮੁਲਾਂਕਣ ਕੀਤਾ ਗਿਆ ਹੈ।

ਪਰ ਭਾਰਤ ਵਰਗੇ ਮੁਲਕਾਂ ਵਿੱਚ ਧਰਮ ਦੇ ਆਧਾਰ 'ਤੇ ਲਿਖਤੀ ਕਾਨੂੰਨ ਨਾ ਬਣਾਏ ਜਾਣ ਦੇ ਬਾਵਜੂਦ ਸਰਕਾਰ ਵੱਲੋਂ ਧਾਰਮਿਕ ਕਾਨੂੰਨਾਂ ਵਾਲੇ ਮੁਲਕਾਂ ਨਾਲੋਂ ਕਈ ਗੁਣਾ ਵੱਧ ਧਾਰਮਿਕ ਕੱਟੜਤਾ ਤੇ ਫਿਰਕਾਪ੍ਰਸਤੀ ਦਾ ਪ੍ਰਚਾਰ ਕੀਤਾ ਜਾਂਦਾ ਹੈ। ਸੱਤਾ ਵੀ ਇਸ ਆਧਾਰ ਉਪਰ ਚਲਾਈ ਜਾਂਦੀ ਹੈ। ਪੂਰੀ ਦੀ ਪੂਰੀ ਸੱਤਾ ਲਗਾਤਾਰ ਇੱਕ ਧਰਮ ਵਿਰੁੱਧ ਜ਼ਹਿਰ ਉਗਲਣ ਦਾ ਕੰਮ ਕਰਦੀ ਹੈ ਅਤੇ ਮੁੱਖ ਧਾਰਾ ਵਾਲੇ ਮੀਡੀਆ, ਜਿਸ ਨੂੰ ਗੋਦੀ ਮੀਡੀਆ ਵੀ ਕਿਹਾ ਜਾਂਦਾ ਹੈ , ਵੀ ਇਸ ਵਿੱਚ ਪੂਰਾ ਸਹਿਯੋਗ ਦਿੰਦਾ ਹੈ। ਸੱਤਾ ਦੇ ਹੱਕ ਵਿੱਚ ਅਖੌਤੀ ਧਰਮ ਪ੍ਰਚਾਰਕ ਟੀਵੀ ਕੈਮਰਿਆਂ ਦੇ ਸਾਹਮਣੇ ਤਲਵਾਰ ਅਤੇ ਤ੍ਰਿਸ਼ੂਲ ਚੁੱਕ ਕੇ ਹਿੰਸਾ ਦੀਆਂ ਗੱਲਾਂ ਕਰਦੇ ਹਨ, ਨਾਅਰੇ ਲਗਾਉਂਦੇ ਹਨ- ਪੁਲਿਸ ਵੀ ਇਨ੍ਹਾਂ ਨਾਅਰਿਆਂ ਵਿੱਚ ਸ਼ਾਮਲ ਹੁੰਦੀ ਹੈ ਅਤੇ ਅਜਿਹੇ ਮਾਮਲਿਆਂ ਵਿੱਚ ਅਦਾਲਤਾਂ ਅੰਨੀਆਂ-ਬੋਲੀਆਂ ਹੋ ਜਾਂਦੀਆਂ ਹਨ। ਪਛੜਿਆਂ ਅਤੇ ਦਲਿਤਾਂ ਨੂੰ ਫਾਸ਼ੀਵਾਦੀ ਤਾਕਤਾਂ ਦੀ ਇਸ ਖੇਡ ਨੂੰ ਸਮਝਣਾ ਪਏਗਾ। ਭਾਵੇਂ ਸਾਡੇ ਦੇਸ਼ ਵਿੱਚ ਈਸ਼ਨਿੰਦਾ ਦਾ ਕੋਈ ਲਿਖਤੀ ਕਾਨੂੰਨ ਨਹੀਂ ਹੈ, ਪਰ ਜਿੰਨੇ ਲੋਕ ਸੱਤਾ ਅਤੇ ਪੁਲਿਸ ਦੀ ਹਮਾਇਤ ਵਾਲੀ ਭੀੜ ਦੁਆਰਾ ਮਾਰੇ ਜਾਂਦੇ ਹਨ ਜਾਂ ਸਿਰਫ ਇਸ ਦੋਸ਼ ਕਾਰਨ ਜੇਲ੍ਹਾਂ ਵਿੱਚ ਬੰਦ ਹੁੰਦੇ ਹਨ - ਦੁਨੀਆਂ ਵਿੱਚ ਕਿਤੇ ਵੀ ਨਹੀਂ ਹੁੰਦੇ। ਦੁਨੀਆਂ ਵਿੱਚ ਕਿਤੇ ਵੀ ਸੱਤਾ ਕੱਟੜ ਅਤੇ ਹਿੰਸਕ ਧਾਰਮਿਕ ਜਥੇਬੰਦੀਆਂ ਦਾ ਪੱਖ ਨਹੀਂ ਪੂਰਦੀ ਪਰ ਭਾਰਤ ਵਿੱਚ ਅਜਿਹਾ ਲਗਾਤਾਰ ਕੀਤਾ ਜਾਂਦਾ ਹੈ।ਮੁਸਲਮਾਨਾਂ ਤੋਂ ਪਹਿਲਾਂ ਸਿੱਖ 1947 ਤੋਂ ਲੈਕੇ ਹੁਣ ਤੱਕ ਨਿਰਕੁੰਸ਼ ਸੱਤਾ ਦਾ ਸਵਾਦ ਚੱਖ ਚੁਕੇ ਹਨ। ਇਥੇ ਸੱਤਾ ਦੀ ਤਬਦੀਲੀ ਨਾਲ ਘੱਟ ਗਿਣਤੀ ਕੌਮਾਂ ਦੀ ਤਕਦੀਰ ਨਹੀਂ ਬਦਲਦੀ।ਇਹੀ ਭਾਰਤੀ ਸਿਆਸਤ ਦਾ ਖਾਸਾ ਹੈ।ਨਿਰਸੰਦੇਹ 1984 ਕੋਈ ਕੱਲੀ ਕਹਿਰੀ ਘਟਨਾ ਨਹੀਂ ਸੀ ਇਹ ਇਕ ਵਰਤਾਰਾ ਸੀ ਜੋ ਅੱਜ ਵੀ ਚੱਲ ਰਿਹਾ ਹੈ।ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ, ਦਰਬਾਰ ਸਾਹਿਬ ਜਾਣ ਵਾਲੀ ਹੈਰੀਟੇਜ ਸਟਰੀਟ ਉਪਰ ਬੰਬ ਧਮਾਕੇ ਫਾਸ਼ੀਵਾਦੀ ਤੇ ਫਿਰਕੂ ਸਮਾਜ ਦੇ ਲਛਣ ਹਨ।ਨਿਰਕੁੰਸ਼ ਸੱਤਾ ਦਾ ਸਮਾਜ ਉਪਰ ਗਲਤ ਪ੍ਰਭਾਵ ਪੈਣਾ ਯਕੀਨੀ ਹੈ। ਜੂਨ 1984 ਵਿੱਚ ਜੋ ਵਰਤਾਰਾ ਤੇ ਦੁਖਾਂਤ ਫੌਜੀ ਹਥਿਆਰਾਂ ਨਾਲ ਵਰਤਾਇਆ ਜਾ ਰਿਹਾ ਸੀ ਉਹ ਹੁਣ ਬੋਧਿਕ ਹਥਿਆਰ ਨਾਲ ਵਰਤਾਇਆ ਜਾ ਰਿਹਾ ਹੈ। 1984 ਕੋਈ ਇਕਹਿਰੀ ਘਟਨਾ ਨਹੀਂ ਹੈ ਇਹ ਇਕ ਸਮੁੱਚਾ ਵਰਤਾਰਾ ਹੈ ਜੋ ਅੱਜ ਵੀ ਵਰਤ ਰਿਹਾ ਹੈ। 1984 ਦੇ ਵਰਤਾਰੇ ਦਾ ਕੇਂਦਰੀ ਸੋਚ 'ਨਸਲਕੁਸ਼ੀ ਵਾਲੀ ਪਹੁੰਚ' ਹੈ ਅਤੇ ਉਹ ਪਹੁੰਚ ਅਤੇ ਉਹੋ ਹੀ ਵਤੀਰਾ ਅੱਜ ਵੀ ਸਿੱਖ ਪੰਥ ਨਾਲ ਵਾਪਰ ਰਿਹਾ ਹੈ। ਸਿਖ ਨੌਜਵਾਨ ਰਿਹਾਅ ਨਾ ਕਰਨੇ , ਪੰਜਾਬ ਨੂੰ ਹਿੰਸਕ ਸਟੇਟ ਵਜੋਂ ਪ੍ਰਚਾਰ ਕਰਨਾ, ਪ੍ਰਵਾਸੀ ਮਜ਼ਦੂਰਾਂ ਨੂੰ ਇਕ ਸਾਜਿਸ਼ ਤਹਿਤ ਪੰਜਾਬ ਵਿਚ ਵਸਾਉਣਾ ਇਸੇ ਮਾਨਸਿਕਤਾ ਦਾ ਹਿੱਸਾ ਹੈ।ਵਰਤਮਾਨ ਹਮਲਾ ਬਹੁਤ ਹੀ ਵਸੀਹ ਪੈਮਾਨੇ 'ਤੇ ਅਕਾਦਮਿਕ ਖੇਤਰ ਵਿਚ ਹੋ ਰਿਹਾ (ਬਾਕੀ ਸਫ਼ਾ 31 'ਤੇ)

# ਪੰਜਾਬ ਦੇ ਧਰਾਤਲ ਦੇ ਅਨੁਕੂਲ ਵਿਕਾਸ ਮਾਡਲ ਸਿਰਜਣ ਦੀ ਲੋੜ

**ਡਾ. ਅਮਨਦੀਪ ਕੌਰ**

ਪੰਜਾਬ ਅਜਿਹੇ ਧਰਾਤਲ ਵੱਲ ਧਕੇਲ ਦਿੱਤਾ ਗਿਆ ਹੈ ਜਿੱਥੇ ਚੁਣੌਤੀਆਂ ਗੰਭੀਰ ਹਨ। ਨਵ-ਉਦਾਰਵਾਦ ਦੇ ਦੌਰ ਵਿਚ ਰਾਜਨੀਤਿਕ ਅਰਥ ਵਿਵਸਥਾ ਹਮੇਸ਼ਾਂ ਸਮਾਜ ਦੇ ਬੌਧਿਕ, ਨੈਤਿਕ ਅਤੇ ਸਮਾਜਿਕ ਪ੍ਰਬੰਧ ਵਿਚ ਨਵੇਂ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਰਹੀ ਹੈ। 1947 ਦੀ ਵੰਡ, ਹਰੀ ਕ੍ਰਾਂਤੀ ਦੇ ਚੰਗੇ-ਮਾੜੇ ਨਤੀਜੇ, ਪੰਜਾਬ ਸੰਤਾਪ ਦੇ ਦੌਰ ਅਤੇ ਉੱਤਰ ਆਧੁਨਿਕਤਾ ਦੇ ਪ੍ਰਭਾਵਾਂ ਵਿਚੋਂ ਉਪਜੇ ਬਹੁਪੱਖੀ ਸੰਕਟਾਂ ਵਿਚੋਂ ਪੰਜਾਬ ਨੂੰ ਕੱਢਣ ਲਈ ਬੁੱਧੀਜੀਵੀ ਵਰਗ ਅਤੇ ਸਾਧਾਰਨ ਲੋਕਾਂ ਨੂੰ ਇਕਜੁੱਟ ਹੋ ਕੇ ਨਵਾਂ ਸੰਵਾਦ ਰਚਾਉਣ ਦੀ ਲੋੜ ਹੈ। ਪੰਜਾਬ ਸਦਾ ਗ਼ੈਰ ਜਮਹੂਰੀਅਤ ਅਤੇ ਸਮਾਜਿਕ ਨਾ-ਬਰਾਬਰੀ ਦੀ ਸਥਾਪਨਾ ਦਾ ਵਿਰੋਧੀ ਰਿਹਾ ਹੈ। ਇਸੇ ਲਈ ਪੰਜਾਬੀਆਂ ਨੇ ਕਾਰਜਸ਼ੈਲੀ ਅਤੇ ਵਿਚਾਰਧਾਰਾ ਦਾ ਲੋਕ ਪੱਖੀ ਪ੍ਰਭਾਵ ਸਿਰਜਣ ਵਾਲੀ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਜ਼ਿੰਮੇਵਾਰੀ ਸੌਂਪੀ ਹੈ। ਪੰਜਾਬ ਦੀ ਪੀੜਾ ਸਮਝਣ ਅਤੇ ਉਸ ਨੂੰ ਸੁਲਝਾਉਣ ਦੇ ਯਤਨ ਅਤੇ ਸਾਰਥਕ ਉਪਰਾਲੇ ਮੌਜੂਦਾ ਸਰਕਾਰ ਲਈ ਇਕ ਵੱਡੀ ਚੁਣੌਤੀ ਹਨ। ਸਿਹਤ, ਸਿੱਖਿਆ, ਪੇਟ, ਪਰਵਾਸ, ਨਸ਼ੇ ਅਤੇ ਗੈਂਗਸਟਰ ਕਲਚਰ ਦੇ ਨਾਲ ਨਾਲ ਪੰਜਾਬ ਦੀ ਬੁਨਿਆਦ ਨੂੰ ਜੜ੍ਹੋਂ ਹਲਾਉਣ ਲਈ ਨਵੇਂ ਬੁਣੇ ਜਾ ਰਹੇ ਬਿਰਤਾਂਤ ਨਾਲ ਜੁੜੇ ਅਹਿਮ, ਗੰਭੀਰ ਅਤੇ ਸੰਵੇਦਨਸ਼ੀਲ ਮਸਲੇ ਪੰਜਾਬੀ ਸਮਾਜ ਲਈ ਚਿਰੰਜੀਵ ਵਿਕਾਸ ਮਾਡਲ ਦੀ ਮੰਗ ਕਰਦੇ ਹਨ।

ਪੰਜਾਬ ਦੀ ਸਰਵਪੱਖੀ ਸਮੀਖਿਆ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਹੁਣ ਤੱਕ ਦੀ ਸ਼ਾਸਨ ਵਿਵਸਥਾ ਵੱਲੋਂ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦਾ ਸਾਰਥਕ ਹੱਲ ਦੇਣ ਦੀ ਬਜਾਇ ਨਵੀਆਂ ਬੇਲੋੜੀਆਂ ਸਮੱਸਿਆਵਾਂ ਨੂੰ ਹੀ ਧਰਾਤਲ ਪ੍ਰਦਾਨ ਕੀਤਾ ਗਿਆ ਹੈ ਜਾਂ ਸਮੱਸਿਆ ਨੂੰ ਨਾਸੂਰ ਬਣਾ ਦੇਣ ਲਈ ਬੇਲੋੜੀ ਦੇਰ ਕੀਤੀ ਗਈ ਹੈ। ਬਾਜ਼ਾਰ ਅਰਥਵਿਵਸਥਾ ਦੇ ਪ੍ਰਭਾਵ ਅਧੀਨ ਸਿਰਜੇ ਜਾ ਚੁੱਕੇ 'ਬਾਜ਼ਾਰ ਸਮਾਜ' ਦੇ ਦੋਗਲੇ ਮਾਪਦੰਡਾਂ ਨੇ ਅਸੱਭਿਆ, ਅਧਰਮ ਅਤੇ ਅਗਿਆਨਤਾ ਦਾ ਪਾਸਾਰ ਵਧਾ ਕੇ ਕੌਮ ਨੂੰ ਹਾਸ਼ੀਏ ਵੱਲ ਧੱਕ ਕੇ ਰੂਹਾਨੀ ਉਜਾੜਾ ਹੀ ਪੰਜਾਬ ਦੀ ਝੋਲੀ ਪਾਇਆ ਹੈ। ਵਰਤਮਾਨ ਹਕੂਮਤ ਵੱਲੋਂ ਇਮਾਨਦਾਰੀ ਅਤੇ ਸਟੇਟ ਦੀ ਤਰੱਕੀ ਲਈ ਆਪਣੀ ਵਚਨਬੱਧਤਾ ਦੇ ਨਜ਼ਰੀਏ ਦੇ ਪੱਖ ਤੋਂ ਰੋਜ਼ ਨਵੇਂ ਐਲਾਨ, ਭ੍ਰਿਸ਼ਟਾਚਾਰ ਰਹਿਤ ਸਮਾਜ ਅਤੇ ਅਮਨ ਕਾਨੂੰਨ ਵਿਵਸਥਾ ਦੀ ਬਹਾਲੀ ਦਾ ਪੱਖ ਰੱਖਿਆ ਜਾ ਰਿਹਾ ਹੈ, ਪਰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਕੁਝ ਵੱਖਰੀਆਂ ਹਨ। ਜਦੋਂ ਤੱਕ ਸਰਕਾਰ ਗੰਭੀਰਤਾ ਨਾਲ ਪੰਜਾਬੀ ਸਮਾਜ ਦੀਆਂ ਭਾਵਨਾਵਾਂ ਨਾਲ ਜੁੜੇ ਬੁਨਿਆਦੀ ਅਤੇ ਸੰਵੇਦਨਸ਼ੀਲ ਮਸਲਿਆਂ ਦੇ ਸਦੀਵੀ ਹੱਲ ਕੱਢਣ ਲਈ ਪੰਜਾਬ ਅਨੁਕੂਲ ਵਿਵਸਥਾ ਮਾਡਲ ਨਹੀਂ ਅਪਣਾਉਂਦੀ ਤਾਂ ਬਿਨਾਂ ਸ਼ੱਕ ਸਮਾਜ ਵਿੱਚ ਅਸਮਾਜਿਕਤਾ ਫੈਲਣਾ ਸੁਭਾਵਿਕ ਹੈ। ਗੁਰੂ ਸਾਹਿਬਾਨ ਦੇ ਨਾਮ 'ਤੇ ਵਸਦਾ ਪੰਜਾਬ ਇਸ ਕਦਰ ਘਿਣਾਉਣੀ ਸਿਆਸਤ ਦੇ ਚੱਕਰਵਿਊ ਵਿੱਚ ਫਸਦਾ ਜਾ ਰਿਹਾ ਹੈ ਕਿ ਇਸ ਦੀ ਹੋਂਦ ਉੱਪਰ ਲੱਗਿਆ ਪ੍ਰਸ਼ਨ ਚਿੰਨ੍ਹ ਜਿੱਥੇ ਅਨੇਕਾਂ ਉੱਤਰ ਰਹਿਤ ਪ੍ਰਸ਼ਨਾਂ ਵੱਲ ਸੰਕੇਤ ਕਰਦਾ ਹੈ ਉੱਥੇ ਨਾਲ ਹੀ ਆਪਣੀ ਪਹਿਲੀ ਪਾਰੀ ਖੇਡ ਰਹੀ ਮੌਜੂਦਾ ਸਰਕਾਰ ਲਈ ਵੀ ਮੁਸ਼ਕਲਾਂ ਅਤੇ ਚੁਣੌਤੀਆਂ ਵਧਾ ਰਿਹਾ ਹੈ। ਹਰ ਰੋਜ਼ ਨਵੀਆਂ ਉੱਭਰ ਰਹੀਆਂ ਸਮਾਜਿਕ ਸਮੱਸਿਆਵਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਬੁਨਿਆਦ ਨੂੰ ਅਜਿਹਾ ਖੋਰਾ ਲਾਇਆ ਹੈ ਕਿ ਇਸ ਦੀ ਅਜ਼ਾਦ ਹਸਤੀ ਡਗਮਗਾਉਣ ਲੱਗ ਪਈ ਹੈ। ਬਸਤੀਵਾਦ ਤੋਂ ਛੁਟਕਾਰੇ ਉਪਰੰਤ 75 ਸਾਲਾਂ ਵਿੱਚ ਪੰਜਾਬ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਖਲਾਅ ਵਿੱਚ ਰਿਹਾ ਹੈ।



ਪੰਜਾਬ ਇਕ ਭੂਗੋਲਿਕ ਆਕ੍ਰਿਤੀ ਹੀ ਨਹੀਂ ਹੈ ਸਗੋਂ ਇਕ ਵਿਸਥਾਰ ਹੈ ਜੋ ਸਮਾਜ ਸਿਰਜਨਾ ਲਈ ਅੰਦੋਲਨਾਂ ਦੀ ਤਵਾਰੀਖ ਉੱਪਰ ਖੜ੍ਹਾ ਹੈ। ਪੰਜਾਬ ਨੇ ਦੁਨੀਆ ਨੂੰ ਸਿਖਾਇਆ ਕਿ ਨਾਇਕਤਵ ਕੀ ਹੁੰਦਾ ਹੈ ਅਤੇ ਸਭ ਤੋਂ ਪਹਿਲਾਂ ਦੁਨੀਆ ਅੱਗੇ ਸਮਾਨਤਾ ਉੱਪਰ ਆਧਾਰਿਤ 'ਬੇਗਮਪੁਰਾ ਸਮਾਜ' ਦਾ ਸੰਕਲਪ ਪੇਸ਼ ਕੀਤਾ। ਵਕਤ ਦੀ ਸਿਤਮ ਜ਼ਰੀਫੀ ਹੈ ਕਿ ਰਾਜਸੀ ਧੱਕਿਆਂ ਅਤੇ ਅੰਤਰ ਰਾਸ਼ਟਰੀ ਭੂ-ਰਾਜਨੀਤੀ ਉੱਪਰ ਰਚੀਆਂ ਜਾ ਰਹੀਆਂ ਘਿਣਾਉਣੀਆਂ ਸਿਆਸਤੀ ਨੀਤੀਆਂ ਦੁਆਰਾ ਪੈਦਾ ਕੀਤੇ ਜਾ ਰਹੇ ਗ਼ੈਰ-ਇਖਲਾਕੀ ਅਤੇ ਗ਼ੈਰ-ਸੰਜੀਦਾ ਤੱਤਾਂ ਨੇ ਸਾਡੇ ਦਰਪੇਸ਼ ਡੂੰਘਾ ਸਮਾਜਿਕ ਸੰਕਟ ਖੜ੍ਹਾ ਕਰ ਦਿੱਤਾ ਹੈ। ਹਰ ਸਮਾਜ ਵਿੱਚ ਸਿਰਜਣਾਤਮਿਕ ਸ਼ਕਤੀ ਨਾਲ ਭਰਪੂਰ ਨੌਜਵਾਨ ਬਹੁਤ ਅਹਿਮ ਰੋਲ ਅਦਾ ਕਰਦਾ ਹੈ, ਪਰ ਸਮੇਂ ਅਤੇ ਸਥਿਤੀ ਦੀ ਵਿਡੰਬਨਾ ਹੈ ਕਿ ਪੰਜਾਬੀ ਨੌਜਵਾਨ ਆਪਣੀ ਚੇਤਨਾ ਅਤੇ ਸਮਰੱਥਾ ਦੇ ਉਲਟ ਨਿਰਆਧਾਰ ਭੀੜਤੰਤਰ ਵੱਲ ਆਕਰਸ਼ਿਤ ਹੋ ਰਹੇ ਹਨ। ਇਹ ਰੁਝਾਨ ਵਿਅਕਤੀਗਤ ਸੋਚ ਅਤੇ ਆਪਸੀ ਸੰਵਾਦ ਰਚਾਉਣ ਦੀ ਸਮਰੱਥਾ ਉੱਪਰ ਕਾਫ਼ੀ ਹੱਦ ਤੱਕ ਰੋਕ ਲਾਉਂਦਾ ਹੈ। ਜੋ ਪੰਜਾਬ ਨੂੰ ਅਸਹਿ ਪੀੜ, ਖੰਡਿਤ ਅਸਤਿਤਵ ਅਤੇ ਦੁਸ਼ਵਾਰੀਆਂ ਦੇ ਦੁਖਦ ਅਹਿਸਾਸਾਂ ਦੀ ਦਲਦਲ ਵਿੱਚ ਗਲਤਾਨ ਕਰ ਰਿਹਾ ਹੈ। ਪੰਜਾਬੀ ਸਮਾਜ ਜਿਸ ਗੰਭੀਰ ਆਰਥਿਕ ਅਤੇ ਸਮਾਜਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਉਸ ਤੋਂ ਉਪਰਾਮ ਨੌਜਵਾਨ ਅਨੈਤਿਕਤਾ, ਨਸ਼ੇ ਅਤੇ ਪਲਾਇਨਵਾਦ ਦੀ ਬਿਰਤੀ ਵਿਚ ਗ੍ਰਸੇ ਜਾ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸਾਨੀ ਸੰਘਰਸ਼ ਨੇ ਪੰਜਾਬ ਦੇ ਨੌਜਵਾਨਾਂ ਦੀ ਸ਼ਕਤੀ ਨੂੰ ਦਿਸ਼ਾਬੱਧ ਕਰਕੇ ਉਨ੍ਹਾਂ ਨੂੰ ਹੱਕਾਂ ਪ੍ਰਤੀ ਜਾਗਰੂਕ ਕੀਤਾ, ਪਰ ਕਿਸਾਨੀ ਜਥੇਬੰਦੀਆਂ ਦੀ ਧੜੇਬੰਦੀ ਤੋਂ ਬਾਅਦ ਫਿਰ ਪੰਜਾਬ ਦਾ ਹਰਿਆਲਾ ਦਸਤਾ ਇਕ ਖਲਾਅ ਵਿਚ ਹੈ। ਇਸ ਨੂੰ ਗੁੰਮਰਾਹ ਹੋਣ ਤੋਂ ਬਚਾਉਣ ਲਈ ਇਸ ਸਮੇਂ ਯੋਗ ਅਗਵਾਈ, ਦਿਸ਼ਾ ਅਤੇ ਵਿਚਾਰਧਾਰਾ ਦੀ ਲੋੜ ਹੈ। ਦੁਬਿਧਾ ਦੇ ਹਨੇਰੇ ਵਿੱਚ ਉਲਝੀ ਜਵਾਨੀ ਨੂੰ ਉਨ੍ਹਾਂ ਦੇ ਦਿਮਾਗ ਵਿੱਚ ਫੈਲੀ ਨਕਾਰਾਤਮਕ ਸੋਚ, ਅਸ਼ਾਂਤੀ ਅਤੇ ਦਿਸ਼ਾਹੀਣਤਾ ਵਿਚੋਂ ਕੱਢਣ ਲਈ ਲਾਜ਼ਮੀ ਹੈ ਕਿ ਮੌਜੂਦਾ ਸਰਕਾਰ ਉਨ੍ਹਾਂ ਨੂੰ ਵਿਸ਼ਵਾਸ ਦੀ ਕਿਰਨ ਦਿਖਾਏ ਜਿਸ ਨਾਲ ਨੌਜਵਾਨਾਂ ਨੂੰ ਮਾਨਸਿਕ ਸਪੇਸ ਮਿਲਣ ਦੇ ਨਾਲ ਨਾਲ ਪੰਜਾਬ ਦੀਆਂ ਵੀ ਕਈ ਸਮੱਸਿਆਵਾਂ ਆਪਣੇ ਆਪ ਹੱਲ ਹੋ ਜਾਣਗੀਆਂ।

ਆਧੁਨਿਕ ਲੀਹਾਂ 'ਤੇ ਸਮੁੱਚੀ ਮਾਨਵਤਾ ਦੀ ਰਹਿਨੁਮਾਈ ਕਰਦੇ ਸਿੱਖ ਧਰਮ ਨੇ ਸਾਂਝੀਵਾਲਤਾ ਉੱਪਰ ਆਧਾਰਿਤ ਇਕ ਵਿਵਹਾਰਕ ਜੀਵਨ ਫਲਸਫੇ ਦਾ ਸਿਧਾਂਤ ਦਿੱਤਾ। ਸਾਡੇ ਗੁਰੂਆਂ ਨੇ ਦਸ ਮਨੁੱਖੀ ਜਾਮਿਆਂ ਵਿਚ ਪੰਜਾਬ ਦੇ ਸੱਭਿਆਚਾਰ ਨੂੰ ਹਰ ਪੱਖ ਤੋਂ ਸੰਵਾਰਦੇ, ਤਰਾਸ਼ਦੇ, ਘੜਦੇ ਹੋਏ ਇਕ ਸੰਪੂਰਨ ਅਤੇ ਸੰਤੁਲਿਤ ਜੀਵਨ-ਜਾਚ ਪ੍ਰਦਾਨ ਕੀਤੀ। ਅੱਜ ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਸਮਾਜ ਵਿਚਲੇ ਲੋਕਾਂ ਅੰਦਰ ਸਕਾਰਾਤਮਕ ਤੱਤਾਂ ਦੀ ਬਜਾਇ ਨਕਾਰਾਤਮਕ ਤੱਤ ਪ੍ਰਬਲ ਨਾ ਹੋ ਜਾਣ। ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਗੂੜ੍ਹੀ ਨੀਂਦ ਤੋਂ ਜਾਗ ਕੇ ਇਹ ਮੰਥਨ ਕਰਨ ਦੀ ਲੋੜ ਹੈ ਕਿ ਪੰਜਾਬ ਸੰਤਾਪ ਵੱਲ ਨਾ ਜਾਵੇ। ਜੇ ਰਾਜਨੀਤਿਕ ਪਾਰਟੀਆਂ ਲੋਕ ਹਿਤੈਸ਼ੀ ਹਨ ਅਤੇ ਪੰਜਾਬ ਦਾ ਦਰਦ ਸਮਝਦੀਆਂ ਹਨ ਤਾਂ ਉਹ ਪਾਰਟੀਆਂ ਤੋਂ ਉੱਪਰ ਉੱਠ ਕੇ ਪੰਜਾਬ ਨੂੰ ਇਸ ਡੂੰਘੇ ਸੰਕਟ ਅਤੇ ਬਹੁਪੱਖੀ ਕੰਗਾਲੀ ਵਿਚੋਂ ਕੱਢਣ ਲਈ ਲਈ ਨਿੱਜੀ ਮੁਫਾਦਾਂ ਨੂੰ ਲਾਂਭੇ ਕਰਕੇ ਸੰਜੀਦਗੀ ਨਾਲ ਹੰਭਲਾ ਮਾਰਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੀ ਲੀਡਰਸ਼ਿਪ ਰਾਜ ਅਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰੇਗੀ। ਪੰਜਾਬ ਦਾ ਕੋਈ ਆਗੂ ਕਲਮ ਅਤੇ ਬੌਧਿਕਤਾ ਦੀ ਤਾਕਤ ਨਾਲ ਵਿਸ਼ਵ ਵਿਚ ਸਥਾਪਿਤ ਹੋਣ ਦੀ ਭਾਲ ਕਿਉਂ ਨਹੀਂ ਕਰਦਾ। (ਬਾਕੀ ਸਫ਼ਾ 31 'ਤੇ)

# ਗੁਰੂ ਨਾਨਕ ਬਾਬਾ ਧਰਮਸਾਲਾ, ਅਲਮੋੜਾ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ ਦੀ ਯਾਤਰਾ ਕਰਦਿਆਂ ਅਲਮੋੜਾ ਪੁੱਜੇ ਤਾਂ ਉੱਥੋਂ ਦੇ ਇਕ ਉੱਦਮੀ ਸ੍. ਹਰਦਿਆਲ ਸਿੰਘ ਨਾਲ ਮੁਲਾਕਾਤ ਹੋਈ ਜਿਨ੍ਹਾਂ ਨੇ ਸਰਕਾਰੀ ਕਾਗਜ਼ਾਂ ਦੇ ਹਵਾਲੇ ਨਾਲ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਨਗਰ ਵਿਖੇ ਗੁਰੂ ਜੀ ਦੀ ਯਾਦ ਵਿੱਚ ਇਕ ਪੁਰਾਤਨ ਜਗ੍ਹਾ ਮੌਜੂਦ ਹੈ ਜਿੱਥੇ ਉਹਨਾਂ ਨੇ ਨਿਵਾਸ ਕੀਤਾ ਸੀ। ਉੱਤਰਾਖੰਡ ਦੀ ਯਾਤਰਾ ਦੌਰਾਨ ਜਦੋਂ ਗੁਰੂ ਜੀ ਅਲਮੋੜਾ ਆਏ ਤਾਂ ਉਹਨਾਂ ਨੇ ਜਿਸ ਅਸਥਾਨ 'ਤੇ ਨਿਵਾਸ ਕੀਤਾ ਸੀ ਉੱਥੇ ਇਕ ਧਰਮਸਾਲਾ ਦੀ ਸਥਾਪਨਾ ਕੀਤੀ ਗਈ ਸੀ। ਇਸੇ ਕਰਕੇ 1872 ਦੀ ਗਿਰਦਾਵਰੀ ਵਿੱਚ ਖਸਰਾ ਨੰਬਰ 935 ਅਤੇ 936 'ਤੇ ਜਿਹੜੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸ ਵਿੱਚ ਇਸ ਅਸਥਾਨ ਦਾ ਨਾਂ 'ਗੁਰੂ ਨਾਨਕ ਬਾਬਾ ਧਰਮਸਾਲਾ' ਲਿਖਿਆ ਹੋਇਆ ਹੈ। ਮੌਜੂਦਾ ਸਮੇਂ ਵਿੱਚ ਇਸ ਅਸਥਾਨ ਦੇ ਚਾਰੇ ਪਾਸੇ ਮਕਾਨ ਬਣੇ ਹੋਏ ਹਨ ਅਤੇ ਮੁੱਖ ਗੇਟ ਨੂੰ ਬੰਦ ਕੀਤਾ ਹੋਇਆ ਹੈ।

ਅਲਮੋੜਾ ਨਗਰ ਦਾ ਪੁਰਾਤਨ ਨਾਂ 'ਰਾਜਾਨਗਰ' ਸੀ ਜਿਸ ਨੂੰ ਚੰਦ ਜਾਤੀ ਦੇ ਰਾਜਿਆਂ ਨੇ ਵਸਾਇਆ ਸੀ। 1560 ਵਿੱਚ ਰਾਜਾ ਕਲਿਆਣ ਚੰਦ ਸ਼ਿਕਾਰ ਖੇਡਦੇ ਹੋਏ ਇੱਥੇ ਆਏ ਤਾਂ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਹਨਾਂ ਨੂੰ ਇਹ ਜਗ੍ਹਾ ਵਧੇਰੇ ਅਨੁਕੂਲ ਜਾਪਦੀ ਸੀ ਜਿਸ ਕਰਕੇ ਉਹਨਾਂ ਨੇ ਇੱਥੇ ਨਿਵਾਸ ਕਰਨ ਦਾ ਮਨ ਬਣਾ ਲਿਆ ਅਤੇ ਇਕ ਨਵੇਂ ਨਗਰ ਦੀ ਸਥਾਪਨਾ ਕਰ ਦਿੱਤੀ ਸੀ। ਚੰਦ ਰਾਜਿਆਂ ਤੋਂ ਬਾਅਦ ਇਹ ਨਗਰ ਗੋਰਖਿਆਂ ਅਤੇ ਅੰਗਰੇਜ਼ਾਂ ਦੇ ਅਧੀਨ ਰਿਹਾ ਅਤੇ ਹੁਣ ਅਜ਼ਾਦ ਭਾਰਤ ਦਾ ਹਿੱਸਾ ਹੈ। ਅੰਗਰੇਜ਼ਾਂ ਨੇ ਜਦੋਂ ਅਲਮੋੜਾ ਦੇ ਕਿਲ੍ਹੇ 'ਤੇ ਕਬਜ਼ਾ ਕੀਤਾ ਤਾਂ ਇਸਦੀ ਯਾਦ ਵਿੱਚ ਇਕ ਇਤਿਹਾਸਕ ਇਬਾਰਤ ਹਾਲੇ ਵੀ ਉੱਥੇ ਮੌਜੂਦ ਹੈ ਜਿਸ 'ਤੇ ਇਹ ਅੱਖਰ ਲਿਖੇ ਹੋਏ ਹਨ :

ਕੁਮਾਓਂ ਦੇ ਚਾਂਦ ਰਾਜਿਆਂ ਦੁਆਰਾ ਉਸਾਰੀ ਕੀਤੇ ਗਏ ਇਸ ਕਿਲ੍ਹੇ ਨੂੰ ਗੋਰਖਾ ਸਰਕਾਰ ਵੱਲੋਂ ਮਜ਼ਬੂਤੀ ਪ੍ਰਦਾਨ ਕੀਤੀ ਗਈ ਸੀ ਅਤੇ ਅੰਗਰੇਜ਼ੀ ਰਾਜ ਸਮੇਂ ਕਰਨਲ ਨਿਕੋਲਸ ਵੱਲੋਂ ਇਸਨੂੰ 26 ਅਪ੍ਰੈਲ 1815 ਨੂੰ ਆਪਣੇ ਅਧੀਨ ਕਰ ਲਿਆ ਸੀ। ਅਗਲੇ ਦਿਨ ਕਿਲ੍ਹਾ ਸੌਂਪਣ ਅਤੇ ਖਾਲੀ ਕਰਨ ਵਾਲੇ ਦਸਤਾਵੇਜ਼ਾਂ 'ਤੇ ਦਸਖ਼ਤ ਕੀਤੇ ਗਏ ਸਨ।

ਮੌਜੂਦਾ ਸਮੇਂ ਵਿੱਚ ਵਿਸ਼ਾਲ ਇਮਾਰਤਾਂ ਦੇ ਰੂਪ ਵਿੱਚ ਇੱਥੇ ਰਾਜੇ ਦਾ ਕਿਲ੍ਹਾ, ਮਹਿਲ, ਪੁਰਾਤਨ ਮੰਦਰ ਆਦਿ ਦੇਖਣਯੋਗ ਅਸਥਾਨ ਹਨ। ਵਿਭਿੰਨ ਬਾਜ਼ਾਰ ਅਤੇ ਸੰਘਣੀ ਅਬਾਦੀ ਵਾਲੇ ਇਸ ਨਗਰ ਵਿਖੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬਹੁਤ ਰੌਣਕ ਹੁੰਦੀ ਹੈ ਜਦੋਂ ਬਹੁਤ ਸਾਰੇ ਯਾਤਰੂ ਗਰਮੀਆਂ ਤੋਂ ਰਾਹਤ ਮਹਿਸੂਸ ਕਰਨ ਲਈ ਇੱਥੇ ਆਉਂਦੇ ਹਨ ਅਤੇ ਉਹਨਾਂ ਦੇ ਨਿਵਾਸ ਲਈ ਬਹੁਤ ਸਾਰੇ ਹੋਟਲ ਵੀ ਮੌਜੂਦ ਹਨ।



ਗੁਰੂ ਨਾਨਕ ਸਾਹਿਬ ਦੇ ਅਲਮੋੜਾ ਪਹੁੰਚਣ ਦਾ ਵਰਨਨ ਕਰਦੇ ਹੋਏ ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਅਨੇਕਾਂ ਜੰਗਲਾਂ, ਪਹਾੜਾਂ ਅਤੇ ਦੇਵ ਅਸਥਾਨਾਂ ਨੂੰ ਪਾਰ ਕਰਦੇ ਹੋਏ ਗੁਰੂ ਜੀ ਅਲਮੋੜੇ ਪੁੱਜੇ ਸਨ। ਇੱਥੋਂ ਅੱਗੇ ਮਾਨਸਰੋਵਰ ਨੂੰ ਰਸਤਾ ਜਾਂਦਾ ਹੈ ਜਿਹੜਾ ਕਿ ਅੱਗੇ ਸੁਮੇਰ ਪਰਬਤ ਵੱਲ ਲੈ ਜਾਂਦਾ ਹੈ। ਸੁਮੇਰ ਪਰਬਤ 'ਤੇ ਗੁਰੂ ਨਾਨਕ ਦੇਵ ਜੀ ਦੇ ਜਾਣ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ:

ਬਾਬੇ ਡਿੱਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ।
ਫਿਰ ਜਾਇ ਚੜ੍ਹਿਆ ਸੁਮੇਰ ਪਰਿ ਸਿਧ ਮੰਡਲੀ ਦ੍ਰਿਸਟੀ ਆਈ। (ਵਾਰ, 1.28)

ਸੁਮੇਰ ਪਰਬਤ 'ਤੇ ਗੁਰੂ ਜੀ ਦੀ ਸਿੱਧਾਂ ਨਾਲ ਗੋਸਟਿ ਹੋਈ ਸੀ ਜਿਸ ਦਾ ਜ਼ਿਕਰ ਜਨਮ ਸਾਖੀਆਂ ਵਿੱਚ ਵੀ ਦੇਖਣ ਨੂੰ ਮਿਲਦਾ ਹੈ। ਭਾਵੇਂ ਕਿ ਸੁਮੇਰ ਪਰਬਤ ਨੂੰ ਜਾਣ ਦੇ ਹੋਰ ਰਾਹ ਵੀ ਮੌਜੂਦ ਸਨ ਪਰ ਗਿਆਨੀ ਜੀ ਨੇ ਅਲਮੋੜੇ ਦੇ ਰਸਤੇ ਗੁਰੂ ਜੀ ਦਾ ਸੁਮੇਰ ਪਰਬਤ 'ਤੇ ਜਾਣ ਦਾ ਜ਼ਿਕਰ ਕੀਤਾ ਹੈ। ਇਸ ਅਸਥਾਨ 'ਤੇ ਗੁਰੂ ਜੀ ਨਾਲ ਸੰਬੰਧਿਤ ਜਿਸ ਸਾਖੀ ਦਾ ਵਰਨਨ ਮਿਲਦਾ ਹੈ, ਉਸ ਵਿੱਚ ਦੱਸਿਆ ਗਿਆ ਹੈ ਕਿ ਇੱਥੋਂ ਦੇ ਸਥਾਨਿਕ ਰਾਜੇ ਵੱਲੋਂ ਦੇਵੀ ਦੇ ਸਨਮੁਖ ਇਕ ਯੱਗ ਕੀਤਾ ਗਿਆ ਜਿਸ ਨੂੰ ਸੰਪੂਰਨ ਕਰਨ ਲਈ ਨਰ ਬਲੀ ਦਿੱਤੇ ਜਾਣ ਦੀ ਰਸਮ ਸੀ ਅਤੇ ਇਸ ਉਦੇਸ਼ ਦੀ ਪੂਰਤੀ ਲਈ ਕਿਸੇ ਵਿਅਕਤੀ ਨੂੰ ਲੱਭਿਆ ਜਾ ਰਿਹਾ ਸੀ। ਭਾਈ ਮਰਦਾਨਾ ਰਾਜੇ ਦੇ ਬੰਦਿਆਂ ਦੇ ਹੱਥ ਲੱਗ ਗਏ ਅਤੇ ਰਾਜੇ ਦੇ ਬੰਦੇ ਉਸ ਨੂੰ ਫੜ ਕੇ ਲੈ ਆਏ। ਜਦੋਂ ਬਲੀ ਦੇਣ ਲੱਗੇ ਤਾਂ ਰਾਜ ਗੱਦੀ ਦੇ ਲਾਲਚ ਵਿੱਚ ਰਾਜੇ ਦੇ ਭਰਾ ਨੇ ਉਸ ਦਾ ਸਿਰ ਉਤਾਰ ਦਿੱਤਾ ਅਤੇ ਰਾਜੇ ਦੇ ਬੰਦਿਆਂ ਨੇ ਉਸਦੇ ਭਰਾ ਨੂੰ ਮਾਰ ਦਿੱਤਾ। ਇਸ ਤਰ੍ਹਾਂ ਹੋਏ ਖ਼ੂਨ ਖਰਾਬੇ ਵਿੱਚ 10-12 ਬੰਦੇ ਮਾਰੇ ਗਏ ਤਾਂ ਰੌਲਾ ਪੈ ਗਿਆ ਕਿ ਮਰਦਾਨਾ ਕੋਈ ਸਿੱਧ ਪੁਰਖ ਹੈ ਅਤੇ ਉਸਦੀ ਬਲੀ ਦਿੱਤੇ ਜਾਣ ਦੇ ਯਤਨ ਤੋਂ ਦੇਵੀ ਕ੍ਰੋਧਿਤ ਹੋ ਗਈ ਅਤੇ ਉਸਨੇ ਰਾਜੇ ਅਤੇ ਹੋਰਨਾਂ ਕਈਆਂ ਨੂੰ ਮਾਰ ਸੁੱਟਿਆ ਹੈ। ਗੁਰੂ ਜੀ ਨੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਅਤੇ ਪਰਮਾਤਮਾ ਦੀ ਭਗਤੀ ਅਤੇ ਪ੍ਰੇਮ ਦਾ ਸੰਦੇਸ਼ ਦੇ ਕੇ ਅੱਗੇ ਚਲੇ ਗਏ। ਗੁਰੂ ਨਾਨਕ ਦੇਵ ਜੀ ਦੀ ਅਲਮੋੜਾ ਯਾਤਰਾ ਦਾ ਜ਼ਿਕਰ ਕਰਦੇ ਹੋਏ ਪ੍ਰੋ. ਮੋਹਨ ਸਿੰਘ ਕਹਿੰਦੇ ਹਨ ਕਿ ਗੁਰੂ ਜੀ ਨੇ ਸਥਾਨਿਕ ਚੰਦ ਜਾਤੀ ਦੇ ਰਾਜੇ ਨੂੰ ਨਰ ਬਲੀ ਦੇਣ ਤੋਂ ਰੋਕਿਆ ਸੀ :

ਇਉਂ ਅਲਮੋੜੇ ਨਗਰ ਵਿੱਚ ਪਹੁੰਚੇ ਜਦ ਮਹਾਰਾਜ
ਪਤਾ ਲਗਾ ਉਸ ਥਾਉਂ 'ਤੇ ਚੰਦ ਜਾਤਿ ਦਾ ਰਾਜ।
ਪਰਦੇਸੀ ਰਾਹ ਗੁਜ਼ਰੂਆਂ ਦਾ ਜੋ ਸੀਸ ਉਤਾਰ
ਦੇਂਦੇ ਬਿਨਾਂ ਕਚ ਦੇ ਚੰਡੀ ਅੱਗੇ ਚਾਹੜ ।
ਬਾਬੇ ਨਾਨਕ ਦੇਖਿਆ ਜਦ ਇਹ ਅੱਤਿਆਚਾਰ
ਚੰਦ ਰਾਜੇ ਦੇ ਨਾਲ ਜਾ ਕੀਤਾ ਉਨ੍ਹਾਂ ਵਿਚਾਰ।
ਨਾਲ ਪਿਆਰ ਸਮਝਾਇਆ ਮੂਰਤੀਆਂ ਬੇਜਾਨ
ਪਿੱਛੇ ਕਦੀ ਨਾ ਕੋਹੀਏ ਨਿਰਦੋਸੇ ਇਨਸਾਨ।
ਮਹਿੰਗੀ ਰੱਤ ਮਨੁੱਖ ਦੀ ਪੱਥਰਾਂ ਉਤੇ ਡੋਲ੍ਹ
ਨਾਲ ਕਾਮਨਾ ਕਿਸੇ ਦੀ ਭਰੀ ਨਾ ਅਜ ਤਕ ਝੋਲ
ਇਉਂ ਲੋਕਾਂ ਨੂੰ ਪ੍ਰਭੂ ਦੀ ਭਗਤੀ ਦੇ ਵਿਚ ਜੋੜ
ਬਾਬੇ ਗੋਰਖ ਮੱਤੇ ਵਲ ਵਾਗਾਂ ਲਈਆਂ ਮੋੜ। (ਨਾਨਕਾਇਣ, ਪੰਨਾ 80)

ਗੁਰੂ ਜੀ ਦੇ ਇਸ ਅਸਥਾਨ 'ਤੇ ਧਰਮਸਾਲਾ ਕਦੋਂ ਸਥਾਪਿਤ ਹੋਈ ? ਇਸ ਬਾਰੇ ਕੋਈ ਪੱਕੀ ਜਾਣਕਾਰੀ ਤਾਂ ਪ੍ਰਾਪਤ ਨਹੀਂ ਹੁੰਦੀ ਪਰ ਇੰਝ ਜਾਪਦਾ ਹੈ ਕਿ ਆਮ ਲੋਕ ਗੁਰੂ ਜੀ ਦੀ ਸਿੱਖਿਆ ਅਤੇ ਸੰਦੇਸ਼ ਤੋਂ ਪ੍ਰਭਾਵਿਤ ਹੋ ਕੇ ਪਰਮਾਤਮਾ ਦੀ ਭਗਤੀ ਕਰਨ ਲੱਗੇ ਸਨ। ਸਥਾਨਿਕ ਵੱਸੋਂ ਵਿਚੋਂ ਬਹੁਤ ਸਾਰੇ ਲੋਕ ਇਸ ਅਸਥਾਨ 'ਤੇ ਦੀਵਾ ਜਗਾਉਂਦੇ ਅਤੇ ਮੰਨਤਾਂ ਮੰਗਦੇ ਸਨ। ਇਸ ਅਸਥਾਨ ਦੀ ਇਮਾਰਤ ਦਾ ਕੁੱਝ ਕੁ ਹਿੱਸਾ ਦਿਖਾਈ ਦੇ ਰਿਹਾ ਹੈ ਜਿਸ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਦੇ ਹੇਠਾਂ ਹੋਰ ਇਮਾਰਤ ਵੀ ਮੌਜੂਦ ਹੈ ਜਿਹੜੀ ਕਿ ਮਿੱਟੀ ਹੇਠਾਂ ਦੱਬ ਗਈ ਹੈ। ਗੁਰਦੁਆਰਾ ਨਾਨਕਮਤਾ ਸਾਹਿਬ ਦੀ ਕਮੇਟੀ ਇਸ ਅਸਥਾਨ ਦੀ ਸੇਵਾ-ਸੰਭਾਲ ਲਈ ਸਥਾਨਿਕ ਸੰਗਤ ਦਾ ਸਹਿਯੋਗ ਕਰਦੀ ਰਹੀ ਹੈ। ਸ. ਇੰਦਰ ਸਿੰਘ ਇੱਥੋਂ ਦੇ ਉੱਦਮੀ ਸਿੱਖ ਹੋਏ ਹਨ ਜਿਨ੍ਹਾਂ ਦਾ ਪਰਿਵਾਰ ਹਾਲੇ ਵੀ ਇਸ ਨਗਰ ਵਿਖੇ ਵੱਸ ਰਿਹਾ ਹੈ। ਗੁਰੂ ਸਾਹਿਬ ਦੇ ਅਸਥਾਨ ਦੀ ਸੇਵਾ ਪ੍ਰਾਪਤ ਕਰਨ ਲਈ ਇਹ ਅਨੇਕਾਂ ਯਤਨ ਕਰਦੇ ਰਹੇ ਹਨ ਅਤੇ 1978 ਵਿੱਚ ਇਹਨਾਂ ਵੱਲੋਂ ਹੀ ਗੁਰਦੁਆਰਾ ਨਾਨਕਮਤਾ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਸ ਅਸਥਾਨ ਦਾ ਪ੍ਰਬੰਧ ਲੈਣ ਲਈ ਅਦਾਲਤ ਵਿੱਚ ਕੇਸ ਕੀਤਾ ਗਿਆ ਸੀ। ਇਸ ਨਗਰ ਵਿਖੇ ਸਿੱਖਾਂ ਦੀ ਅਬਾਦੀ ਨਾ-ਮਾਤਰ ਹੈ ਜਿਸ ਕਰਕੇ ਲੰਮੀ ਅਦਾਲਤੀ ਪ੍ਰਕਿਰਿਆ ਅਤੇ ਸਥਾਨਿਕ ਬਹੁ-ਗਿਣਤੀ ਪ੍ਰਭਾਵ ਨਾਲ ਨਜਿੱਠਣਾ ਔਖਾ ਕਾਰਜ ਸੀ ਜਿਸ ਕਰਕੇ ਕੇਸ ਕਿਸੇ ਸਿਰੇ ਨਾ ਲੱਗ ਸਕਿਆ। ਜਿੰਨੇ ਕੁ ਪਰਿਵਾਰ ਇਸ ਨਗਰ ਵਿਖੇ ਮੌਜੂਦ ਹਨ ਉਹਨਾਂ ਨੇ ਆਪਣੀਆਂ ਧਾਰਮਿਕ ਰਸਮਾਂ ਅਤੇ ਲੋੜਾਂ ਦੀ ਪੂਰਤੀ ਲਈ ਇੱਥੇ ਇਕ ਹੋਰ ਗੁਰਦੁਆਰਾ ਸਾਹਿਬ ਦੀ ਉਸਾਰੀ ਕਰ ਲਈ ਹੈ ਅਤੇ ਉਹਨਾਂ ਦੀ ਦਿਲੀ ਇੱਛਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਸ ਅਸਥਾਨ 'ਤੇ ਅਰਦਾਸ ਕਰਨ ਦੀ ਮਨਜ਼ੂਰੀ ਮਿਲ ਜਾਵੇ।

## ਰਾਜਪੁਰਾ ਵਿਖੇ ਵਿਸ਼ਵ ਹਾਸ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਹੋਇਆ




ਰਾਜਪੁਰਾ/ਪ੍ਰਮਿੰਦਰ ਸਿੰਘ ਪ੍ਰਵਾਨਾ/ਡਾ.ਅਮਨ: ਲੋਕ ਸਾਹਿਤ ਸੰਗਮ ਰਾਜਪੁਰਾ (ਪੰਜਾਬ) ਦਾ ਸਾਹਿਤਕ ਸਮਾਗਮ ਡਾ. ਗੁਰਵਿੰਦਰ ਸਿੰਘ ਅਮਨ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਵਿਖੇ ਹੋਇਆ, ਜੋ ਵਿਸ਼ਵ ਹਾਸ ਦਿਵਸ ਨੂੰ ਸਮਰਪਿਤ ਸੀ। ਸਮਾਗਮ ਦਾ ਆਰੰਭ ਸੁਚੇਤ ਗ਼ਜ਼ਲਗੋ ਅਵਤਾਰ ਸਿੰਘ ਪੁਆਰ ਦੀ ਗਜ਼ਲ ਪੌਣਾਂ ਦੇ ਵਿੱਚ ਉਪਜਿਆ ਜੋ ਰੋਸ ਹੈ, ਮੌਸਮਾਂ ਦੇ ਸਿਰ ਇਨਾਂ ਦਾ ਦੋਸ਼ ਹੈ, ਨਾਲ ਹੋਇਆ। ਗਿਆਨੀ ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਦੀ ਕਵਿਤਾ ਦਿਲ ਕਰਦਾ ਮੈਂ ਰੱਬ ਬਣ ਜਾਵਾ, ਸਭ 'ਤੇ ਹੁਕਮ ਚਲਾਵਾਂ। ਪ੍ਰੋ. ਸ਼ਤਰੂਘਨ ਗੁਪਤਾ ਨੇ ਕਵਿਤਾ, ਸੁਨੀਤਾ ਦੇਸ ਰਾਜ ਨੇ ਕਵਿਤਾ ਸੁਣਾਈ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਨੇ ਕਰ ਲੈ ਦਿਲ ਦੀ ਸਫਾਈ ਜੇ ਦਿਲਦਾਰ ਚਾਹੀਦਾ ਨਾ ਮੈਂ ਰਾਂਝਾ ਨਾ ਮੈਂ ਬਣੀ ਹੀਰ ਵੇ ਸੁਣਾਈ। ਕੁਲਵੰਤ ਸਿੰਘ ਜੱਸਲ ਨੇ ਵਿਅੰਗਾਤਮਕ ਗੀਤ ਬੱਸਾਂ ਦੇ ਵਿੱਚ ਅੱਜ ਕੱਲ ਰਹਿੰਦਾ ਰਸ਼ ਕੁੜੇ ਸੁਣਾਇਆ। ਥਾਣੇਦਾਰ ਰਵਿੰਦਰ ਕ੍ਰਿਸ਼ਨ ਨੇ ਵਿਛੜੇ ਮਕਬੂਲ ਗਾਇਕ ਨੂੰ ਸ਼ਰਧਾਂਜਲੀ ਨੁਮਾ ਗੀਤ ਸੁਣਾਇਆ। ਵਿਦੇਸ਼ੀ ਫੇਰੀ ਤੋਂ ਪਰਤੇ ਕਰਮ ਸਿੰਘ ਹਕੀਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਹਨਾਂ ਨੇ ਲੱਖਾਂ ਬਦਲੇ ਸੌਦਾ ਕਰਕੇ ਬਹਿ ਗਏ ਕੱਖਾਂ ਦਾ ਡਾਲਰ ਕੱਠੇ ਕਰਦੇ, ਹੀਰ ਲਾਲ ਗੁਵਾ ਬੈਠੇ ਸੁਣਾ ਕੇ ਪ੍ਰਵਾਸ ਦਾ ਦਰਦ ਬਿਆਨਿਆ। ਲੋਕ ਕਵੀ ਸੁਰਿੰਦਰ ਸਿੰਘ ਸੋਹਣਾਂ ਰਾਜੇਮਾਜਰੀਆ ਨੇ ਜਿੰਨੇ ਰੱਬ ਬਣੇ ਸੀ ਬਾਬੇ ਭੁਗਤ ਰਹੇ ਨੇ ਕੇਸਾਂ ਨੂੰ ਸੁਣਾਂ ਕੇ ਵਿਅੰਗ ਕੀਤਾ। ਚੇਅਰਮੈਨ ਹਰਜੀਤ ਸਿੰਘ ਸੱਧਰ ਨੂੰ ਰਫਤਾ ਰਫਤਾ ਰਿਸ਼ਤਿਆਂ 'ਚੋਂ ਸੁਣਾ ਕੇ ਵਿਅੰਗ ਕੀਤਾ। ਚੇਅਰਮੈਨ ਹਰਜੀਤ ਸਿੰਘ ਸੱਧਰ ਨੇ ਰਫਤਾ ਰਫਤਾ (ਬਾਕੀ ਸਫ਼ਾ 30 'ਤੇ)

# ਵਿਲੱਖਣ ਸ਼ਖ਼ਸੀਅਤ ਡਾ. ਮਹਿਲ ਸਿੰਘ

ਡਾ. ਪਵਨਪ੍ਰੀਤ ਕੌਰ
ਅਸਿਸਟੈਂਟ ਪ੍ਰੋਫੈਸਰ, ਖਾਲਸਾ ਕਾਲਜ, ਅੰਮ੍ਰਿਤਸਰ
9779097615



ਡਾ. ਮਹਿਲ ਸਿੰਘ ਇੱਕ ਮਹਾਨ ਵਿਦਵਾਨ, ਸਾਹਿਤਕਾਰ, ਪੰਜਾਬੀ ਦੇ ਪ੍ਰੋਫੈਸਰ ਅਤੇ ਬਹੁਪੱਖੀ ਸਖਸ਼ੀਅਤ ਦੇ ਮਾਲਕ ਹਨ। ਆਪ ਜੀ ਦਾ ਜਨਮ 10 ਜੂਨ 1958 ਈਸਵੀ ਨੂੰ ਮਾਤਾ ਚੰਨਣ ਕੌਰ ਜੀ ਦੀ ਕੁੱਖ ਤੋਂ ਪਿੰਡ ਘਰਿਆਲਾ, ਜੋ ਕਿ ਪੱਟੀ ਸ਼ਹਿਰ ਦੇ ਨਜਦੀਕ ਹੈ, ਵਿਖੇ ਹੋਇਆ। ਆਪਣੀ ਸਕੂਲੀ ਵਿਦਿਆ ਹਾਸਲ ਕਰਨ ਉਪਰੰਤ ਉਚੇਰੀ ਵਿਦਿਆ ਹਾਸਿਲ ਕਰਨ ਲਈ ਆਪ ਜੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਪੰਜਾਬੀ ਵਿੱਚ ਐੱਮ.ਏ. ਦੀ ਡਿਗਰੀ ਹਾਸਿਲ ਕੀਤੀ, ਇਸੇ ਯੂਨੀਵਰਸਿਟੀ ਤੋਂ ਆਪ ਜੀ ਨੇ ਪੀਐੱਚ. ਡੀ ਦੀ ਡਿਗਰੀ ਪੂਰੀ ਕੀਤੀ। ਪੜ੍ਹਾਈ ਕਰਨ ਉਪਰੰਤ ਆਪ ਜੀ ਨੇ ਬਤੌਰ ਅਸਿਸਟੈਂਟ ਪ੍ਰੋਫੈਸਰ ਪੰਜਾਬੀ ਵਿਸ਼ੇ ਉੱਪਰ ਕਾਲਜ ਵਿੱਚ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਸਰਹਾਲੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ ਵਿਖੇ ਬਤੌਰ ਪ੍ਰਿੰਸੀਪਲ ਦੇ ਆਹੁਦੇ ਉੱਪਰ ਬਿਰਾਜਮਾਨ ਰਹੇ। ਮੌਜੂਦਾ ਸਮੇਂ ਵਿੱਚ ਆਪ ਜੀ ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ 2014 ਤੋਂ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾ ਰਹੇ ਹਨ। ਆਪ ਜੀ ਲਗਭਗ ਪਿਛਲੇ 25 ਸਾਲ ਤੋਂ ਪ੍ਰਿੰਸੀਪਲ ਵਜੋਂ ਵੱਖ- ਵੱਖ ਕਾਲਜਾਂ ਵਿੱਚ ਰਹਿ ਕੇ ਆਪਣੀਆਂ ਸੇਵਾਵਾਂ ਦੇ ਚੁੱਕੇ ਹਨ ਅਤੇ ਇਹ ਕਾਰਜ ਅਜੇ ਵੀ ਨਿਰੰਤਰ ਜਾਰੀ ਹੈ। ਪੰਜਾਬੀ ਭਾਸ਼ਾ ਨੂੰ ਉਚਾਈਆਂ ਤੇ ਲੈ ਕੇ ਜਾਣ ਦੇ ਮਕਸਦ ਨਾਲ @ਜਗਤ ਪੰਜਾਬੀ ਸਭਾ@ ਕੈਨੇਡਾ ਵੱਲੋਂ ਸੰਸਾਰ ਭਰ ਤੋਂ 101 ਦੇ ਕਰੀਬ ਪ੍ਰਮੁੱਖ ਪੰਜਾਬੀਆਂ ਦੀ ਇਕ ਸੂਚੀ ਤਿਆਰ ਕੀਤੀ ਗਈ ਕਿ ਕਿਹੜੇ-ਕਿਹੜੇ ਵਿਦਵਾਨਾਂ ਨੇ ਆਪਣੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ ਹੈ। ਇਸ ਸੂਚੀ ਵਿੱਚ ਆਪ ਜੀ ਦਾ ਨਾਮ ਵੀ ਪ੍ਰਮੁੱਖ ਵਿਦਵਾਨਾਂ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਆਪ ਜੀ ਦੁਆਰਾ ਵੱਖ-ਵੱਖ ਵਿਸ਼ਿਆਂ ਉੱਪਰ ਅਖਬਾਰਾਂ, ਰਸਾਲਿਆਂ, ਮੈਗਜੀਨਾਂ ਅਤੇ ਪੁਸਤਕਾਂ ਵਿੱਚ ਲੇਖ ਛਪ ਚੁੱਕੇ ਹਨ। ਇਸ ਤੋਂ ਇਲਾਵਾ ਆਪ ਜੀ ਦੁਆਰਾ ਕਈ ਪੁਸਤਕਾਂ ਨੂੰ ਸੰਪਾਦਿਤ ਕੀਤਾ ਜਾ ਚੁੱਕਾ ਹੈ। ਮਿੱਟੀ ਬੋਲ ਪਈ ਨਾਵਲ ਜੋ ਕਿ ਬਲਬੀਰ ਸਿੰਘ ਮਾਧੋਪੁਰੀ ਦੁਆਰਾ ਲਿਖਿਆ ਗਿਆ ਹੈ ਉਸ ਦਾ ਰਿਵਿਊ ਕਰਨਾ, ਸ੍ਰੀ ਗੁਰੂ ਤੇਗ ਬਹਾਦਰ ਜੀਵਨ: ਫਲਸਫਾ ਤੇ ਸ਼ਹਾਦਤ, ਅਜੋਕੀ ਪੰਜਾਬੀ ਕਹਾਣੀ, ਦਲਿਤ ਸਰੋਕਾਰ, ਪੰਜਾਬੀ ਨਾਵਲ ਦਾ ਸਮਾਜ- ਇਤਿਹਾਸਿਕ ਅਧਿਐਨ, ਸ੍ਰੀ ਗੁਰੂ ਤੇਗ ਬਹਾਦਰ ਬਾਣੀ ਅਤੇ ਸ਼ਹਾਦਤ ਦਾ ਗੌਰਵ, ਸਾਹਿਤ ਦੇ ਰੰਗ, ਸਿੱਖ ਧਰਮ ਸੰਬੰਧੀ ਸੰਖੇਪ ਜਾਣ-ਪਛਾਣ, ਪੰਜਾਬੀ ਕਹਾਣੀ ਦੇ ਨਵੀਨ ਨਕਸ਼ ਅਤੇ ਹੋਰ ਅਨੇਕਾਂ ਪੁਸਤਕਾਂ ਆਪ ਜੀ ਦੁਆਰਾ ਸੰਪਾਦਿਤ ਕੀਤੀਆਂ ਜਾ ਚੁੱਕੀਆਂ ਹਨ। ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਪ੍ਰਿੰਸੀਪਲ ਦੇ ਅਹੁਦੇ ਉੱਪਰ ਬਿਰਾਜਮਾਨ ਰਹਿੰਦਿਆਂ ਆਪ ਜੀ ਕਾਲਜ ਨੂੰ ਨਵੀਆਂ ਉਚਾਈਆਂ ਤੇ ਲੈ ਕੇ ਜਾ ਰਹੇ ਹਨ। ਕਾਲਜ ਵਿੱਚ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਦੇ ਮਕਸਦ ਨਾਲ ਨਵੀਆਂ ਬਿਲਡਿੰਗਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ। ਵਿਦਿਆਰਥੀਆਂ ਲਈ ਕਾਲਜ ਵਿੱਚ ਨਵੇਂ ਨਵੇਂ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਜਿਵੇਂ ਕਿ ਗੂੰਗੇ, ਬੋਲੇ ਬੱਚਿਆਂ ਲਈ ਡੀ.ਸੀ.ਏ. ਕੋਰਸ ਸ਼ੁਰੂ ਕੀਤਾ ਗਿਆ ਹੈ। ਕਾਲਜ ਵਿੱਚ @ਗੁਰਮਤਿ ਸਟੱਡੀ ਸੈਂਟਰ@ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਗੁਰਮਤਿ ਦੇ ਸਿਲੇਬਸ ਦੇ ਨਾਲ-ਨਾਲ ਅੰਗਰੇਜੀ, ਪੰਜਾਬੀ ਤੋਂ ਇਲਾਵਾ ਉਰਦੂ, ਫਾਰਸੀ ਆਦਿ ਭਾਸ਼ਾਵਾਂ ਦੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ ਤਾਂ ਜੋ ਸਾਡੇ ਵਿਦਿਆਰਥੀ ਉੱਚ ਸਿਖਿਆ ਹਾਸਿਲ ਕਰਕੇ ਗਲੋਬਲ ਪੱਧਰ ਤੇ ਸਿੱਖੀ ਦਾ ਪ੍ਰਚਾਰ ਕਰਨ ਦੇ ਸਮਰੱਥ ਹੋ ਸਕਣ। ਪ੍ਰਿੰਸੀਪਲ ਡਾ. ਮਹਿਲ ਸਿੰਘ ਜੀ ਵੱਲੋਂ ਪੰਜਾਬੀ ਭਾਸ਼ਾ ਅਤੇ ਵਿਦਿਆਰਥੀਆਂ ਦੇ ਉਚੇਰੇ ਭਵਿੱਖ ਲਈ ਕੀਤੇ ਜਾ ਰਹੇ ਕਾਰਜ ਬਹੁਤ ਸਲਾਹੁਣਯੋਗ ਹਨ। ਅਸੀਂ ਆਸ ਕਰਦੇ ਹਾਂ ਕਿ ਡਾ. ਸਾਹਬ ਅੱਗੇ ਵੀ ਇਸੇ ਤਰ੍ਹਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਸੇਵਾ ਕਰਦੇ ਰਹਿਣਗੇ।

## ਸ਼ਹੀਦੀ ਸਮਾਗਮ 'ਤੇ ਵਿਸ਼ੇਸ਼

# ਅਡੋਲ ਸੰਘਰਸ਼ੀ 'ਭਾਈ ਪਰਮਜੀਤ ਸਿੰਘ ਪੰਜਵੜ'



ਸ. ਦਲਵਿੰਦਰ ਸਿੰਘ ਘੁੰਮਣ

ਭਾਈ ਪਰਮਜੀਤ ਸਿੰਘ ਪੰਜਵੜ ਨੂੰ 6 ਮਈ ਨੂੰ ਪਾਕਿਸਤਾਨ ਵਿੱਚ ਦਿਨ ਦਿਹਾੜੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਜਿੰਨਾਂ ਨੇ ਲੰਮੇ ਸਮੇਂ ਤੋਂ ਸਿੱਖ ਸੰਘਰਸ਼ ਵਿੱਚ ਇੱਕ ਅਹਿਦਨਾਮੇ ਨੂੰ ਸੰਪੂਰਨ ਕਰਨ ਦੀ ਲਾਲਸਾ ਨਾਲ ਜਲਾਵਤਨੀ ਨੂੰ ਪ੍ਰਮੁਖਤਾ ਦਿੱਤੀ। ਪਰਿਵਾਰ ਨੇ ਬਹੁਤ ਅਕਹਿ ਅਤੇ ਅਸਹਿ ਤਸ਼ੱਦਦ ਝੱਲਿਆ। ਗੁਰੂ ਸਿਧਾਂਤ 'ਤੇ ਤੁਰਦਿਆਂ ਪੂਰਾ ਪਰਿਵਾਰ ਖੇਂਰੂ ਖੇਂਰੂ ਹੋ ਗਿਆ। ਬਹੁਤ ਜੀਆਂ ਦੀ ਸ਼ਹੀਦੀ ਹੋਈ। ਸੰਘਰਸ਼ ਦੇ ਅੰਦਰੂਨੀ ਭਾਵ ਨੂੰ ਸਮਝੇ ਬਿਨਾਂ ਉਸ ਉਪਰ ਚੱਲਣਾ ਸੰਭਵ ਨਹੀਂ ਹੁੰਦਾ ਪਰ ਮਜ਼ਬੂਤ ਇਰਾਦੇ ਹਰ ਕਾਰਜ ਦੇ ਫਤਿਹ ਲਈ ਕਰ ਗੁਜ਼ਰਨ ਤੱਕ ਰਾਹ ਬਸੇਰਾ ਬਣੇ ਰਹਿੰਦੇ ਹਨ। ਜਦੋਂ ਕੁਦਰਤ ਵੀ ਡਰਾਵਨੇ ਦ੍ਰਿਸ਼ਾਂ ਵਿੱਚ ਪ੍ਰਤੱਖ ਰੂਪਵਾਨ ਹੋਵੇ ਤਾਂ ਤੱਤੇ ਥੰਮਾਂ ਨੂੰ ਜੱਫੇ ਕਦੇ ਨਹੀਂ ਵੱਜਦੇ ! ਪਰ ਇਨਸਾਨ ਦੀ ਦ੍ਰਿੜ੍ਹਤਾ ਦੇ ਸਰੋਤਾਂ ਨੂੰ ਜਦੋਂ ਪਾਣੀ ਮਿਲਦਾ ਰਹੇ ਤਾਂ ਕਦੇ ਕੁਮਲਾ ਨਹੀਂ ਸਕਦੇ। ਗੁਰੂ ਇਤਿਹਾਸ ਤੋ ਸ਼ੁਰੂ ਹੋਏ ਸਰਬ ਕਲਾ ਸੰਪੂਰਨ ਕਰਨ ਦੀ ਵਿਵਸਥਾ ਅਤੇ ਚੜ੍ਹਦੀ ਕਲਾ ਦੇ ਸੰਕਲਪ ਕਿਸੇ ਵਰਗ ਲਈ ਉਸ ਦਾ ਭਵਿੱਖ ਤਹਿ ਕਰਨ ਵਿੱਚ ਵੱਡੇ ਮੀਲ ਪੱਥਰ ਸਾਬਤ ਹੁੰਦੇ ਰਹੇ ਹਨ। ਸੱਭ ਕੌਮਾਂ ਦੇ ਅਜ਼ਾਦ ਹੋਣ ਦੇ ਰਹੱਸ ਉਸ ਦੇ ਇਤਿਹਾਸ ਦੇ ਵਹਿਣ ਉਪਰ ਨਿਰਭਰ ਰਹਿੰਦੇ ਹਨ। ਉਸ ਦੀ ਵੇਗ ਵਿਵਸਥਾ ਦੇ ਰਾਹਾਂ ਦੇ ਮਾਪ ਦੰਡਾਂ ਦੀ ਸੀਮਾਂ ਤਹਿ ਹੋਣੀ ਸ਼ੁਰੂ ਹੋ ਜਾਂਦੀ ਹੈ। ਕੌਮ ਦੇ ਚੱਲ ਰਹੇ ਅਜ਼ਾਦੀ ਦੇ ਸੰਘਰਸ਼ੀ ਪੈਂਡੇ ਨੂੰ ਰੁਕੇ ਹੋਏ ਮਹਿਸੂਸ ਕਰਨਾ ਇਸ ਦੀ ਵਕਤੀ ਥਕਾਵਟ ਮੰਨਿਆ ਜਾ ਸਕਦਾ ਹੈ !... ਪਰ ਸਮੁੰਦਰ ਦੀ ਛੱਲ ਦੇ ਉਪਰੀ ਉਭਾਰ ਨੂੰ ਵੇਖਣ ਪਿੱਛੇ ਉਸ ਤੋਂ ਵੀ ਨੀਵੇਂ ਹੋ ਕੇ ਵੱਡੇ ਵੇਗ ਨਾਲ ਛੱਲ ਬਨਣ ਤੱਕ ਦੇ ਨਾਂ ਨੂੰ ਸੰਘਰਸ਼ ਕਹਿੰਦੇ ਹੈ। ਜੋ ਬਾਰ ਬਾਰ ਆਪਣੀ ਦਿਖ ਨੂੰ ਬਣਾਉਂਦੀ ਢਾਉਂਦੀ ਹੈ ਪਰ ਆਪਣੇ ਕਾਰਜ ਲਈ ਹਮੇਸ਼ਾ ਗਤੀਸ਼ੀਲ ਹੈ।

ਭਾਈ ਪਰਮਜੀਤ ਸਿੰਘ ਪੰਜਵੜ ਦੀ ਸ਼ਹਾਦਤ ਦੇ ਮਾਇਨੇ ਵੱਡੇ ਹਨ। ਇਹ ਉਸ ਨਿਰਟਿਵ ਨੂੰ ਤੋੜਨ ਵਿੱਚ ਆਪਣੇ ਆਪ ਵਿੱਚ ਬਹੁਤ ਵੱਡੀ ਘਟਨਾ ਹੈ ਜੋ ਲੋਕ ਇਸ ਅਹਿਸਾਸ ਵਿੱਚ ਵਿਚਰ ਰਹੇ ਹਨ ਕਿ ਭਾਰਤ ਦੀ ਸੀਮਾਂ ਤੋਂ ਬਾਹਰ ਬੈਠੇ ਕੁਝ ਲੋਕ ਜਾਂ ਤਾਂ ਨਿਰਾਸ਼ਾ ਦੇ ਆਲਮ ਵਿੱਚ ਹਨ ਜਾਂ ਖਤਮ ਹੋਏ ਸੰਘਰਸ਼ ਦੀ ਪ੍ਰਤੱਖ ਮਿਸਾਲ ਹਨ। ਪਰ ਇੱਥੇ ਇਹ ਕਤਲ ਇਸ ਗੱਲ ਦਾ ਪ੍ਰਮਾਣ ਬਣ ਗਿਆ ਹੈ ਕਿ ਫਿਰ ਕਤਲ ਕਰਵਾਉਣ ਪਿੱਛੇ ਕੀ ਕਾਰਨ ਬਣੇ ਹੋਣਗੇ। ਇਸ ਦੇ ਦੋ ਪਹਿਲੂ ਹਨ ' ਫਾਇਦਾ ਜਾਂ ਨੁਕਸਾਨ '। ਫਾਇਦਾ ਦੀ ਪੈੜ ਕਿਸ ਦੇ ਦਰਵਾਜੇ ਤੱਕ ਜਾਂਦੀ ਹੈ ?



ਅਤੇ ਨੁਕਸਾਨ ਦੇ ਅਸਰਾਂ ਤੋਂ ਕੌਣ ਪ੍ਰਭਾਵਿਤ ਹੋ ਸਕਦਾ ਹੈ ? ਜੋ ਲੋਕ ਸ਼ਾਂਤਮਈ ਜੀਵਨ ਬਸਰ ਕਰ ਰਹੇ ਹੋਣ ਅਤੇ ਸ਼ਰਨਾਰਥੀ ਦੇਸ਼ ਦੀ ਕਾਨੂੰਨ ਵਿਵਸਥਾ ਦੇ ਅਨੁਕੂਲ ਹੋਵੇ ਤਾਂ ਕਤਲ ਕਰਨ ਵਰਗੀਆਂ ਘਟਨਾਵਾਂ ਕਿਸੇ ਡਰ, ਭੈਅ ਮੂਰਤ ਨਹੀਂ ਹੋ ਸਕਦੀਆਂ। ਭਾਈ ਪੰਜਵੜ ਵਰਗੇ ਲੋਕ ਕਿਸੇ ਰੂਪ ਵਿੱਚ ਵੀ ਨਾਇਕ ਦੀ ਭੂਮਿਕਾ ਨੂੰ ਨਿਭਾਉਂਦੇ ਨਜ਼ਰ ਆਉਂਦੇ ਹਨ। ਇਕ ਕਾਰਨ ਪਾਕਿਸਤਾਨ ਦੀ ਧਰਤੀ ਵਿੱਚ ਕਤਲ ਉਸ ਦੀ ਅੰਦਰੂਨੀ ਸੁਰਖਿਆ ਦੇ ਢਹਿ ਢੇਰੀ ਹੋਣ ਦੀ ਸੂਰਤ ਵੀ ਹੈ। ਪਿਛਲੇ ਸਮੇਂ ਤੋਂ ਆਰਥਿਕ ਅਤੇ ਰਾਜਨੀਤਕ ਅਸਥਿਰਤਾ ਬਣੀ ਹੋਈ ਹੈ। ਦੂਜਾ ਕਾਰਨ ਸਟੇਟ ਦੇ ਆਪਣੇ ਡਰ ਵਿੱਚ ਉਸਾਰੀ ਵਿਵਸਥਾ ਉਸ ਹਰ ਡਰ ਨੂੰ ਗੈਰ ਸਿਧਾਂਤਕ ਤਰੀਕਿਆਂ ਨਾਲ ਖਤਮ ਕਰਨ ਕਰ ਰਹੀ ਹੈ ਜੋ ਆਉਣ ਵਾਲੇ ਸਮੇਂ ਲਈ ਸਿਰਦਰਦੀ ਨਾ ਬਣ ਸਕੇ। ਇਸ ਨਾਲ ਉੱਠਦੀ ਹਰ ਆਵਾਜ਼ ਨੂੰ ਖਤਮ ਕਰਨ ਲਈ ਖ਼ੌਫ ਪੈਦਾ ਕਰਨਾ ਹੈ ਜੋ ਆਪਣੀ ਅਜ਼ਾਦੀ ਦੀ ਗੱਲ ਕਰਦਾ ਹੈ। ਭਾਰਤ ਤੋਂ ਬਾਹਰ ਵੱਸਦਾ ਸਿੱਖਾਂ ਦਾ ਇਕ ਵੱਡਾ ਹਿਸਾ ਇਸ ਗੱਲ ਸਹੀ ਸਿੱਧ ਸਾਬਤ ਕਰਨ ਵਿੱਚ ਕਾਮਯਾਬ ਹੋਇਆ ਹੈ ਕਿ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਉਪਰ ਹਿੰਦੂ ਤਵੀ ਦਬਾਅ ਬਹੁਤ ਵਧਿਆ ਹੈ। ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਸਿੱਖਾਂ ਨੂੰ ਉਸ ਰਾਸ਼ਟਰਵਾਦ ਵਿੱਚ ਉਸ ਸਨਮਾਨਿਤ ਪ੍ਰਤੀ ਬਿੰਬ 'ਤੇ ਤੌਰ 'ਤੇ ਪੇਸ਼ ਕਰਨ ਦੇ ਅਖੌਤੀ ਯਤਨ ਹੋ ਰਹੇ ਹਨ ਜੋ ਬਹੁਤ ਕੱਚੇ ਅਤੇ ਤੱਥ ਰਹਿਤ ਹਨ। ਜਿਨ੍ਹਾਂ ਦੀ ਪੁਸ਼ਟੀ ਹਿੰਦੂ ਵਰਗ ਦਾ ਵੱਡਾ ਹਿਸਾ ਵੀ ਸਵੀਕਾਰ ਕਰਦਾ ਹੈ ਕਿ ਕਿਸੇ ਰਾਸ਼ਟਰ ਦੀ ਬੁਨਿਆਦ ਉਸ ਦੇ ਵਖਰੇਵਿਆਂ ਵਿੱਚ ਨਾ ਹੋ ਕੇ ਸਗੋਂ ਏਕਤਾ ਨਾਲ ਬਰਾਬਰ ਤਾਂ ਅਤੇ ਸਨਮਾਨਿਤ ਜੀਵਨ ਵਿੱਚ ਰੂਪਮਾਨ ਹੁੰਦੀ ਹੈ। ਰਾਸ਼ਟਰਵਾਦ ਉਸ ਦੇ ਧਰਮਾਂ, ਨਸਲਾਂ, ਬੋਲੀਆਂ, ਖਿੱਤਿਆਂ ਵਿੱਚ ਨਿਆਂ ਪੂਰਕ ਵਿਵਸਥਾ ਦਾ ਨਾਂ ਹੈ ਨਾ ਕਿ ਬਹੁ ਗਿਣਤੀ ਵਿੱਚ ਰਾਜਨੀਤਕ ਦਬਾਅ ਹੇਠ ਉਸਰਿਆ ਜਾ ਰਿਹਾ ਜਬਰੀ ਦੇਸ਼ ਭਗਤੀ ਦਾ ਨਕਲੀ ਇਕਰਾਰਨਾਮਾ ਹੈ। ਪਾਕਿਸਤਾਨ ਵਿੱਚ ਸਿੱਖਾਂ ਦੇ ਲਗਾਤਾਰ ਕਤਲਾਂ ਲਈ ਭਾਰਤੀ ਖੁਫੀਆਂ ਤੰਤਰ ਨੂੰ ਬਾਹਰ ਰੱਖ ਕੇ ਨਹੀਂ ਵੇਖਿਆ ਜਾ ਸਕਦਾ। ਭਾਵੇਂ ਕਿ ਪਾਕਿਸਤਾਨ ਦੇ ਅੰਦਰੂਨੀ ਹਾਲਤਾਂ ਉਸ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ ਕਿ ਇਹ ਵੀ ਅਫ਼ਗ਼ਾਨਿਸਤਾਨ ਵਾਂਗ ਸੰਸਾਰ ਦੀ ਆਰਥਿਕ ਵਿਵਸਥਾਵਾਂ ਤੋਂ ਬਾਹਰ ਹੋਣ ਵੱਲ ਵੱਧ ਰਿਹਾ ਹੈ। ਘਰੇਲੂ ਰਾਜਨੀਤੀ ਦੀ ਖਾਨਾ ਜੰਗੀ ਤਹਿਤ ਰਾਜਨੀਤਕ ਮਹਿਮਾਨਾਂ ਨੂੰ ਸੁਰੱਖਿਆ ਦੇਣ ਵਿੱਚ ਅਸਮਰੱਥ ਹੋ ਗਿਆ ਹੈ। ਇਸ ਲਈ ਪਾਕਿਸਤਾਨ ਵਿੱਚ ਵਸਦੀ ਸਿੱਖ ਵੱਸੋਂ ਅਤੇ ਹੋਰ ਅਨੇਕਾਂ ਸਿੱਖ ਜੁਝਾਰੂਆਂ ਦੀ ਸੁਰਖਿਆ ਦੇ ਪ੍ਰਬੰਧਾਂ ਲਈ ਆਵਾਜ਼ ਦਾ ਉੱਠਣਾ ਬਹੁਤ ਜ਼ਰੂਰੀ ਹੈ। ਪਾਕਿਸਤਾਨ ਸਿੱਖਾਂ ਦੀ ਮੁਕੱਦਸ ਧਰਤੀ ਹੈ। ਸਿੱਖੀ ਦੇ ਹੋਂਦ ਦੀਆਂ ਨਿਸ਼ਾਨੀਆਂ ਦੀ ਦਰਗਾਹ ਹੈ। ਸਿੱਖ ਧਰਮ ਦੇ ਗੁਰੂਦੁਆਰਿਆਂ ਅਤੇ ਇਤਿਹਾਸ ਦੇ ਕਿਲਿਆਂ ਦੀ ਨਿਸ਼ਾਨ ਦੇਹੀ ਹੈ। ਸਿੱਖਾਂ ਦੇ ਯਾਤਰਾ ਲਈ ਪਵਿੱਤਰ ਚਰਨ ਛੋਹ ਧਰਤੀ ਦੀ ਪਰਕਰਮਾ ਹੈ। ਸੋ ਸੰਸਾਰ ਵਿੱਚ ਅਮਨ, ਇਮਾਨ, ਗੈਰਤ, ਇਨਸਾਫ ਦੀ ਕਾਮਨਾ ਕਰਨੀ ਜਰੂਰੀ ਹੈ। ਹਿਟਲਰੀ ਰਾਜ ਕਰਨ ਦੀ ਬਿਰਤੀ ਨੂੰ ਖ਼ੁਦਕਸ਼ੀ ਕਰਨ ਲਈ ਮਜਬੂਰ ਕਰਨਾ ਬਣਦਾ ਹੈ। ਸਰਬੱਤ ਦੇ ਭਲੇ ਲਈ ਅਰਦਾਸ ਹੈ।



# ਮੁਗ਼ਲ ਰਾਜ ਦੇ ਖ਼ਾਤਮੇ ਦੀ ਸ਼ੁਰੂਆਤ ਸਰਹਿੰਦ ਫ਼ਤਹਿ ਤੇ ਬਾਬਾ ਬੰਦਾ ਸਿੰਘ ਬਹਾਦਰ

ਡਾ. ਰਜਿੰਦਰ ਸਿੰਘ



ਗੁਰੂ ਗੋਬਿੰਦ ਸਿੰਘ ਜੀ ਤੋਂ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਇਨਸਾਫ਼ ਦੀ ਤੇਗ ਨਾਲ 12 ਮਈ 1710 ਨੂੰ ਲਿਖੀ ਸਰਹਿੰਦ ਫ਼ਤਹਿ ਦੀ ਗਾਥਾ ਇਤਿਹਾਸ ਦੀ ਵੱਡੀ ਘਟਨਾ ਹੈ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਦਾ ਕਾਰਨਾਮਾ ਸਿੱਖ ਮਾਨਸਿਕਤਾ ਅੰਦਰ ਗੌਰਵ ਬਣ ਕੇ ਛਾਇਆ ਹੋਇਆ ਹੈ। ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰਾਂ ਵਿੱਚ ਚਿਣਵਾ ਕੇ ਸ਼ਹੀਦ ਕਰਨ ਵਾਲੀ ਸਰਹਿੰਦ ਜ਼ੁਲਮ ਦਾ ਕਿਲ੍ਹਾ ਸੀ। ਇਹ ਸਾਹਿਬਜ਼ਾਦਿਆਂ ਦੀ ਮਾਸੂਮੀਅਤ ਅਤੇ ਮਾਤਾ ਗੁਜਰੀ ਜੀ ’ਤੇ ਹੋਏ ਕਹਿਰ ਦੀ ਨਿਸ਼ਾਨੀ ਸੀ। ਦੁਖੀ ਸਿੱਖ ਹਿਰਦਿਆਂ ਅਤੇ ਇਨਸਾਫ਼ ਪਸੰਦ ਲੋਕਾਂ ਦਾ ਰੋਹ ਜ਼ੁਲਮ ਦੀਆਂ ਨਿਸ਼ਾਨੀਆਂ ਨੂੰ ਮਿੱਟੀ ਵਿੱਚ ਮਿਲਾ ਦੇਣ ਲਈ ਤੜਫ਼ ਰਿਹਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਉੱਤੇ ਮੁਗਲ ਹਕੂਮਤ ਨੇ ਸਾਜਿਸ਼ ਅਧੀਨ ਝੂਠੇ ਦੂਸ਼ਣ ਲਗਾਏ ਸਨ। ਬਾਬਾ ਬੰਦਾ ਸਿੰਘ ਬਹਾਦਰ ਜ਼ਾਲਮ ਨਹੀਂ ਜ਼ਾਲਮਾਂ ਦਾ ਵਿਰੋਧੀ ਸੀ। ਉਸ ਅੰਦਰ ਮੁਸਲਮਾਨਾਂ ਪ੍ਰਤੀ ਨਫ਼ਰਤ ਨਹੀਂ, ਧੱਕੇਸ਼ਾਹੀ ਦੇ ਟਿੱਬਿਆਂ ਨੂੰ ਸਮਤਲ ਕਰ ਦੇਣ ਦਾ ਵਿਗਾਸ ਸੀ। ਹਕੂਮਤ ਵਲੋਂ ਸਾਹਿਬਜ਼ਾਦਿਆਂ, ਮਾਤਾ ਜੀ ਅਤੇ ਸਿੱਖਾਂ ’ਤੇ ਢਾਹੇ ਦਿਲ ਕੰਬਾਊ ਜ਼ੁਲਮਾਂ ਦੇ ਬਾਵਜੂਦ ਬਾਬਾ ਬੰਦਾ ਸਿੰਘ ਬਹਾਦਰ ਦਾ ਰੋਹ ਆਪੇ ਤੋਂ ਬਾਹਰ ਨਹੀਂ ਸੀ ਹੋਇਆ। ਗੁਰੂ ਸਾਹਿਬ ਨੇ ਉਸ ਨੂੰ ਬਦਲੇ ਦਾ ਨਹੀਂ ਇਨਸਾਫ਼ ਦੀ ਸਥਾਪਨਾ ਦਾ ਮਿਸ਼ਨ ਦੇ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਅੰਮ੍ਰਿਤ ਛਕਾ ਕੇ ਪੰਜਾਬ ਨੂੰ ਤੋਰਿਆ ਸੀ। ਗ਼ੁੱਸੇ ਵਿੱਚ ਭੜਾਸ ਕੱਢਣ ਦੀ ਥਾਂ ਜ਼ਾਲਮਾਂ ਨੂੰ ਦੰਡ ਦੇ ਕੇ ਉਹ ਅੱਤਿਆਚਾਰ ਕਰਨ ਤੋਂ ਤੋਬਾ ਕਰਵਾਉਣੀ ਚਾਹੁੰਦਾ ਸੀ। ਬਾਬਾ ਜੀ ਨੇ ਅੱਤਿਆਚਾਰੀਆਂ ਨੂੰ ਭਾਜੜਾਂ ਪਾ ਕੇ ਜਨਤਾ ਨੂੰ ਖੌਫ਼ ਤੋਂ ਮੁਕਤੀ ਦਿਵਾਈ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਹਕੂਮਤ ਨੂੰ ਪਲਟ ਕੇ ਸੁਚੱਜਾ ਲੋਕ-ਕਲਿਆਣਕਾਰੀ ਰਾਜ ਸਥਾਪਿਤ ਕੀਤਾ।

ਬਾਬਾ ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ, ਮਜ਼ਲੂਮਾਂ ਦਾ ਰਾਖਾ ਅਤੇ ਜ਼ਾਬਰਾਂ ਲਈ ਤਬਾਹੀ ਦਾ ਤੂਫ਼ਾਨ ਸੀ। ਉਹ ਮਹਾਨ ਜਰਨੈਲ ਅਤੇ ਕਮਾਲ ਦਾ ਪ੍ਰਬੰਧਕ ਸੀ। ਸਰਹਿੰਦ ਦੇ ਯੁੱਧ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਕੋਲ ਸੂਬਾ ਸਰਹਿੰਦ ਦੇ ਮੁਕਾਬਲੇ ਬਹੁਤ ਥੋੜ੍ਹੇ ਸਾਧਨ ਸਨ। ਸੂਬੇ ਦੀਆਂ ਤੋਪਾਂ ਦੇ ਮੁਕਾਬਲੇ ਸਿੱਖਾਂ ਕੋਲ ਤੇਗਾਂ ਸਨ। ਸੂਬੇ ਦੇ ਭਿਅੰਕਰ ਹਾਥੀਆਂ ਨਾਲ ਜੂਝਣ ਲਈ ਸਿੱਖਾਂ ਕੋਲ ਨੇਜ਼ੇ ਸਨ। ਸਿੱਖਾਂ ਲਈ ਸਰਹਿੰਦ ਫ਼ਤਹਿ ਕਰਨਾ ਜ਼ਿੰਦਗੀ ਅਤੇ ਮੌਤ ਦਾ ਸੁਆਲ ਸੀ। ਇਹ ਕਬਜ਼ੇ ਦੀ ਲੜਾਈ ਨਹੀਂ ਧਰਮ ਯੁੱਧ ਦਾ ਸਿਦਕ ਸੀ। ਵੈਰੀ ਦੇ ਡਰ ਦੀ ਥਾਂ ‘ਨਿਸਚੈ ਕਰ ਅਪਨੀ ਜੀਤ ਕਰੋਂ’ ਦਾ ਜੈਗਾਨ ਸੀ। ਸਿੱਖਾਂ ਨੇ ਹਥਿਆਰ ਖਰੀਦਣ ਲਈ ਆਪਣੇ ਪਸ਼ੂ ਅਤੇ ਪਤਨੀਆਂ ਦੇ ਗਹਿਣੇ ਤੱਕ ਵੇਚ ਦਿੱਤੇ ਸਨ। ਸੂਬਾ ਸਰਹਿੰਦ ਦੀਆਂ ਗਰਜਦੀਆਂ ਤੋਪਾਂ, ਚਿੰਘਿਆੜਦੇ ਹਾਥੀਆਂ ਅਤੇ ਘਾਤਕ ਸਾਜਿਸ਼ਾਂ ਅੱਗੇ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜੰਗੀ ਚਾਲਾਂ ਅਨੁਸਾਰ ਸੀਨੇ ਤਾਣ ਕੇ ਸੂਰਮਤਾਈ ਦੀ ਕਹਾਣੀ ਲਿਖਣ ਲੱਗੇ। ਸਿੱਖਾਂ ਦੀਆਂ ਤੇਗਾਂ ਨੇ ਤੋਪਾਂ ਦੇ ਮੂੰਹ ਮੋੜ ਦਿੱਤੇ ਸੂਬੇ ਦੀ ਹੰਕਾਰੀ ਸੈਨਾ ਸਿੱਖਾਂ ਦੇ ਸਿਦਕੀ-ਤੂਫ਼ਾਨ ਵਿੱਚ ਤੂੜੀ ਵਾਂਗ ਉੱਡ ਗਈ। ਗੋਲੀਆਂ ਦੀ ਆਵਾਜ਼ ਅਤੇ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ਼ ਵਿੱਚ ਸਿੱਖਾਂ ਨੇ ਸਰਹਿੰਦ ’ਤੇ ਕੇਸਰੀ ਨਿਸ਼ਾਨ ਝੁਲਾ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਨਾਲ ਸਿਦਕੀ-ਸਿੱਖਾਂ ਤੋਂ ਬਿਨਾਂ ਅਜਿਹੇ ਲੋਕ ਵੀ ਘੁਸਪੈਠ ਕਰ ਜਾਂਦੇ ਸਨ ਜਿਨ੍ਹਾਂ ਦਾ ਸਿੱਖੀ ਨਾਲ ਕੋਈ ਵਾਹ-ਵਾਸਤਾ ਨਹੀਂ ਸੀ। ਇਹ ਲੁੱਟਮਾਰ ਕਰਨ ਲਈ ਆਉਂਦੇ ਸਨ। ਯੁੱਧ ਦੇ ਰੌਲੇ-ਰੱਪੇ ਵਿਚ ਇਨ੍ਹਾਂ ’ਤੇ ਪੂਰਨ ਰੂਪ ਵਿੱਚ ਕਾਬੂ ਪਾਉਣਾ ਸੰਭਵ ਨਹੀਂ ਸੀ। ਇਨ੍ਹਾਂ ਲੁਟੇਰਿਆਂ ਨੇ ਬਾਬਾ ਜੀ ਦੀਆਂ ਕਈ ਮੁਹਿੰਮਾਂ ਵਿੱਚ ਮਾੜਾ ਪ੍ਰਭਾਵ ਪਾਇਆ ਜਦੋਂ ਕਿ ਸਿੱਖ ਜ਼ਾਬਤੇ ਵਿੱਚ ਰਹਿੰਦੇ ਸਨ। ਸਰਹਿੰਦ ਫ਼ਤਹਿ ਪਿਛੋਂ ਸਿੱਖਾਂ ਨੇ ਨਕਸ਼ਬੰਦੀਆਂ ਦੇ ਸ਼ੇਖ ਅਹਿਮਦ ਮੁਜੱਜਦ ਅਲਫ-ਸਾਨੀ ਦੇ ਮਜ਼ਾਰ ਨੂੰ ਬਿਲਕੁਲ ਨੁਕਸਾਨ ਨਹੀਂ ਪਹੁੰਚਾਇਆ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਬਚਾਉਣ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਕਰਕੇ ਮਲੇਰਕੋਟਲੇ ਨੂੰ ਸਿੱਖਾਂ ਨੇ ਕੋਈ ਨੁਕਸਾਨ ਨਹੀਂ ਪਹੁੰਚਾਇਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਮੁਖਲਿਸਗੜ੍ਹ ਜੋ ਸਰਹਿੰਦ ਦੇ ਮੁਕਾਬਲੇ ਪਹਾੜੀ ਇਲਾਕੇ ਵਿੱਚ ਹੋਣ ਕਰਕੇ ਵੱਧ ਸੁਰੱਖਿਅਤ ਸੀ, ਨੂੰ ਲੋਹਗੜ੍ਹ ਦਾ ਨਾਂਅ ਦੇ ਕੇ ਆਪਣੀ ਰਾਜਧਾਨੀ ਬਣਾਇਆ। ਸਰਹਿੰਦ ਦੀ ਜ਼ਿੰਮੇਵਾਰੀ ਬਾਬਾ ਬਾਜ ਸਿੰਘ ਦੇ ਸਪੁਰਦ ਕੀਤੀ ਗਈ। ਬਾਬਾ ਅਲੀ ਸਿੰਘ ਨੂੰ ਉਨ੍ਹਾਂ ਦੇ ਨਾਇਬ ਨਿਯੁਕਤ ਕੀਤਾ ਗਿਆ। ਬਾਬਾ ਫ਼ਤਹਿ ਸਿੰਘ ਨੂੰ ਸਮਾਣਾ ਅਤੇ ਭਾਈ ਰਾਮ ਸਿੰਘ ਨੂੰ ਥਾਨੇਸਰ ਦੀ ਸੇਵਾ ਸੌਂਪੀ ਗਈ ਬਾਬਾ ਵਿਨੋਦ ਸਿੰਘ ਨੂੰ ਉਨ੍ਹਾਂ ਦੇ ਸਹਾਇਕ ਲਾਇਆ ਗਿਆ। ਇਸ ਨਵੇਂ ਰਾਜ ਪ੍ਰਬੰਧ ਦਾ ਇੰਨਾ ਚੰਗਾ ਪ੍ਰਭਾਵ ਪਿਆ ਕਿ ਮੁਸਲਮਾਨ ਵੀ ਸਿੱਖ ਸਜਣ ਲੱਗ ਪਏ।ਹਕੂਮਤ ਬਾਬਾ ਜੀ ਨੂੰ ਖ਼ਤਮ ਕਰਨ ਲਈ ਹੱਥ ਧੋ ਕੇ ਪਿੱਛੇ ਪਈ ਹੋਈ ਸੀ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸੁਧਾਰਾਂ ਲਈ ਬਹੁਤਾ ਸਮਾਂ ਨਹੀਂ ਮਿਲਿਆ। ਇਸ ਦੇ ਬਾਵਜੂਦ ਉਸ ਨੇ ਜਨਤਾ ਦੇ ਕਲਿਆਣ ਦਾ ਪੂਰਾ ਮਨ ਬਣਾਇਆ ਹੋਇਆ ਸੀ। ਜ਼ਿੰਮੀਦਾਰਾ ਪ੍ਰਬੰਧ ਨੂੰ ਪਲਟ ਦੇਣਾ ਉਸ ਦਾ ਵੱਡਾ ਕਾਰਜ ਸੀ। ਇਹ ਜ਼ਿੰਮੀਦਾਰ ਬਾਦਸ਼ਾਹ ਵਾਂਗ ਫਜ਼ੂਲ ਖ਼ਰਚ ਕਰਨ ਅਤੇ ਐਸ਼ ਭਰੇ ਜੀਵਨ ਲਈ ਜਾਣੇ ਜਾਂਦੇ ਸਨ। ਖੇਤਾਂ ਵਿੱਚ ਸਖ਼ਤ ਮਿਹਨਤ ਕਰਨ ਵਾਲੇ ਕਿਸਾਨਾਂ ਨਾਲ ਇਨ੍ਹਾਂ ਦਾ ਸਲੂਕ ਬਹੁਤ ਭੈੜਾ ਹੁੰਦਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਇਨ੍ਹਾਂ ਮਿਹਨਤੀ ਕਿਸਾਨਾਂ ਨੂੰ ਜ਼ਮੀਨ ਦੇ ਅਸਲੀ ਮਾਲਕ ਬਣਾ ਕੇ ਜ਼ਿੰਮੀਦਾਰਾਂ ਤੋਂ ਕਿਸਾਨਾਂ ਦੀ ਮੁਕਤੀ ਕਰਵਾ ਦਿੱਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਾਤੀ ਭੇਦਭਾਵ ਦਾ ਸ਼ਿਕਾਰ ਬਣੇ ਛੋਟੀਆਂ ਜਾਤਾਂ ਦੇ ਸਿੱਖਾਂ ਨੂੰ ਸੈਨਾ ’ਚ ਉੱਚੇ ਅਹੁਦੇ ਦੇ ਕੇ ਉਨ੍ਹਾਂ ਦਾ ਮਾਣ ਵਧਾਇਆ।

ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਨਾਂਅ ਦੀ ਥਾਂ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ ’ਤੇ ਸਿੱਕੇ ਜਾਰੀ ਕੀਤੇ। ਸਰਹਿੰਦ ਦੀ ਜਿੱਤ ਤੋਂ ਉਸ ਨੂੰ 50 ਲੱਖ ਰੁਪਏ ਦਾ ਸਾਲਾਨਾ ਮਾਲੀਆ ਪ੍ਰਾਪਤ ਹੋਣ ਲੱਗ ਪਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਯਮੁਨਾ ਗੰਗਾ ਦੁਆਬ ਵਿਚ ਸਹਾਰਨਪੁਰ ਤੇ ਜਲਾਲਾਬਾਦ, ਜਲੰਧਰ ਦੁਆਬ, ਅੰਮ੍ਰਿਤਸਰ, ਬਟਾਲਾ, ਕਲਾਨੌਰ, ਪਠਾਨਕੋਟ ਸਮੇਤ ਅਨੇਕ ਇਲਾਕਿਆਂ ’ਤੇ ਖ਼ਾਲਸੇ ਦੇ ਨਿਸ਼ਾਨ ਝੁਲਾ ਦਿੱਤੇ।

ਦਿੱਲੀ ਵਿੱਚ 9 ਜੂਨ 1716 ਈ. ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਦਿਲ ਕੰਬਾਊ ਸ਼ਹਾਦਤ ਦੇ ਬਾਵਜੂਦ ਸਰਹਿੰਦ ਦੀ ਫ਼ਤਹਿ ਸਿੱਖਾਂ ਲਈ ਵੱਡੀ ਪ੍ਰੇਰਨਾਸ੍ਰੋਤ ਬਣੀ। ਅਠ੍ਹਾਰਵੀਂ ਸਦੀ ਵਿਚ ਜਦੋਂ ਹਕੂਮਤ ਦਾ ਪੱਤਾ-ਪੱਤਾ ਸਿੰਘਾਂ ਦਾ ਵੈਰੀ ਹੋ ਗਿਆ ਤਾਂ ਅਕਾਲ ਪੁਰਖ ਦੇ ਅੰਗ-ਸੰਗ ਹੋਣ ਦਾ ਭਰੋਸਾ, ਸਰਹਿੰਦ ਫ਼ਤਹਿ ਦੀ ਯਾਦ, ਗੁਰੂ ਸਾਹਿਬਾਨ ਦਾ ਲਾਸਾਨੀ ਇਤਿਹਾਸ ਸਿੱਖਾਂ ਦੇ ਮਨੋਬਲ ਨਾਲ ਅਭੇਦ ਹੋ ਗਿਆ। ਖ਼ਾਲਸੇ ਨੇ ਜ਼ੁਲਮੀ ਰਾਜ ਦਾ ਅੰਤ ਕਰਕੇ ਮਾਨਵ-ਕਲਿਆਣਕਾਰੀ ਰਾਜ ਸਥਾਪਿਤ ਕਰਕੇ ਇਤਿਹਾਸ ਦਾ ਨਵਾਂ ਮਾਣਮੱਤਾ ਅਧਿਆਏ ਲਿਖਿਆ।

# ਮੀਰੀ ਪੀਰੀ ਦੇ ਸੰਕਲਪ ਨੂੰ ਸਮਝਦਿਆਂ ਸਿੱਖ ਧਰਮ ਦਾ ਸਿਆਸੀਕਰਨ ਰੋਕਣ ਦੀ ਲੋੜ



ਬਲਕਾਰ ਸਿੰਘ (ਪ੍ਰੋ.)

ਇਤਿਹਾਸ ਵਿੱਚ ਮੀਰੀ ਪੀਰੀ ਦੇ ਵੇਰਵੇ ਤਾਂ ਮਿਲਦੇ ਹਨ, ਪਰ ਇਸ ਦੀ ਸਿਧਾਂਤਕ-ਸਥਾਪਨਾ ਹੋਈ ਨਹੀਂ ਮਿਲਦੀ। ਸਿੱਖ ਧਰਮ ਨੂੰ ਸੰਪੂਰਨ ਜੀਵਨ ਦਾ ਧਰਮ ਸਥਾਪਤ ਕਰਨ ਵਾਸਤੇ ਮੀਰੀ ਪੀਰੀ ਦੀ ਵਰਤੋਂ ਪਰੰਪਰਿਕ ਸੁਰ ਵਿੱਚ ਹੁੰਦੀ ਰਹੀ ਹੈ। ਗੁਰਬਾਣੀ ਵਿੱਚ ‘ਗੁਰ ਪੀਰ’ ਦੇ ਹਵਾਲੇ ਤਾਂ ਮਿਲਦੇ ਹਨ, ਪਰ ਗੁਰ ਮੀਰ ਜਾਂ ਸਿੱਖ-ਮੀਰ ਦੇ ਹਵਾਲੇ ਨਹੀਂ ਮਿਲਦੇ। ਇਸੇ ਕਰਕੇ ਭਾਈ ਕਾਨ੍ਹ ਸਿੰਘ ਨਾਭਾ ਨੇ ਮੀਰੀ ਪੀਰੀ ਦੀ ਸੰਕਲਪੀ ਸਥਾਪਤੀ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਪੀਰ, ਧਰਮ ਦੇ ਅਰਥਾਂ ਵਿੱਚ ਉਸ ਤਰ੍ਹਾਂ ਨਹੀਂ ਵਰਤਿਆ ਗਿਆ ਜਿਵੇਂ ਮੀਰ, ਸਿਆਸਤ (ਬਾਦਸ਼ਾਹਤ) ਦੇ ਅਰਥਾਂ ਵਿੱਚ ਵਰਤਿਆ ਗਿਆ ਪ੍ਰਾਪਤ ਹੈ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ‘ਸੱਚਾ ਪਾਤਸ਼ਾਹ’ ਹੋਣ ਦੀ ਸੁਰ ਵਿੱਚ ਮੀਰੀ ਪੀਰੀ ਦੇ ਮਾਲਕ ਸਨ ਅਤੇ ਇਸ ਨੂੰ ਉਸੇ ਤਰ੍ਹਾਂ ਸਮਝਿਆ ਜਾਣਾ ਚਾਹੀਦਾ ਹੈ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੂੰ ‘ਕਲਗੀਆਂ ਵਾਲਾ’, ‘ਬਾਜਾਂ ਵਾਲਾ’ ਅਤੇ ‘ਨੀਲੇ ਘੋੜੇ ਵਾਲਾ’ ਸਮਝਦੇ ਹਾਂ। ਮੀਰੀ ਤਾਂ ਸੰਗਯਾ ਹੈ ਅਤੇ ਅਮੀਰੀ ਜਾਂ ਸਰਦਾਰੀ ਦੇ ਅਰਥਾਂ ਵਿੱਚ ਵਰਤੀ ਜਾਂਦੀ ਹੈ। ਜਿਵੇਂ ਪੀਰੀ ਦਾ ਅਰਥ ਧਰਮ ਨਹੀਂ ਹੈ, ਇਸੇ ਤਰ੍ਹਾਂ ਮੀਰੀ ਦਾ ਅਰਥ ਵੀ ਸਿਆਸਤ ਨਹੀਂ ਹੈ। ਭਾਈ ਨੱਥਾ ਅਤੇ ਭਾਈ ਅਬਦੁੱਲਾ ਨੇ ‘ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ....’ ਢਾਡੀ ਸੁਰ ਵਿੱਚ ਬਿਰਤਾਂਤ ਦਾ ਹਿੱਸਾ ਤਾਂ ਹੈ, ਪਰ ਸਿਧਾਂਤ ਨਹੀਂ ਹੈ। ਭਾਈ ਗੁਰਦਾਸ ਨੇ ਵੀ ਮੀਰੀ ਪੀਰੀ ਦੀ ਉਸ ਤਰ੍ਹਾਂ ਪੁਸ਼ਟੀ ਨਹੀਂ ਕੀਤੀ ਜਿਸ ਤਰ੍ਹਾਂ ਇਸ ਵੇਲੇ ਸਿਆਸਤ ਅਤੇ ਧਰਮ ਨੂੰ ਲੈ ਕੇ ਕੀਤੀ ਜਾ ਰਹੀ ਹੈ। ਉਨ੍ਹਾਂ ਨੇ “ਦਲ ਭੰਜਨ ਗੁਰੁ ਸੂਰਮਾ ਬਡ ਜੋਧਾ ਬਹੁ ਪਰਉਕਾਰੀ (੧:੪੮) ਰਾਹੀਂ ਦੱਸਿਆ ਹੋਇਆ ਹੈ ਕਿ ਜਿਸ ਤਰ੍ਹਾਂ ਪੀਰ ਵਿੱਚ ਮੀਰ ਹੋ ਸਕਦਾ ਹੈ, ਉਸ ਤਰ੍ਹਾਂ ਮੀਰ ਵਿੱਚ ਪੀਰ ਨਹੀਂ ਹੋ ਸਕਦਾ। ਮੀਰੀ ਪੀਰੀ ਦੇ ਹਵਾਲੇ ਨਾਲ ਗੱਲ ਕਰਦਿਆਂ ਇਹ ਧਿਆਨ ਵਿੱਚ ਰਹਿਣਾ ਚਾਹੀਦਾ ਹੈ ਕਿ ਸਿੱਖ ਧਰਮ ਨੇ ਧਰਮ ਦੀ ਅਗਵਾਈ ਵਿੱਚ ਸਿਆਸਤ ਦੇ ਸੰਘਰਸ਼ ਦਾ ਇਤਿਹਾਸ ਸਿਰਜਿਦਿਆਂ ਜਿਹੋ ਜਿਹਾ ਨਾਬਰੀ-ਸੱਭਿਆਚਾਰ ਸਿਰਜਿਆ ਹੋਇਆ ਹੈ, ਉਸੇ ਦੀਆਂ ਪਰਤਾਂ ਮੀਰੀ ਪੀਰੀ ਅਤੇ ਰਾਜ ਕਰੇਗਾ ਖ਼ਾਲਸਾ ਸਮਝੀਆਂ ਜਾਣੀਆਂ ਚਾਹੀਦੀਆਂ ਹਨ। ਸਿਆਸੀ-ਆਤੰਕ ਨਾਲ ਨਜਿੱਠਣ ਲਈ ਲੋਕ-ਉਭਾਰ ਅਤੇ ਲੋਕ-ਉਸਾਰ, ਸਿੱਖ ਧਰਮ ਦਾ ਹਿੱਸਾ ਰਹੇ ਹਨ। ਸਿੱਖਾਂ ਦੀਆਂ ਖਮੀਰੀ-ਵਿਸ਼ੇਸ਼ਤਾਈਆਂ ਸੁਭਾਅ ਅਤੇ ਪ੍ਰਗਟਾਵੇ ਵਿੱਚ ਜਿਸ ਤਰ੍ਹਾਂ ਧਾਰਮਿਕ ਰਹੀਆਂ ਹਨ, ਉਸ ਤਰ੍ਹਾਂ ਸਿਆਸੀ ਕਦੇ ਵੀ ਨਹੀਂ ਰਹੀਆਂ। ਧਰਮ ਵਿੱਚ ਸਿਆਸਤ ਦੇ ਦਖ਼ਲ ਨੂੰ ਅੰਤਰ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ ਦੇ ਹਵਾਲੇ ਨਾਲ ਵੇਖੀਏ ਤਾਂ ਧਰਮ ਅਤੇ ਸਿਆਸਤ ਦੀ ਇਕਸੁਰਤਾ ਦੀਆਂ ਸੰਭਾਵਨਾਵਾਂ ਸਥਾਪਤ ਕਰਨੀਆਂ ਔਖੀਆਂ ਹੋ ਜਾਣਗੀਆਂ। ਮੀਰੀ ਪੀਰੀ ਵਰਗੇ ਸਿੱਖ-ਬਿੰਬ, ਜੇ ਪਰੰਪਰਿਕ ਪ੍ਰਸੰਗ ਵਿੱਚ ਸਿਧਾਂਤ ਵਰਗੀ ਭੂਮਿਕਾ ਨਿਭਾਉਂਦੇ ਮਿਲ ਵੀ ਜਾਣ ਤਾਂ ਵੀ ਇਨ੍ਹਾਂ ਨੂੰ ਸਿਧਾਂਤ ਵਰਗੀ ਪ੍ਰਮਾਣਿਕਤਾ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਗੁਰੂ-ਸਿਰਜਤ ਸਿਧਾਂਤਾਂ ਦਾ ਅਮਲ ਜੇ ਪੰਥ-ਸਿਰਜਤ ਵਿਧੀਆਂ ਦੁਆਰਾ ਸਾਹਮਣੇ ਆਉਂਦਾ ਵੀ ਰਿਹਾ ਹੈ ਤਾਂ ਵੀ ਉਸ ਦੀ ਸਿਧਾਂਤ ਨੂੰ ਛਡੱਪ ਕੇ ਸਿਆਸਤ ਦੇ ਹੱਕ ਵਿੱਚ ਉਲਾਰ ਵਰਤੋਂ ਦੀ ਆਗਿਆ ਨਹੀਂ ਦੇਣੀ ਚਾਹੀਦੀ। ਸਿਆਸਤ ਦੇ ਦਖ਼ਲ ਨਾਲ ਸਿੱਖ-ਸੰਸਥਾਵਾਂ ਦੇ ਪ੍ਰਬੰਧਕਾਂ ਵਾਸਤੇ ਜੋ ਸਥਿਤੀ ਹੋ ਗਈ ਹੈ, ਉਸ ਨਾਲ ਇਹ ਸੱਚ ਸਾਹਮਣੇ ਆ ਗਿਆ ਹੈ ਕਿ ਕਿਸੇ ਵੀ ਕਿਸਮ ਦੀ ਸਿੱਖ-ਸਿਆਸਤ, ਸਿੱਖ-ਸੰਸਥਾਵਾਂ ਨੂੰ ਕਦੇ ਰਾਸ ਨਹੀਂ ਆਈ। ਇਸ ਹਾਲਤ ਵਿੱਚੋਂ “ਇਤਿਹਾਸਕ ਨਿਆਂ ਸ਼ਾਸਤਰ ਜਾਂ ਧਰਮ ਸ਼ਾਸਤਰ ਦੇ ਨਿਯਮਾਂ ਦੀਆਂ ਸ਼ਰਤਾਂ ਪੂਰੀਆਂ ਕਰਕੇ ਨਹੀਂ ਨਿਕਲਿਆ ਜਾ ਸਕਦਾ ਕਿਉਂਕਿ ਮਸਲਾ ਧਰਮ ਅਤੇ ਸਿਆਸਤ ਦੇ ਅਪਵਿੱਤਰ ਗੱਠਜੋੜ ਨਾਲ ਜੁੜਿਆ ਹੋਇਆ ਹੈ। ਇਸ ਗੱਠਜੋੜ ਵਿੱਚ ਸਿੱਖਾਂ ਦੀ ਉਹ ਕੋਮਲ ਮਾਨਸਿਕਤਾ ਸ਼ਾਮਿਲ ਨਹੀਂ ਹੈ, ਜਿਹੜੀ ਸਰਬੱਤ ਖ਼ਾਲਸਾ ਇਕੱਠ ਵਿੱਚ ਹੁੰਮ ਹੁੰਮਾ ਕੇ ਸ਼ਾਮਿਲ ਹੋਈ ਸੀ। ਉੱਥੇ ਵੀ ਸਟੇਜ ’ਤੇ ਬੈਠੇ ਸਿਆਸਤਦਾਨਾਂ ਅਤੇ ਪੰਡਾਲ ਵਿੱਚ ਬੈਠੇ ਸਿਆਸਤਦਾਨਾਂ ਵਿਚਕਾਰ ਕਸ਼ਮਕਸ਼ ਕਾਰਨ ਨਤੀਜੇ ਸਿੱਖ-ਸੁਰ ਵਿੱਚ ਨਹੀਂ ਨਿਕਲ ਸਕੇ ਸਨ। ਉਹੀ ਕਸ਼ਮਕਸ਼ ਪੰਜ ਪਿਆਰਿਆਂ ਨੂੰ ਲੈ ਕੇ ਆਪਣੀ ਆਪਣੀ ਸਿਆਸਤ ਕਰਨ ਦੇ ਰਾਹ ਪਈ ਹੋਈ ਹੈ। ਇਹ ਠੀਕ ਹੈ ਕਿ ਵਰਤਮਾਨ ਸਥਿਤੀ ਵਿੱਚ ਸਿਆਸੀ ਕਸ਼ਮਕਸ਼ ਨੇ ਅਕਾਲ ਤਖ਼ਤ ਸਾਹਿਬ ਵਾਂਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਹਾਸ਼ੀਏ ’ਤੇ ਧੱਕ ਦਿੱਤਾ ਹੈ। ਪੰਜ ਪਿਆਰਿਆਂ ਦਾ ‘ਫ਼ੈਸਲਾ ਅਤੇ ਪ੍ਰੋਗਰਾਮ’ ਵੀ ਇਸ ਸਥਿਤੀ ਵਿੱਚੋਂ ਨਿਕਲਣ ਦੀ ਥਾਂ ਇਸ ਸਥਿਤੀ ਦੀ ਸਿਆਸਤ ਕਰਨ ਵਾਸਤੇ ਹੀ ਸਹਾਇਤਾ ਕਰ ਰਿਹਾ ਹੈ। ਇਸ ਨੂੰ ‘ਜ਼ਰਖੇਜ਼ ਚੇਤਨਾ ਦਾ ਰੂਹਾਨੀ ਇਨਕਲਾਬ’ ਕਹਿਣ ਦੀ ਥਾਂ ਸਿਆਸੀ ਸੁਰ ਵਿੱਚ ਸਿੱਖ ਜਜ਼ਬਿਆਂ ਦਾ ਅਪਹਰਣ ਕਹਿਣਾ ਚਾਹੀਦਾ ਹੈ। ‘ਸੂਖ਼ਮ ਤਰੰਗਾਂ ਵਿੱਚ ਰੂਹਾਨੀ ਇਨਕਲਾਬ ਦੇ ਬੀਜ’ ਬਿਲਕੁਲ ਹੁੰਦੇ ਹਨ, ਪਰ ਇਨ੍ਹਾਂ ਦੇ ਪ੍ਰਗਟਾਵੇ ਨੂੰ ਕਿਸੇ ਕਿਸਮ ਦੀ ਸਿਆਸਤ ਸਦਾ ਹੀ ਰੋਕਦੀ ਰਹੀ ਹੈ। ਕਾਰਨ ਇਹ ਹੈ ਕਿ ਵਰਤਮਾਨ ਵਿੱਚ ਸਿਆਸੀ ਵਰਤਾਰਾ ਆਪਣੀ ਧਾਰਮਿਕ ਪ੍ਰਸੰਗਕਤਾ ਗੁਆ ਕੇ ਹਰ ਕਿਸਮ ਦੀ ਸ਼ੋਸ਼ਣੀ-ਵਿਧੀ ਨੂੰ ਸਿਆਸੀ ਵਿਧੀ ਵਜੋਂ ਵਰਤਦਾ ਆ ਰਿਹਾ ਹੈ। ਇਸ ਦਾ ਸਾਰਿਆਂ ਧਰਮਾਂ ਨੂੰ ਨੁਕਸਾਨ ਹੋ ਰਿਹਾ ਹੈ, ਪਰ ਸਿੱਖ ਧਰਮ ਇਸ ਦਾ ਨਵਾਂ ਨਵਾਂ ਸ਼ਿਕਾਰ ਹੋਇਆ ਹੋਣ ਕਰਕੇ ਅਣਸੁਲਝੇ ਸਵਾਲਾਂ ਵਿੱਚ ਘਿਰਦਾ ਜਾ ਰਿਹਾ ਹੈ। ਜੋ ਕੁਝ ਪੰਜਾਬ ਵਿੱਚ ਵਾਪਰਿਆ ਹੈ, ਉਸ ਦੇ ਜਾਣਕਾਰਾਂ ਨੂੰ ਪਤਾ ਹੈ ਕਿ ਸਾਰੀਆਂ ਸੁੱਚੀਆਂ ਕੋਸ਼ਿਸ਼ਾਂ ਸਿਆਸਤ ਨੇ ਆਪਣੀ ਇੱਛਤ ਲੀਹੇ ਤੁਰਨ ਲਈ ਮਜਬੂਰ ਕਰ ਦਿੱਤੀਆਂ ਹਨ। ਇਸੇ ਵਾਸਤੇ ਜੋ ਕੁਝ ਵੀ ਗੁਰੂ ਦੀ ਭੈਅ ਭਾਵਨੀ ਵਿੱਚੋਂ ਪੈਦਾ ਹੋਇਆ ਜਾਂ ਹੋ ਸਕਦਾ ਜਾਂ ਚਿਤਵਿਆ ਜਾ ਸਕਦਾ ਹੈ, ਉਹ ਵੀ ਸਿਆਸੀ ਮਜਬੂਰੀ ਅਤੇ ਸਿਆਸੀ-ਹਉਮੈ ਨਾਲ ਕਿਸੇ ਨ ਕਿਸੇ ਰੂਪ ਵਿੱਚ ਜੁੜਿਆ ਹੋਇਆ ਲੱਗਣ ਲੱਗ ਪਿਆ ਹੈ। ਧਾਰਮਿਕ-ਮੁੱਦਿਆਂ ਦੀ ਆੜ ਵਿੱਚ ਸਿੱਖ-ਸਿਆਸਤ ਦੀਆਂ ਸਾਰੀਆਂ ਪਰਤਾਂ ਆਪਣੇ ਆਪਣੇ ਸਿਆਸੀ-ਪੈਂਤੜਿਆਂ ਨੂੰ ਬਚਾਉਣ ਅਤੇ ਚਮਕਾਉਣ ਵਿੱਚ ਲੱਗੀਆਂ ਹੋਈਆਂ ਹਨ। ਪੰਜ-ਪਿਆਰਿਆਂ ਦੇ ਫ਼ੈਸਲੇ ਨਾਲ ਇੱਕ ਅਣਸੁਲਝਿਆ ਸਵਾਲ ਇਹ ਵੀ ਪੈਦਾ ਹੋ ਗਿਆ ਹੈ ਕਿ ਲਿਆ ਗਿਆ ਫ਼ੈਸਲਾ, ਗੁਰਮਤਾ ਕਿਵੇਂ ਹੋਇਆ? ਗੁਰਮਤਾ ਤਾਂ ਪਕਾਇਆ ਜਾਂਦਾ ਹੈ ਅਤੇ ਇਹ ਪੱਕਿਆ ਪਕਾਇਆ ਕਥਿਤ-ਗੁਰਮਤਾ, ਪੰਥਕ ਪ੍ਰਸੰਗ ਵਿੱਚ ਕਿਵੇਂ ਟਿਕਾਉਣਾ ਹੈ, ਇਸ ਬਾਰੇ ਖੁੱਲ੍ਹ ਕੇ ਚਰਚਾ ਹੋਣੀ ਚਾਹੀਦੀ ਹੈ। ਸਿੱਖ-ਧਰਮ ਨੇ ਬੰਦ-ਧਰਮਾਂ ਦੇ ਪ੍ਰਾਪਤ ਇਤਿਹਾਸ ਵਿੱਚ ਖੁੱਲ੍ਹੇ ਧਰਮ ਵਜੋਂ ਪ੍ਰਵੇਸ਼ ਕੀਤਾ ਸੀ। ਬਿਨਾਂ ਧਰਮ-ਪਰਿਵਰਤਨ ਸਾਰਿਆਂ ਨੂੰ ਨਾਲ ਲੈ ਕੇ ਤੁਰਨ ਦਾ ਜਜ਼ਬਾ, ਸਰਬੱਤ ਦੇ ਭਲੇ ਵਜੋਂ ਸਿੱਖ-ਸੱਭਿਆਚਾਰ ਦੇ ਰੂਪ ਵਿੱਚ ਸਾਹਮਣੇ ਲਿਆਂਦਾ ਹੋਇਆ ਹੈ। ਵਿਚਾਰੇ ਜਾ ਰਹੇ ਫ਼ੈਸਲੇ ਦੀ ਰੌਸ਼ਨੀ ਵਿੱਚ ਤਾਂ ਇਸ ਸਿਰ-ਜੋੜ ਭਾਵਨਾ ਨੂੰ ਸਿੱਖ-ਭਾਈਚਾਰੇ ਵਿੱਚ ਵੀ ਕਾਇਮ ਰੱਖਣਾ ਔਖਾ ਹੋ ਗਿਆ ਜਾਪਦਾ ਹੈ। ਇਹ ਸਮਾਂ ਰੋਸ ਕਰਨ ਨਾਲ ਸੰਭਲਦਾ ਨਜ਼ਰ ਨਹੀਂ ਆਉਂਦਾ। ਇਸ ਮੌਕੇ ਨੂੰ ਅਪਹਰਣ ਦੀ ਸਿੱਖ ਸਿਅਸਤ ਤੋਂ ਪਾਸੇ ਹਟ ਕੇ ਧਰਮ ਨੂੰ ਧਰਮ ਦੀ ਸੁਰ ਵਿੱਚ ਵਿਚਾਰੇ ਜਾਣ ਦੀ ਲੋੜ ਹੈ। ਜਿਨ੍ਹਾਂ ਨੇ ਵਿਵਾਦੀ-ਅਵਸਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਜਿਹੜੇ ਇਸ ਨੂੰ ਸਿਆਸਤ ਵਾਸਤੇ ਵਰਤਣਾ ਚਾਹੁੰਦੇ ਹਨ, ਉਨ੍ਹਾਂ ਸਭ ਦੇ ਹੱਥਾਂ ਵਿੱਚੋਂ ਵੀ ਸਥਿਤੀ ਨਿਕਲ ਚੁੱਕੀ ਹੈ।



# "ਛੋਟਾ ਘੱਲੂਘਾਰਾ"

## (17 ਮਈ 1746 )



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨਾ ਕੀਜੈ ॥ ਅੰਗ 1412

ਹੇ ਭਾਈ, ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ, ਤਾਂ ਆਪਣਾ ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ। ਲੋਕ - ਲਾਜ ਛੱਡ ਕੇ ਹਉਮੈ ਦੂਰ ਕਰਕੇ ਆ ਪ੍ਰਭੂ ਪ੍ਰੀਤ ਦੇ ਇਸ ਰਸਤੇ ਉੱਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਟਾਂ ਕੀਤਾ ਜਾਏ ਪਰ ਕੋਈ ਝਿਜਕ ਨਹੀਂ ਕੀਤੀ ਜਾਏ। ਜਦੋਂ ਬਿਨਾ ਝਿਜਕ ਦੇ ਲੋਕ ਲਾਜ ਅਤੇ ਹਉਮੈ ਛੱਡੀ ਜਾਏ।

ਸਿੱਖ ਧਰਮ ਵਿੱਚ ਕੁਰਬਾਨੀਆਂ ਦੀ ਸੇਧ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲੀ ਹੈ। ਸਿੰਘ ਨੇ ਧਰਮ ਅਤੇ ਲੋਕ ਭਲਾਈ ਲਈ ਲਾਸਾਨੀ ਕੁਰਬਾਨੀਆਂ ਦਿੱਤੀਆਂ ਹਨ। ਸਿੱਖ ਧਰਮ ਮੂਲ ਰੂਪ ਵਿੱਚ ਇਕ ਸਮਾਜ ਸੁਧਾਰ ਦੀ ਇਨਕਲਾਬੀ ਲਹਿਰ ਹੈ ਜਿਸ ਨੇ ਸਦਾ ਹੀ ਸਮਾਜ ਨੂੰ ਉਸਾਰੂ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਜੋ ਹਰ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕਲਪ ਦ੍ਰਿੜ੍ਹ ਕਰਵਾਉਂਦਾ ਹੈ। ਜਾਲਮ ਹਕੂਮਤਾਂ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹਰ ਹੱਥ-ਹਰਬਾ ਵਰਤਿਆ। ਦੂਸਰੇ ਪਾਸੇ ਅੰਮ੍ਰਿਤ ਦੀ ਦਾਤ ਨੇ ਅਜਿਹਾ ਫੌਜੀ ਖ਼ਾਲਸਾ ਤਿਆਰ ਕੀਤਾ, ਜਿਸ ਨੇ ਜ਼ੁਲਮਾਂ ਦਾ ਟਾਕਰਾ ਕਰਦੇ ਹੋਏ ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ, ਨਿਆਂ, ਸਵੈ ਰੱਖਿਆ ਲਈ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਇਤਿਹਾਸ ਦਾ ਪੰਨਾ ਪੰਨਾ ਸਿੱਖ ਸ਼ਹਾਦਤਾਂ ਦਾ ਗਵਾਹ ਹੈ, ਕਈ ਮੁਹਿੰਮਾਂ ਅਤੇ ਬਿਖੜੇ ਪੈਂਡਿਆਂ ਵਿਚੋਂ ਲੰਘ ਕੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਖ਼ਾਲਸਾ ਰਾਜ ਸਥਾਪਤ ਹੋਇਆ। ਇੱਥੇ ਤੱਕ ਪਹੁੰਚਣ ਲਈ ਕਈ ਸਾਕੇ, ਘਲੂਘਾਰੇ ਵਾਪਰੇ, ਜਿੰਨਾਂ ਵਿੱਚ 'ਛੋਟਾ ਘੱਲੂਘਾਰਾ ' ਵੀ ਇਤਿਹਾਸ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਜੋ ਸਿੰਘਾਂ ਅਤੇ ਮੁਗਲਾਂ ਵਿਚਕਾਰ 17 ਮਈ 1746 ਨੂੰ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ 'ਚ ਵਾਪਰਿਆ। ਕਾਹਨੂੰਵਾਨ ਛੰਭ ਜੋ ਗੁਰਦਾਸਪੁਰ ਤੋਂ ਮੁਕੇਰੀਆ ਜਾਂਦੀ ਸੜਕ ਉੱਤੇ 8 ਕਿਲੋਮੀਟਰ ਦੀ ਦੂਰੀ 'ਤੇ ਫ਼ੌਜੀ ਛਾਉਣੀ ਤਿੱਬਤ ਤੋਂ ਸੱਜੇ ਪਾਸੇ 4 ਕਿਲੋਮੀਟਰ 'ਤੇ ਸਥਿਤ ਹੈ। ਦੂਸਰੇ ਘਲੂਘਾਰੇ ਵੇਲੇ ਸਿੱਖਾਂ ਦਾ ਵੱਡਾ ਕਤਲਾਮ ਹੋਇਆ ਸੀ। ਇਸ ਲਈ ਉਸ ਘਲੂਘਾਰੇ ਨੂੰ ਵੱਖਰਾ ਦਰਸਾਉਣ ਲਈ ਇਸ ਘਟਨਾ ਨੂੰ 'ਛੋਟਾ ਘੱਲੂਘਾਰਾ ' ਕਿਹਾ ਜਾਂਦਾ ਹੈ।

ਪਿਛੋਕੜ ਇਤਿਹਾਸ ਵਿੱਚ ਕਿ ਅਠਾਰਵੀਂ ਸਦੀ ਦਾ ਸਮਾਂ ਭਾਰਤ ਲਈ ਤੇ ਵਿਸ਼ੇਸ਼ ਕਰਕੇ ਸਿੱਖਾਂ ਲਈ ਬੜਾ ਉਥਲ ਪੁੱਥਲ ਦਾ ਸਮਾਂ ਸੀ। ਮੁਗਲ ਸਾਮਰਾਜ ਦੀ ਅਧੋਗਤੀ ਤੇ ਅਨਿਆਂ ਕਾਰਨ ਲੋਕ ਅੰਦਰੂਨੀ ਤੌਰ 'ਤੇ ਵੀ ਪਿਸ ਰਹੇ ਸਨ। ਉਧਰੋਂ ਵਿਦੇਸ਼ੀ ਹਮਲਿਆਂ -ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੀਆਂ ਫ਼ੌਜਾਂ ਗਿਲਜਿਆਂ ਤੇ ਰੁਹੇਲਿਆਂ ਦੇ ਜ਼ੁਲਮ ਨੇ ਸਧਾਰਣ ਜਨ ਜੀਵਨ ਨੂੰ ਬਿਪਤਾ ਵਿੱਚ ਪਾ ਰਖਿਆ ਸੀ।

ਹਿੰਦੂ ਅਹਿਲਕਾਰ ਮੁਗਲ ਹਾਕਮਾਂ ਦੇ ਪਿੱਠੂ ਸਨ। ਮੁਗਲ ਸਾਮਰਾਜ, ਵਿਦੇਸ਼ੀ ਜਰਵਾਣੇ, ਜੋ ਲੁੱਟ ਖਸੁੱਟ ਲਈ ਹਮਲੇ ਕਰਦੇ ਸਨ। ਆਪਣੀ ਹਕੂਮਤ ਕਾਇਮ ਕਰਨ ਦੇ ਆਹਰ ਵਿੱਚ ਸਨ। ਅਜਿਹੀਆਂ ਸਾਰੀਆਂ ਤਾਕਤਾਂ ਨੂੰ ਪਛਾੜ ਕੇ ਸਿੱਖ ਯੋਧਿਆਂ ਨੇ ਖ਼ਾਲਸਾ ਰਾਜ ਸਥਾਪਤ ਕੀਤਾ।

ਜਦੋਂ ਤੁਰਕਾਨੀ ਫ਼ੌਜਾਂ ਦਾ ਜੋਰ ਵੱਧ ਜਾਂਦਾ ਤਾਂ ਸਿੰਘ ਘਰ ਘਾਟ ਛੱਡ ਕੇ ਬੀਕਾਨੇਰ ਦੇ ਰੇਤਲੇ ਟਿੱਬਿਆਂ ਵਿੱਚ ਚਲੇ ਜਾਂਦੇ। ਪਹਾੜਾਂ 'ਤੇ ਚੜ ਜਾਂਦੇ, ਕਾਹਨੂੰਵਾਨ ਦੇ ਛੰਭ ਵਿੱਚ ਸਮਾਂ ਗੁਜ਼ਾਰਦੇ। ਛੰਭ ਵਧੇਰੇ ਸੁਰਖਿਅਤ ਸੀ ਕਿਉਂਕਿ ਇਸਦੇ ਸੰਘਣੇ ਬੇਲੇ ਤੇ ਤੰਗ ਰਸਤਿਆਂ ਤੋਂ ਸਿੰਘ ਚੰਗੀ ਤਰਾਂ ਜਾਣੂੰ ਸਨ। ਸਿੰਘ ਆਪਣੇ ਫ਼ੌਜੀ ਅਭਿਆਸ ਇੱਥੇ ਜਾਰੀ ਰਖਦੇ ਸਨ ।

ਸੰਨ 1746 ਵਿੱਚ ਜਦੋਂ ਸਿੰਘ ਮੁਗਲ ਹਕੂਮਤ ਦੇ ਜਬਰ ਜ਼ੁਲਮ ਦੇ ਖ਼ਿਲਾਫ਼ ਲੜ ਰਹੇ ਸਨ। ਉਸ ਸਮੇਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕਲਾਨੌਰ ਦੇ ਦੋ ਖੱਤਰੀ ਭਰਾ ਜਸਪਤ ਰਾਏ ਤੇ ਲਖਪਤ ਰਾਏ ਸਨ। ਜਸਪਤ ਰਾਏ ਏਮਨਾਬਾਦ ਦਾ ਫ਼ੌਜਦਾਰ ਸੀ। ਲਖਪਤ ਰਾਏ ਲਾਹੌਰ ਦਾ ਦੀਵਾਨ। ਜਸਪਤ ਰਾਏ ਜੰਗਲਾਂ ਵਿੱਚ ਸਿੰਘਾਂ ਦਾ ਪਿੱਛਾ ਕਰਦਾ ਮਾਰਿਆ ਗਿਆ। ਲਖਪਤ ਰਾਏ ਨੇ ਇਹ ਕਸਮ ਖਾਧੀ ਕਿ ਮੈਂ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਵਾਂਗਾ। ਬੇਦੋਸੇ ਅਤੇ ਕ੍ਰਿਤ ਕਰਨ ਵਾਲੇ ਸਿੰਘਾਂ ਨੂੰ ਪਿੰਡਾਂ 'ਚੋਂ ਫੜ ਕੇ ਲਿਆਂਦਾ ਜਾਂਦਾ, ਉਹਨਾਂ ਉੱਤੇ ਦੀਨ ਕਬੂਲ ਕਰਨ ਦੀ ਸ਼ਰਤ ਰੱਖੀ ਜਾਂਦੀ, ਇਨਕਾਰ ਕਰਨ 'ਤੇ ਉਹਨਾਂ ਨੂੰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ।

ਇਸ ਸਖ਼ਤੀ ਦੇ ਦੌਰ ਵਿੱਚ ਬਹੁਤ ਸਾਰੇ ਸਿੰਘ ਘਰ -ਘਾਟ ਛੱਡ ਕੇ ਪਹਾੜਾਂ ਨੂੰ ਚਲੇ ਗਏ। ਬਹੁਤ ਸਾਰੇ ਸਿੰਘ ਕਾਹਨੂੰਵਾਨ ਦੇ ਛੰਭ ਵਿੱਚ ਮੁਸੀਬਤ ਦਾ ਸਮਾਂ ਗੁਜਾਰਨ ਲੱਗੇ। ਲਖਪਤ ਰਾਏ ਨੇ ਲਾਹੌਰ 'ਤੇ ਚੜ੍ਹਾਈ ਕਰ ਦਿੱਤੀ। ਨਾਲ ਹੀ ਪੰਜਾਬ ਵਿਚੋਂ ਸਿੰਘਾਂ ਨੂੰ ਚੁਣ ਚੁਣ ਕੇ ਖਤਮ ਕੀਤਾ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ। ਹਰਿਮੰਦਰ ਸਾਹਿਬ ਅਤੇ ਸਰੋਵਰ ਦੀ ਮਰਿਆਦਾ ਭੰਗ ਕੀਤੀ। ਸਿੰਘਾਂ ਦੇ ਘਰ-ਘਾਟ ਉਜਾੜ ਦਿੱਤੇ। ਆਪਣੇ ਵੱਲੋਂ ਸਿੰਘਾਂ ਦੀ ਹੋਂਦ ਨੂੰ ਖਤਮ ਕਰ ਲਿਆ। ਉਪਰੰਤ ਬਹੁਤ ਸਾਰੀ ਫ਼ੌਜ, ਜੋ ਹਾਥੀ,ਘੋੜੇ, ਤੋਪਾਂ, ਜ਼ੰਬੂਰੇ,ਸਾਰੇ ਮਾਰੂ ਹਥਿਆਰਾਂ ਨਾਲ ਜੰਗ ਵਾਸਤੇ ਤਿਆਰ ਸੀ। ਇਸਦੇ ਨਾਲ ਹੀ ਮੁਲਤਾਨ, ਬਹਾਵਲਪੁਰ, ਕਸੂਰ, ਜਲੰਧਰ, ਲੁਧਿਆਣਾ ਦੇ ਇਲਾਕਿਆਂ ਦੇ ਮੁਖੀ ਆਪਣੀਆਂ ਫ਼ੌਜਾਂ ਲੈ ਕੇ ਪਹੁੰਚੇ। ਇਸ ਤੋਂ ਇਲਾਵਾ ਕੀੜੀ ਪਠਾਣਾ ਦੇ ਅਫ਼ਗਾਨ, ਮੁਕੇਰੀਆਂ, ਦਸੂਹਾ ਦੇ ਰੰਘੜ, ਬਟਾਲੇ ਦੇ ਸਯਅਦ ਤੇ ਹੋਰ ਝੂਠੇ ਸਰਕਾਰੀ ਹਿਮਾਇਤੀ ਵੀ ਲੱਖਪਤ ਰਾਏ ਦੀ ਕਮਾਨ ਹੇਠ ਕਾਹਨੂੰਵਾਨ ਛੰਭ ਨੂੰ ਘੇਰਾ ਪਾਈ ਬੈਠੇ ਸਨ। ਇਸ ਲਸ਼ਕਰ ਦੀ ਗਿਣਤੀ ਲੱਖਾਂ ਵਿੱਚ ਸੀ। ਇਹ ਦੁਸ਼ਮਣ ਦੀ ਸਾਰੀ ਫ਼ੌਜ 10 ਵਿੱਚ ਫੈਲੀ ਹੋਈ ਸੀ। ਦੂਸਰੇ ਪਾਸੇ ਛੰਭ ਵਿੱਚ ਘਿਰੇ ਸਿੰਘਾਂ ਦੀ ਗਿਣਤੀ 22 ਹਜ਼ਾਰ ਮੰਨੀ ਗਈ ਹੈ, ਕਿਉਂਕਿ 7000 ਸ਼ਹੀਦ ਹੋਏ ਅਤੇ 3000 ਬੰਦੀ ਬਣਾ ਲਏ ਗਏ। ਕਰੀਬ 12 ਹਜ਼ਾਰ ਸਿੰਘ ਬਚ ਕੇ ਨਿਕਲ ਗਏ ਸਨ। ਬੰਦੀ ਸਿੰਘਾਂ ਨੂੰ ਨਾਖਾਸ ਚੌਂਕ ਲਾਹੌਰ ਵਿੱਚ ਤਸੀਹੇ ਦੇ ਕੇ ਸ਼ਹੀਦੀ ਕੀਤਾ ਗਿਆ। ਸ਼ਹੀਦ ਹੋਏ ਸਿੰਘ ਜਾਂ ਤਾਂ ਜੰਗਲ ਦੀ ਅੱਗ ਵਿੱਚ ਸ਼ਹੀਦ ਹੋਏ ਜਾਂ ਦਰਿਆ ਦੀ ਮਾਰ ਹੇਠ ਆ ਗਏ।

ਸਿੰਘ ਭਾਵੇਂ ਮੁਸੀਬਤ ਦਾ ਸਮਾਂ ਗੁਜ਼ਾਰ ਰਹੇ ਸਨ, ਪਰ ਤੁਰਕਾਨੀ ਫ਼ੌਜ ਦਾ ਨੁਕਸਾਨ ਕਰਦੇ ਤੇ ਰਸਤਾਂ ਬਸਤਾਂ ਲੁੱਟ ਕੇ ਲੈ ਆਉਂਦੇ। ਸਿੰਘ 2-4 ਦੇ ਜਥਿਆਂ 'ਚ ਗੁਰੀਲਾ ਜੰਗ ਲੜਦੇ। ਸਿੰਘ ਨੇ ਸੰਸਾਰ ਦੀ ਸਭ ਤੋਂ ਲੰਬੀ ਗੁਰੀਲਾ ਜੰਗ ਲੜੀ ਹੈ। ਸਿੰਘ ਧਰਮ ਦੀ ਖਾਤਰ ਅਣਖ ਤੇ ਗੈਰਤ ਲਈ ਦੀਨ ਦੁਨੀਆਂ ਦੇ ਭਲੇ ਲਈ ਸ਼ਹੀਦ ਹੋਣ ਵਾਸਤੇ ਤਤਪਰ ਰਹਿੰਦੇ। ਹਮੇਸ਼ਾ ਜੰਗਲਾਂ ਵਿੱਚ ਰਹਿਣ ਕਰਕੇ ਸਿੰਘ ਮੁਸੀਬਤਾਂ, ਅਖਾਈਆਂ, ਕਠਨਾਈਆਂ ਤੇ ਔਂਕੜਾਂ ਦਾ ਮੁਕਾਬਲਾ ਕਰ ਸਕਦੇ ਸਨ। ਉਹਨਾਂ ਨੂੰ ਘਣੇ ਜੰਗਲ ਦੀਆਂ ਡੰਡੀਆਂ ਤੇ ਕੰਡਿਆਲੇ ਰਾਹਾਂ ਦਾ ਪਤਾ ਸੀ। ਤਿੰਨ - ਚਾਰ ਮਹੀਨੇ ਤਕ ਦੁਸ਼ਮਣ ਨਾਲ ਝੜਪਾਂ ਚਲਦੀਆਂ ਰਹੀਆਂ। ਲੱਖਪਤ ਰਾਏ ਦੀ ਫ਼ੌਜ ਦਾ ਕਾਫ਼ੀ ਜਾਨੀ ਨੁਕਸਾਨ ਹੋਇਆ। ਆਪਣੀ ਹਾਰ ਹੁੰਦੀ ਵੇਖ ਕੇ ਉਸਨੇ ਨੇੜਲੇ ਪਿੰਡਾਂ ਦੇ ਲੁਹਾਰ, ਤਰਖਾਣ ਮੰਗਵਾ ਕੇ ਜੰਗਲ ਨੂੰ ਕਟਵਾ ਕੇ ਚੁਫੇਰਿਓਂ ਅੱਗ ਲਾ ਦਿੱਤੀ। ਸਿੰਘ ਦੀ ਫ਼ੌਜ ਘੋਰ ਮੁਸੀਬਤ ਵਿੱਚ ਪੈ ਗਈ।

ਸਿੰਘਾਂ ਵਾਸਤੇ ਇਹ ਘੋਰ ਬਿਪਤਾ ਦਾ ਸਮਾਂ ਸੀ। ਸਿੰਘਾਂ ਦਾ ਵਧੇਰੇ ਸਮਾਂ ਜੰਗਲਾਂ ਵਿੱਚ ਟਿਕੇ ਰਹਿਣਾ ਮੁਸ਼ਕਿਲ ਸੀ। ਆਗੂ ਸਿੰਘਾਂ ਨੇ ਗੁਰਮਤਾ ਕਰਕੇ ਜੰਗਲਾਂ ਵਿਚੋਂ ਇਕ ਪਾਸੇ ਨੂੰ ਨਿਕਲ ਜਾਣਾ ਠੀਕ ਸਮਝਿਆ। ਸਿੰਘਾਂ ਕੋਲ ਨਾ ਤਾਂ ਕਾਫ਼ੀ ਰਸਤਾਂ ਬਸਤਾਂ ਸਨ। ਕਾਫ਼ੀ ਸਮਾਂ ਲੜਦੇ ਰਹਿਣ ਕਰਕੇ ਦਾਰੂ -ਸਿੱਕਾ ਵੀ ਖਤਮ ਹੋਣ 'ਤੇ ਸੀ । ਜੋ ਮੁਕਾਬਲਾ ਕਰਨ ਲਈ ਕਾਫ਼ੀ ਨਹੀਂ ਸੀ। ਜੰਗਲ ਦੀ ਅੱਗ ਵਧੇਰੇ ਮੁਸੀਬਤ ਬਣੀ। ਸਿੰਘਾਂ ਲਈ ਹੁਣ ਮੁਕਾਬਲਾ ਕਰਨਾ ਕਠਿਨ ਸੀ। ਇਸ ਲਈ ਸੈਨਾ ਦੇ ਜਥੇਦਾਰਾਂ ਨਵਾਬ ਕਪੂਰ ਸਿੰਘ, ਸ੍ਰ. ਚੜ੍ਹਤ ਸਿੰਘ, ਸ੍ਰ. ਜੱਸਾ ਸਿੰਘ ਆਹਲੂਵਾਲੀਆ, ਸ੍ਰ. ਗੁਰਦਿਆਲ ਸਿੰਘ ਡਲੇਵਾਲੀਆ, ਸ੍ਰ. ਸੁੱਖਾ ਸਿੰਘ ਮਾੜੀ ਕੰਬੋਕੀ, ਸ੍ਰ. ਸ਼ਾਮ ਸਿੰਘ , ਸ੍ਰ. ਫ਼ਤਿਹ ਸਿੰਘ ਆਦਿ ਦੀ ਅਗਵਾਈ ਹੇਠ ਛੰਭ ਵੱਲੋਂ ਪਹਾੜ ਵੱਲ ਦੀ ਬਾਹੀ ਨੂੰ ਨਿਕਲਣ ਦਾ ਮਤਾ ਪਕਾਇਆ। ਨਿਕਲਦੇ ਹੀ ਵੈਰੀ ਨਾਲ ਟੱਕਰ ਲੈਂਦਿਆਂ ਸਿੰਘ ਅਦੁੱਤੀ ਸ਼ਹੀਦੀਆਂ ਪਾਉਂਦੇ ਗਏ। ਪਠਾਨਕੋਟ ਨੇੜੇ ਪੁੱਜਦਿਆਂ ਹਿੰਦੂ ਪਹਾੜੀ ਰਾਜਿਆਂ ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ।

ਪਿੱਛੇ ਸ਼ਾਹੀ ਸੈਨਾ ਅੱਗੇ ਅੱਗੇ ਸਿੰਘ, ਪਹਾੜੀ ਹਿੰਦੂ ਰਾਜਿਆਂ ਨੇ ਘਾਟ ਦੇ ਸਾਰੇ ਨਾਕੇ ਰੋਕ ਲਏ। ਬਿਆਸ ਦਰਿਆ ਵੀ ਠਾਠਾਂ ਮਾਰ ਰਿਹਾ ਸੀ। ਅਸਾਵੀਂ ਤੁਰਕੀ ਫ਼ੌਜ ਸਿੰਘਾਂ ਦਾ ਘਾਣ ਕਰ ਰਹੀ ਸੀ। ਜੇਠ ਹਾੜ ਦੀ ਕੜਕਦੀ ਧੁੱਪ, ਢਿੱਡ ਦੀ ਭੁੱਖ , ਸ਼ਸਤਰਾਂ ਦੀ ਅਣਹੋਂਦ, ਸਰੀਰਾਂ ਦੀ ਨਿਰਬਲਤਾ ਤੇ ਪਿੱਛੇ ਪਿੱਛ ਤੁਰਕਾਨੀ ਸੈਨਾ ਤ ਹਿੰਦੂ ਰਾਜਿਆਂ ਦੇ ਜ਼ੁਲਮ ਨੇ ਸਿੰਘਾਂ ਦੇ ਜਥਿਆਂ ਨੂੰ ਅਤਿ ਮੁਸੀਬਤ ਵਿੱਚ ਪਾ ਦਿੱਤਾ। ਹਠੀਲੇ ਸਿੰਘ ਲੜਦੇ ਭਿੜਦੇ ਹੋਏ ਦੁਸ਼ਮਣਾਂ ਤੇ ਕੁਦਰਤੀ ਆਫਤਾਂ ਦਾ

(ਬਾਕੀ ਸਫ਼ਾ 30 'ਤੇ)

# ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ



ਹਰਮਨਪ੍ਰੀਤ ਸਿੰਘ
9855010005

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥
ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥
ਧਨੁ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥
ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥
ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥
ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥ (ਪੰਨਾ ੧੧੦੮)

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਜੇਠ ਦੇ ਮਹੀਨੇ ਦੀ ਤਪਸ਼ ਵਿੱਚ ਜੋ ਵੀ ਮਨੁੱਖ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਕੇ ਉਸ ਨੂੰ ਆਪਣੇ ਮਨ ਵਿੱਚ ਵਸਾ ਲੈਂਦਾ ਹੈ, ਉਸ ਨੂੰ ਹਿਰਦੇ ਵਿੱਚ ਅਨੁਭਵ ਕਰ ਲੈਂਦਾ ਹੈ, ਉਹ ਉਸ ਅਕਾਲ ਪੁਰਖ ਦਾ ਹੀ ਸਰੂਪ ਹੋ ਜਾਂਦਾ ਹੈ, ਫਿਰ ਉਸ ਨੂੰ ਕੋਈ ਤਪਸ਼ ਨਹੀਂ ਪੋਂਹਦੀ। ਅਜਿਹੇ ਜੀਵ ਨੂੰ ਉਸ ਅਕਾਲ ਪੁਰਖ ਦੀ ਸਿਰਜੀ ਹਰ ਰੁੱਤ, ਹਰ ਮੌਸਮ ਚੰਗਾ ਲੱਗਦਾ ਹੈ। ਨਾਨਕਸ਼ਾਹੀ ਜੰਤਰੀ ਦੇ ਹਿਸਾਬ ਨਾਲ ਜੇਠ ਦਾ ਮਹੀਨਾ ਸਾਲ ਦੇ ਦੇਸੀ ਮਹੀਨਿਆਂ ਦਾ ਤੀਜਾ ਮਹੀਨਾ ਹੈ। ਸਾਲ ਦਾ ਹਰ ਮਹੀਨਾ ਆਪਣੇ ਨਾਲ ਨਵੀਂ ਰੁੱਤ ਤੇ ਨਵੀ ਮੌਸਮੀ ਤਬਦੀਲੀ ਲੈ ਕੇ ਆਉਂਦਾ ਹੈ। ਹਰ ਮਹੀਨੇ, ਹਰ ਰੁੱਤ, ਆਪਣੇ ਆਪ ਵਿੱਚ ਖਾਸ ਹੁੰਦਾ ਹੈ। ਜੇਠ ਦਾ ਮਹੀਨਾ ਅੰਗਰੇਜ਼ੀ ਮਹੀਨੇ ਦੇ ਹਿਸਾਬ ਨਾਲ ਅੱਧ ਮਈ ਤੋਂ ਸ਼ੁਰੂ ਹੋ ਅੱਧ ਜੂਨ ਤੱਕ ਦਾ ਹੁੰਦਾ ਹੈ। ਜੇਠ ਦਾ ਮਹੀਨਾ ਆਪਣੇ ਆਪ 'ਚ ਗਰਮ ਮਹੀਨਾ ਹੁੰਦਾ ਹੈ। ਇਸ ਮਹੀਨੇ ਧਰਤ ਦੀ ਹਿੱਕ 'ਤੇ ਬੇਪ੍ਰਵਾਹ ਜਹੇ ਖੜੇ ਅੰਬਾਂ ਦੇ ਰੁੱਖਾਂ 'ਤੇ ਲੱਗੀਆਂ ਅੰਬੀਆਂ ਸੂਰਜ ਦੀ ਪਹਿਲੀ ਕਿਰਨ ਨਾਲ ਹੀ ਪਹੁ ਫੁੱਟਦਿਆਂ ਸਾਰ ਚਉ ਪਾਸੇ ਮਹਿਕਾਂ ਫੈਲੀਆ ਰਹੀਆਂ ਹੁੰਦੀਆ ਹਨ। ਕੁਦਰਤ ਦੀ ਕਾਇਨਾਤ 'ਚ ਮਿੰਨੀ-ਮਿੰਨੀ ਵਗਦੀ ਲੂ 'ਚ ਝੂਲਦੇ ਲੀਚੀਆਂ, ਆੜੂਆਂ ਤੇ ਅਨਾਰਾਂ ਦੇ ਰੁੱਖ ਧਰਤ ਦਾ ਰੂਪ ਸ਼ਿੰਗਾਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਨੂੰ ਲੂੰਆਂ ਦਾ ਮਹੀਨਾ ਵੀ ਕਿਹਾ ਜਾਂਦਾ ਹੈ।

ਜੇਠ ਮਹੀਨੇ ਸੂਰਜ ਦੇ ਤੇਜ਼ ਤਪਸ਼ ਆਪਣਾ ਅਸਰ ਹਰ ਪਸ਼ੂ,ਪੰਛੀ,ਰੁੱਖ ਅਤੇ ਮਨੁੱਖ ਤੇ ਦਿਖਾਉਂਦੀ ਹੈ। ਇਸ ਮੌਸਮ 'ਚ ਵਗਦੀ ਲੂੰ ਫੁੱਲ, ਪੱਤੀਆਂ ਅਤੇ ਮਨੁੱਖੀ ਸਰੀਰਾਂ ਨੂੰ ਜਦੋਂ ਛੂਹ ਕੇ ਲੰਘਦੀ ਤਾਂ ਇਕ ਵਾਰ ਤਾਂ ਜੇਠ ਮਹੀਨਾ ਆਪਣੇ ਗਰਮ ਸੁਭਾ ਦਾ ਅਹਿਸਾਸ ਕਰਵਾ ਜਾਂਦਾ ਹੈ। ਇਉਂ ਜਾਪਦਾ ਕਿ ਜੇਠ ਮਹੀਨੇ ਸੂਰਜ ਦੀ ਤੇਜ਼ ਤਪਸ਼ 'ਚ ਤਪਦੀ ਧਰਤੀ ਦੀ ਰੂਹ ਵੀ ਪਾਣੀ-ਪਾਣੀ ਕੁਰਲਾਉਂਦੀ ਹੋਵੇ। ਸੱਥਾਂ ਵਿੱਚ ਲੱਗੇ ਪਿੱਪਲ,ਬੋਹੜ ਦੀਆ ਛਾਵਾਂ 'ਚ ਬੈਠੇ ਲੋਕ ਭੱਠ ਵਾਂਗੂੰ ਤਪਦੀ ਧਰਤੀ ਨੂੰ ਵੇਖ, ਪ੍ਰਮਾਤਮਾ ਨੂੰ ਛਿੱਟ ਮੀਂਹ ਦੀ ਪਾਉਣ ਦੀ ਅਰਜੋਈ ਕਰਦੇ ਨਜ਼ਰ ਆਉਂਦੇ ਹਨ। ਜੇਠ ਦੇ ਮਹੀਨੇ ਚਹੂੰ ਪਾਸੀ ਵਗਦੀ ਲੂੰ ਕਾਰਨ ਟੋਭੇ, ਖ਼ੂਹ ਸੁੱਕਣ ਕੰਡੇ ਆ ਪੁੱਜਦੇ ਹਨ। ਜੇ ਕਿਤੇ ਜੇਠ ਮਹੀਨੇ ਕਿਤੇ ਇਕ-ਦੋ ਮੀਂਹ ਪੈ ਜਾਣ ਤਾਂ ਪਸ਼ੂ, ਪੰਛੀ ਤੇ ਮਨੁੱਖ ਜੇਠ ਮਹੀਨੇ ਦੀ ਗਰਮੀ ਨੂੰ ਭੁੱਲ ਕੁਝ ਸਮੇਂ ਲਈ ਠੰਡੇ ਬੁੱਲਿਆਂ ਦਾ ਅਨੰਦ ਮਾਣਦੇ ਨਜ਼ਰੀ ਪੈਂਦੇ ਹਨ। ਇਹ ਜੇਠ ਦਾ ਮਹੀਨਾ ਸਦਾ ਤੋਂ ਅਜਿਹਾ ਨਹੀ ਸੀ, ਇਨ੍ਹਾਂ ਕਰੜਾ, ਇਨ੍ਹਾਂ ਰੁੱਖਾ ਤੇ ਇਨ੍ਹਾਂ ਲੂੰ ਭਰਿਆ, ਜੇ ਕਹਿ ਲਈਏ ਕਿ ਜਹਿ ਲੋਕ ਤਹੀਆਂ ਰੁੱਤਾਂ ਕਿਉਂ ਕਿ ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਜਦੋਂ ਤੋਂ ਛੇੜ-ਛਾੜ ਕਰਨੀ ਸ਼ੁਰੂ ਕੀਤੀ ਬਸ ਉਦੋ ਤੋਂ ਹੀ ਮੌਸਮੀ ਚੱਕਰ 'ਚ ਆਈ ਤਬਦੀਲੀ ਨੇ ਰੁੱਤਾਂ ਦਾ ਸੁਭਾਅ ਵੀ ਬਦਲਕੇ ਰੱਖ ਦਿੱਤਾ।

ਜੇਠ ਦੇ ਮਹੀਨੇ ਜਿੱਥੇ ਚਹੂੰ ਪਾਸੀ ਵਗਦੀ ਲੂੰ ਨੇ ਮਨੁੱਖੀ ਚਿਹਰਿਆਂ ਤੋਂ ਰੌਣਕ ਉਡਾਈ ਹੁੰਦੀ ਹੈ ਉੱਥੇ ਹੀ ਅਮਲਤਲਾਸ ਤੇ ਗੁਲਮੋਹਰ ਜਹੇ ਰੁੱਖਾਂ ਤੇ ਇਉਂ ਜਾਪਦਾ ਜਿਵੇਂ ਜੇਠ ਮਹੀਨੇ ਬਾਹਰ ਰੁੱਤ ਮੁਹੱਬਤ ਦੀ ਬਾਤ ਪਾਉਣ ਆਈ ਹੋਵੇ, ਏਸੇ ਨੂੰ ਹੀ ਤਾਂ ਕੁਦਰਤ ਕਹਿੰਦੇ ਨੇ, ਤੇ ਏਸੇ ਨੂੰ ਕੁਦਰਤ ਦੇ ਰੰਗ। ਜੇਠ ਦੇ ਮਹੀਨੇ ਅਮਲਤਲਾਸ ਦੇ ਰੁੱਖਾਂ ਤੇ ਖਿੜੇ ਪੀਲੇ, ਕੇਸਰੀ ਰੰਗਾ ਦੇ ਫੁੱਲ ਇਸ ਜੇਠ ਮਹੀਨੇ ਦੇ ਤਪਸ਼ ਭਰੇ ਮਾਹੌਲ 'ਚ ਵੀ ਮਨੁੱਖੀ ਮਨਾ ਨੂੰ ਮੋਹ ਲੈਂਦੇ ਹਨ। ਜੇਠ ਮਹੀਨਾ ਚੜ੍ਹਦੇ ਹੀ ਇਹ ਅਮਲਤਲਾਸ ਦਾ ਖ਼ੂਬਸੂਰਤ ਰੁੱਖ ਫੁੱਲਾਂ ਨਾਲ ਲੱਦਿਆ ਜਾਂਦਾ ਹੈ। ਜੇਠ ਦੇ ਤਪਦੇ ਮਹੀਨੇ 'ਚ ਬਾਹਰ ਰੁੱਤ ਦੇ ਰੁੱਖਾਂ ਵਾਂਗੂ ਖਿੜਨ ਤੇ ਗਰਮ ਵਗਦੀਆਂ ਹਵਾਵਾਂ ਨਾਲ ਮੁਹੱਬਤ ਦੀਆ ਬਾਤਾਂ ਪਾਉਣੀਆਂ ਕੋਈ ਅਮਲਤਲਾਸ ਦੇ ਰੁੱਖਾਂ ਤੋਂ ਸਿੱਖੇ, ਭੱਠ ਵਾਂਗੂ ਤਪਦੇ ਇਸ ਮਹੀਨੇ 'ਚ ਅਮਲਤਲਾਸ ਦੇ ਰੁੱਖ ਇਉਂ ਜਾਪਦਾ ਕਿ ਸੰਸਾਰ ਨੂੰ ਸੰਦੇਸ਼ ਦਿੰਦੇ ਹੋਣ ਕਿ ਮੌਸਮ,ਬਹਾਰਾਂ ਤੇ ਜਿੰਦਗੀ 'ਚ ਉਤਾਰ-ਚੜ੍ਹਾ ਤਾਂ ਆਉਂਦੇਰਹਿੰਦੇ ਹਨ, ਉਨ੍ਹਾਂ ਦੀ ਪ੍ਰਵਾਹ ਕੀਤੇ ਬਿਨਾਂ ਚੱਲਦੇ ਰਹੋ,ਖੁਸ਼ ਰਹੋ,ਖਿੜੇ ਰਹੋ। ਇਸੇ ਤਰਾਂ ਜਿਵੇਂ ਅਮਲਤਲਾਸ ਦੇ ਰੁੱਖ ਕੁਦਰਤ 'ਚ ਚਹੁੰ ਪਾਸੀ ਆਪਣੇ ਪੀਲੇ, ਕੇਸਰੀ ਰੰਗਾ ਦੇ ਫੁੱਲਾ ਰਾਹੀ ਰੰਗ ਬਿਖੇਰਦੇ ਨਜ਼ਰੀ ਆਉਂਦੇ ਹਨ, ਉੱਥੇ ਹੀ ਗੁਲਮੋਹਰ ਰੁੱਖ ਦੇ ਫੁੱਲ ਵੀ ਜੇਠ ਮਹੀਨੇ ਪੂਰੇ ਜੋਬਨ ਤੇ ਆ ਲਾਲ-ਸੂਹੇ ਹੋ ਕੁਦਰਤ 'ਚ ਆਪਣਾ ਰੰਗ ਬਿਖਰੇ ਨਜ਼ਰੀ ਆਉਂਦੇ ਹਨ। ਗੁਲਮੋਹਰ ਦੇ ਲਾਲ-ਸੂਹੇ ਫੁਲ ਵੇਖਣ ਵਾਲਿਆਂ ਦੇ ਮਨ-ਮੋਹ ਲੈਂਦੇ ਹਨ। ਜੇਠ ਦੇ ਤਪਦੇ ਮਹੀਨੇ 'ਚ ਅਮਲਤਲਾਸ ਤੇ ਗੁਲਮੋਹਰ ਦੇ ਰੁੱਖਾਂ 'ਚ ਘਿਰਿਆ ਮਨੁੱਖ ਜੇਠ ਮਹੀਨੇ ਦੀ ਤਪਸ਼ ਭੁੱਲ ਬਹਾਰ ਰੁੱਤ ਦਾ ਅਨੰਦ ਮਾਣਦਾ ਨਜ਼ਰੀ ਆਉਂਦਾ ਹੈ।

ਜੇਠ ਦੇ ਮਹੀਨੇ 'ਚ ਕਿਸਾਨ ਅਗਲੀ ਫ਼ਸਲ ਦੀ ਬਿਜਾਈ ਕਰਨ ਦੀ ਵਿਉਂਤਬੰਦੀ ਕਰਦੇ ਹਨ। ਜੇਠ ਦੇ ਮਹੀਨੇ ਖੇਤ ਦੂਰ-ਦੂਰ ਤੱਕ ਜਿਆਦਾਤਰ ਖਾਲੀ ਹੀ ਨਜ਼ਰ ਆਉਂਦੇ ਹਨ, ਦੂਰ-ਦੂਰ ਤੱਕ ਖਾਲੀ ਪਏ ਖੇਤਾਂ ਦਾ ਕਾਰਨ ਇਕ ਇਹ ਵੀ ਹੈ ਕਿ ਮੌਜੂਦਾ ਸਮੇਂ ਕਿਸਾਨ ਦੋ ਹੀ ਮੁੱਖ ਫ਼ਸਲਾਂ ਦੀ ਬਿਜਾਈ ਕਰਦੇ ਹਨ, ਇਕ ਕਣਕ ਤੇ ਦੂਜੀ ਜ਼ੀਰੀ, ਜੇ ਕਿਤੇ ਨਾਲ ਹੋਰ ਫਸਲਾਂ ਦੀ ਬਿਜਾਈ ਵੀ ਕੀਤੀ ਜਾਵੇ ਤਾਂ ਜੇਠ ਦੇ ਮਹੀਨੇ 'ਚ ਦੂਰ-ਦੂਰ ਤੱਕ ਖੇਤ ਇਉਂ ਖਾਲੀ ਨਜ਼ਰੀ ਨਾ ਆਉਣ ਨਾਲ ਹੀ ਧਰਤੀ ਦੀ ਤਪਸ਼ ਘਟਾਉਣ ਲਈ ਸਾਨੂੰ ਇਸ ਕਣਕ,ਜ਼ੀਰੀ ਦੇ ਫਸਲੀ ਚੱਕਰ 'ਚੋਂ ਨਿਕਲ ਹੋਰ ਮੌਸਮੀ ਫਸਲਾਂ ਦੀ ਪੈਦਾਵਾਰ ਵਧਾਉਣੀ ਪਵੇਗੀ। ਜਿਸ ਦੇ ਨਤੀਜੇ ਵਜੋਂ ਧਰਤੀ ਦੀ ਤਪਸ਼ ਘਟੇਗੀ, ਪਾਣੀ ਦੀ ਵਰਤੋਂ ਘਟੇਗੀ ਅਤੇ ਤੇਜੀ ਨਾਲ ਮੌਸਮੀ ਬਦਲਾਓ 'ਚ ਆਉਂਦੀ ਖ਼ਤਰਨਾਕ ਤਬਦੀਲੀ ਘਟੇਗੀ, ਸੋ ਖ਼ਤਰਨਾਕ ਮੌਸਮੀ ਬਦਲਾ ਨੂੰ ਰੋਕਣ ਲਈ ਸਾਨੂੰ ਖੁਦ ਨੂੰ ਬਦਲਣਾ ਪਵੇਗਾ। ਕੁਦਰਤ ਨਾਲ ਛੇੜਛਾੜ ਕਰਨੀ ਬੰਦ ਕਰਨੀ ਹੋਵੇਗੀ, ਕੁਦਰਤੀ ਸਰੋਤਾਂ ਦਾ ਦੁਰਉਪਯੋਗ ਬੰਦ ਕਰਨਾ ਹੋਵੇਗਾ ਤਾਂ ਜੋ ਕੋਈ ਵੀ ਮਹੀਨਾ ਮੌਸਮੀ ਤਬਦੀਲੀ ਕਾਰਨ ਆਪਣਾ ਪੁਰਾਤਨ ਵਜੂਦ ਨਾ ਗੁਆ ਬੈਠੇ।

ਇਹ ਵੀ ਦੇਖਣ, ਸੁਣਣ 'ਚ ਆਇਆ ਹੈ ਕਿ ਪੁਰਾਤਨ ਸਮਿਆਂ 'ਚ ਜਿਸ ਮਹੀਨੇ ਬੱਚੇ ਨੇ ਜਨਮ ਲੈਣਾ ਤਾਂ ਘਰ ਦੇ ਬਜ਼ੁਰਗਾਂ ਨੇ ਉਸ ਮਹੀਨੇ 'ਤੇ ਹੀ ਝੱਟ-ਪੱਟ ਜਨਮ ਲੈਣ ਵਾਲੇ ਬੱਚੇ ਦਾ ਨਾਂਅ ਰੱਖ ਦੇਣਾ ਜਿਵੇਂ ਜੇਠ ਮਹੀਨਾ ਚੱਲ ਰਿਹਾ ਹੈ ਤਾਂ ਜੇਠੁ ਮੱਲ, ਜੇਠਾ ਸਿਉਂ, ਜੇਠੇ ਖਾਂ ਆਦਿ। ਜੇਠ ਮਹੀਨੇ ਦਾ ਪੰਜਾਬੀ ਸੱਭਿਆਚਾਰ ਨਾਲ ਵੀ ਗੂੜ੍ਹਾ ਸਬੰਧ ਹੈ, ਜਿੱਥੇ ਜੇਠ ਸ਼ਬਦ ਜੇਠ ਮਹੀਨੇ ਨਾਲ ਸਬੰਧਤ ਹੈ, ਉੱਥੇ ਹੀ ਜੇਠ ਸ਼ਬਦ ਸਮਾਜਕ ਰਿਸ਼ਤਿਆਂ 'ਚ ਵੀ ਕਈ ਥਾਈਂ ਵਰਤਿਆ ਜਾਂਦਾ ਹੈ। ਸਮਾਜਕ ਰਿਸ਼ਤਿਆਂ 'ਚ ਜੇਠ ਸ਼ਬਦ ਦਾ ਸ਼ਾਬਦਿਕ ਅਰਥ ਵੱਡਾ ਹੁੰਦਾ ਹੈ, ਘਰ 'ਚ ਪਹਿਲੇ ਜਨਮ ਲੈਣ ਵਾਲੇ ਬੱਚੇ ਨੂੰ ਜੇਠਾ ਕਿਹਾ ਜਾਂਦਾ, ਜੋ ਅੱਜ ਵੀ ਪ੍ਰਚੱਲਤ ਹੈ। ਇਉਂ ਹੀ ਪੁਰਾਤਨ ਸਮਿਆਂ 'ਚ ਘਰ ਦੇ ਮੋਢੀ ਪੁਰਸ਼ ਨੂੰ ਵੀ ਜੇਠ ਆਖ ਬੁਲਾਇਆ ਜਾਂਦਾ ਸੀ ਅਤੇ ਵਿਆਹੁਤਾ ਜੀਵਨ ਹੰਢਾ ਰਹੀਆਂ ਇਸਤਰੀਆਂ ਦਾ ਆਪਣੇ ਪਤੀ ਦੇ ਵੱਡੇ ਭਰਾ ਨਾਲ ਰਿਸ਼ਤਾ ਵੀ ਜੇਠ ਵਾਲਾ ਹੁੰਦਾ ਹੈ।

ਜਿੱਥੇ ਜੇਠ ਮਹੀਨਾ ਆਪਣੇ ਕੁਦਰਤੀ ਸੁਭਾ ਕਾਰਨ ਗਰਮ ਮਹੀਨਾ ਤਾਂ ਹੁੰਦਾ ਹੀ ਹੈ ਉੱਥੇ ਹੀ ਇਸ ਮਹੀਨੇ ਦੀ ਤਪਸ਼ ਵਧਾਉਣ 'ਚ ਮਨੁੱਖ ਨੇ ਵੀ ਕੋਈ ਕਸਰ ਬਾਕੀ ਨਹੀ ਛੱਡੀ, ਰੁੱਖਾਂ ਦੀ ਅੰਨੇਵਾਹ ਕਟਾਈ, ਪਾਣੀ ਦੀ ਦੁਰਵਰਤੋਂ, ਇਸੇ ਜੇਠ ਮਹੀਨੇ ਕਣਕ ਦੀ ਕਟਾਈ ਤੋਂ ਮਗਰੋਂ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਵਾਤਾਵਰਨ ਗੰਦਲਾ ਕਰਨ ਦੇ ਨਾਲ-ਨਾਲ ਤਪਸ਼ ਵੀ ਵਧਾ ਰਹੇ ਹਾਂ। ਦੂਜੇ ਪਾਸੇ ਜੇਠ ਮਹੀਨਾ ਚੜ੍ਹਦੇ ਹੀ ਮੋਟਰ ਗੱਡੀਆਂ, ਦਫ਼ਰਤਾ, ਘਰੇਲੂ ਤੇ ਵਪਾਰਕ ਥਾਵਾਂ ਤੇ ਚੱਲਦੇ ਏਅਰਕੰਡੀਸ਼ਨ ਜੋ ਇਨ੍ਹਾਂ ਕੰਕਰੀਟ ਦੀਆ ਇਮਾਰਤਾਂ ਨੂੰ ਤਾਂ ਅੰਦਰੋਂ ਬੇਸ਼ੱਕ ਆਰਜ਼ੀ ਤੋਰ ਤੇ ਠੰਡਾ ਕਰਦੇ ਹਨ ਪ੍ਰੰਤੂ ਬਾਹਰੀ ਤਪਸ਼ ਵਧਾਉਣ 'ਚ ਆਪਣਾ ਪੂਰਾ ਯੋਗਦਾਨ ਪਾਉਂਦੇ ਹਨ, ਇਹ ਏਅਰਕੰਡੀਸ਼ਨ ਬਾਹਰ ਵੱਲ ਛੱਡਦੇ ਗਰਮ ਹਵਾ ਵਾਤਾਵਰਨ 'ਚ ਗਰਮੀ ਵਧਾਉਣ ਦਾ ਕੰਮ ਕਰਦੇ ਹਨ ਤੇ ਅਸੀ ਦੋਸ਼ ਕੱਲਾ ਜੇਠ ਮਹੀਨੇ ਨੂੰ ਦਈ ਜਾਂਦੇ ਹਾਂ। ਅਸੀ ਜੇਠ ਮਹੀਨੇ ਦੀ ਤਪਸ਼ ਘਟਾ ਸਕਦੇ ਹਾਂ, ਆਪਣੇ ਆਲੇ;ਦੁਆਲੇ ਰੁੱਖ ਲਗਾ, ਆਪਣੀ ਧਰਤੀ ਤੇ ਜੰਗਲ ਹੇਠ ਰਕਬਾ ਵਧਾ, ਜਿੱਥੇ ਇਕ ਖ਼ੂਬਸੂਰਤ ਵਾਤਾਵਰਨ ਸਿਰਜ ਸਕਦੇ ਹਾਂ ਉੱਥੇ ਹੀ ਤਪਦੇਂ ਜੇਠ ਮਹੀਨੇ ਨੂੰ ਕੁਝ ਹੱਦ ਤੱਕ ਠਾਰਣ ਦਾ ਯਤਨ ਵੀ ਕਰ ਸਕਦੇ ਹਾਂ।

# ਭਾਰਤ ’ਚ ਅਜੀਬੋ-ਗ਼ਰੀਬ ਨਾਂਅ ਵਾਲੇ ਰੇਲਵੇ ਸਟੇਸ਼ਨ













ਭਾਰਤੀ ਰੇਲਵੇ ਸਟੇਸ਼ਨ, ਜੋ ਦੇਸ਼ ਦੀ ਜੀਵਨ ਰੇਖਾ ਬਣ ਗਿਆ ਹੈ, ਹਰ ਰੋਜ਼ ਲੱਖਾਂ ਲੋਕ ਇੱਥੋਂ ਤੱਕ ਜਾਂਦੇ ਹਨ। ਇਸ ਦੌਰਾਨ, ਤੁਹਾਨੂੰ ਕਈ ਸਟੇਸ਼ਨਾਂ ’ਤੇ ਬੋਰਡਾਂ ’ਤੇ ਨਾਮ ਵੀ ਲਟਕਦੇ ਨਜ਼ਰ ਆਉਣਗੇ। ਇਨ੍ਹਾਂ ਵਿੱਚੋਂ ਕੁਝ ਨਾਂ ਬਹੁਤ ਅਜੀਬ ਹਨ। ਕਈ ਵਾਰ ਅਸੀਂ ਪੜ੍ਹ ਕੇ ਹੱਸਦੇ ਹਾਂ ਅਤੇ ਸੋਚਦੇ ਹਾਂ ਕਿ ‘ਇਹੋ ਜਿਹੇ ਨਾਮ ਕਿਸ ਦੇ ਹੋਣਗੇ ?’ ਅੱਜ ਅਸੀਂ ਤੁਹਾਨੂੰ ਕੁਝ ਅਜਿਹੇ ਹੀ ਰੇਲਵੇ ਸਟੇਸ਼ਨਾਂ ਦੇ ਨਾਵਾਂ ਤੋਂ ਜਾਣੂੰ ਕਰਵਾਉਣ ਜਾ ਰਹੇ ਹਾਂ। ਇਨ੍ਹਾਂ ਦਾ ਨਾਂ ਸੁਣ ਕੇ ਤੁਹਾਡਾ ਹਾਸਾ ਆ ਜਾਵੇਗਾ।










### ਬਾਪ ਰੇਲਵੇ ਸਟੇਸ਼ਨ

ਨਾਮ ਤੋਂ ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਸਟੇਸ਼ਨ ਸਾਰੇ ਸਟੇਸ਼ਨਾਂ ਦਾ ਪਿਤਾ ਹੋਵੇਗਾ, ਪਰ ਇਹ ਰੇਲਵੇ ਸਟੇਸ਼ਨ ਰਾਜਸਥਾਨ ਦੇ ਜੋਧਪੁਰ ਵਿੱਚ ਸਥਿਤ ਇੱਕ ਬਹੁਤ ਛੋਟਾ ਸਟੇਸ਼ਨ ਹੈ।

### ਨਾਨਾ ਰੇਲਵੇ ਸਟੇਸ਼ਨ

ਹੁਣ ਜਦੋਂ ਪਿਤਾ ਦੇ ਨਾਮ ਦਾ ਸਟੇਸ਼ਨ ਆ ਗਿਆ ਹੈ ਤਾਂ ਨਾਨਕੇ ਦਾ ਸਟੇਸ਼ਨ ਵੀ ਹੋਵੇਗਾ। ਨਾਨਾ ਸਟੇਸ਼ਨ ਰਾਜਸਥਾਨ ਵਿੱਚ ਵੀ ਮੌਜੂਦ ਹੈ। ਇਹ ਰੇਲਵੇ ਸਟੇਸ਼ਨ ਰਾਜ ਵਿੱਚ ਸਿਰੋਹੀ ਪਿੰਡਵਾੜਾ ਨਾਮਕ ਸਥਾਨ ’ਤੇ ਸਥਿਤ ਹੈ। ਨਾਨਾ ਦੀ ਗੱਲ ਸੁਣਨ ਤੋਂ ਬਾਅਦ ਕੀ ਤੁਸੀਂ ਨਾਨਾ ਪਾਟੇਕਰ ਦਾ ਸਟੇਸ਼ਨ ਨਹੀਂ ਸਮਝ ਰਹੇ ਹੋ ?

### ਓਡਨੀਆ ਚਾਚਾ ਰੇਲਵੇ ਸਟੇਸ਼ਨ

ਇਹ ਸਟੇਸ਼ਨ ਉੱਤਰ-ਪੱਛਮੀ ਰੇਲਵੇ ਦੇ ਜੋਧਪੁਰ ਡਿਵੀਜ਼ਨ ਵਿੱਚ ਪੈਂਦਾ ਹੈ। ਇਹ ਸਟੇਸ਼ਨ ਰਾਜਸਥਾਨ ਦੇ ਪੋਖਕਰ ਦੇ ਬਹੁਤ ਨੇੜੇ ਹੈ।

### ਸਾਲੀ ਰੇਲਵੇ ਸਟੇਸ਼ਨ

ਇਹ ਨਾਂ ਸੁਣ ਕੇ ਲੱਗਦਾ ਹੈ ਕਿ ਜੇ ਇਸ ਦੇ ਨਾਲ ਹੀ ਜੀਜਾ ਨਾਂ ਦਾ ਕੋਈ ਹੋਰ ਸਟੇਸ਼ਨ ਹੁੰਦਾ ਤਾਂ ਜੀਜਾ-ਸਾਲੀ ਦੀ ਜੋੜੀ ਬਹੁਤ ਵਧੀਆ ਹੋਣੀ ਸੀ। ਇਹ ਸਟੇਸ਼ਨ ਜੋਧਪੁਰ ਜ਼ਿਲ੍ਹੇ ਡੱਡੂ ਵਿੱਚ ਸਥਿਤ ਹੈ। ਇਹ ਸਟੇਸ਼ਨ ਉੱਤਰ-ਪੱਛਮੀ ਰੇਲਵੇ ਨਾਲ ਜੁੜਿਆ ਹੋਇਆ ਹੈ।

### ਸਹੇਲੀ ਰੇਲਵੇ ਸਟੇਸ਼ਨ

ਸਹੇਲੀਆਂ ਦਾ ਸਟੇਸ਼ਨ ਵੀ ਆ ਗਿਆ ! ਇਹ ਰੇਲਵੇ ਸਟੇਸ਼ਨ ਮੱਧ ਪ੍ਰਦੇਸ਼ ਵਿੱਚ ਭੋਪਾਲ ਅਤੇ ਇਟਾਰਸੀ ਦੇ ਨੇੜੇ ਹੈ। ਇਹ ਸਟੇਸ਼ਨ ਮੱਧ ਰੇਲਵੇ ਦੇ ਨਾਗਪੁਰ ਡਿਵੀਜ਼ਨ ਵਿੱਚ ਸਥਿਤ ਹੈ। ਕਿੰਨਾ ਅਜੀਬ ਲੱਗਦਾ ਹੈ ਜਦੋਂ ਤੁਸੀਂ ਆਪਣੀ ਮਾਂ ਨੂੰ ਕਹਿੰਦੇ ਹੋ, ‘ਮਾਂ, ਮੈਂ ‘ਸਹੇਲੀ’ ਜਾ ਰਿਹਾ ਹਾਂ’।

### ਕਾਲਾ ਬਕਰਾ ਰੇਲਵੇ ਸਟੇਸ਼ਨ

ਇਹ ਰੇਲਵੇ ਸਟੇਸ਼ਨ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਪੈਂਦਾ ਹੈ ਅਤੇ ਇਸ ਸਟੇਸ਼ਨ ਦਾ ਨਾਂ ਸਿਰਫ਼ ਬੱਕਰਾ ਨਹੀਂ ਸਗੋਂ ਪੂਰੇ ਸਤਿਕਾਰ ਨਾਲ ‘ਕਾਲਾ ਬੱਕਰਾ’ ਕਿਹਾ ਜਾਣਾ ਚਾਹੀਦਾ ਹੈ।

### ਸੂਰ ਰੇਲਵੇ ਸਟੇਸ਼ਨ

ਹਾਲਾਂਕਿ ਭਾਰਤ ’ਚ ਤੁਹਾਨੂੰ ਕਈ ਚਿੜੀਆਘਰਾਂ ’ਚ ਕਈ ਜਾਨਵਰ ਦੇਖਣ ਨੂੰ ਮਿਲਣਗੇ ਪਰ ਸਾਨੂੰ ਨਹੀਂ ਪਤਾ ਸੀ ਕਿ ਸਟੇਸ਼ਨ ਦਾ ਨਾਂ ਵੀ ਪਿਗ ਜਾਂ ਬਲੈਕ ਗੋਟ ਸਟੇਸ਼ਨ ਰੱਖਿਆ ਜਾਵੇਗਾ। ਸੂਰ ਉੱਤਰ ਪ੍ਰਦੇਸ਼ ਰਾਜ ਦੇ ਰਾਮਪੁਰ ਜ਼ਿਲ੍ਹੇ ਵਿੱਚ ਸਥਿਤ ਇੱਕ ਪਿੰਡ ਹੈ। ਰਾਮਪੁਰ, ਮੁਰਾਦਾਬਾਦ ਅਤੇ ਅਮਰੋਹਾ ਸੂਰ ਦੇ ਸਭ ਤੋਂ ਨੇੜਲੇ ਵੱਡੇ ਸਟੇਸ਼ਨ ਹਨ।

### ਬੀਬੀ ਨਗਰ ਰੇਲਵੇ ਸਟੇਸ਼ਨ

ਦੱਖਣੀ-ਮੱਧ ਰੇਲਵੇ ਦੇ ਵਿਜੇਵਾੜਾ ਡਿਵੀਜ਼ਨ ਦਾ ਇਹ ਰੇਲਵੇ ਸਟੇਸ਼ਨ ਤੇਲੰਗਾਨਾ ਵਿੱਚ ਮੌਜੂਦ ਹੈ। ਇਹ ਸਟੇਸ਼ਨ ਤੇਲੰਗਾਨਾ ਦੇ ਭੁਵਾਨੀਨਗਰ ਜ਼ਿਲ੍ਹੇ ਵਿੱਚ ਸਥਿਤ ਹੈ। ਤੁਹਾਨੂੰ ਦੱਸ ਦੇਈਏ ਕਿ ਇਸ ਰੇਲਵੇ ਸਟੇਸ਼ਨ ਦਾ ਕਿਸੇ ਵਿਅਕਤੀ ਦੀ ਪਤਨੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

### ਭੈਂਸਾ ਰੇਲਵੇ ਸਟੇਸ਼ਨ

ਇਸ ਸਟੇਸ਼ਨ ਤੋਂ ਬਹੁਤੀਆਂ ਰੇਲ ਗੱਡੀਆਂ ਨਹੀਂ ਲੰਘਦੀਆਂ। ਇਸਦਾ ਨਾਮ 50,000 ਦੀ ਆਬਾਦੀ ਵਾਲੇ ਤੇਲੰਗਾਨਾ ਦੇ ਨਿਰਮਲ ਜ਼ਿਲ੍ਹੇ ਵਿੱਚ ਸਥਿਤ ਭੈਂਸਾ ਕਸਬੇ ਦੇ ਨਾਮ ਉੱਤੇ ਰੱਖਿਆ ਗਿਆ ਹੈ।

### ਬਿੱਲੀ ਜੰਕਸ਼ਨ

ਇਹ ਸਟੇਸ਼ਨ ਉੱਤਰ ਪ੍ਰਦੇਸ਼ ਦੇ ਸੋਨਭੱਦਰ ਜ਼ਿਲ੍ਹੇ ਵਿੱਚ ਸਥਿਤ ਹੈ ਅਤੇ ਇਹ ਇੱਕ ਛੋਟਾ ਜਿਹਾ ਪਿੰਡ ਵੀ ਹੈ। ਕਿਸੇ ਸਮੇਂ ਇਹ ਸਥਾਨ ਬਿੱਲੀਆਂ ਦੇ ਮਿਲਣ ਦਾ ਸਥਾਨ ਹੁੰਦਾ ਹੋਵੇਗਾ, ਪਰ ਬਦਕਿਸਮਤੀ ਨਾਲ, ਹੁਣ ਇਹ ਸਿਰਫ਼ ਇੱਕ ਬੋਰਡਿੰਗ ਸਟੇਸ਼ਨ ਹੈ।

### ਕੁੱਤਾ ਰੇਲਵੇ ਸਟੇਸ਼ਨ

ਕੁੱਤਾ ਕਰਨਾਟਕ ਰਾਜ ਦਾ ਇੱਕ ਛੋਟਾ ਜਿਹਾ ਪਿੰਡ ਹੈ, ਜੋ ਕੂਰਗ ਖੇਤਰ ਦੇ ਕਿਨਾਰੇ ’ਤੇ ਸਥਿਤ ਹੈ। ਇਸ ਸਥਾਨ ਦੀ ਕੁਦਰਤੀ ਸੁੰਦਰਤਾ ਅਤੇ ਜੰਗਲੀ ਜੀਵਣ ਦਾ ਸਾਹਸ ਵੇਖਣ ਵਾਲਾ ਹੈ।

### ਭਾਗਾ ਰੇਲਵੇ ਸਟੇਸ਼ਨ

ਇਹ ਰੇਲਵੇ ਸਟੇਸ਼ਨ ਝਾਰਖੰਡ ਵਿੱਚ ਸਥਿਤ ਹੈ, ਜਿੱਥੋਂ ਕਈ ਟਰੇਨਾਂ ਚੱਲਦੀਆਂ ਹਨ। ਇਸ ਲਈ ਇਸ ਨਾਮ ਤੋਂ ਇਹ ਨਾ ਸੋਚੋ ਕਿ ਇੱਥੇ ਪਹੁੰਚਣ ਤੋਂ ਬਾਅਦ ਤੁਹਾਨੂੰ ਦੌੜਨਾ ਪਏਗਾ, ਹਾਂ ਜੇ ਰੇਲਗੱਡੀ ਚੱਲ ਪਈ ਤਾਂ ਤੁਹਾਨੂੰ ਦੌੜਨਾ ਪੈ ਸਕਦਾ ਹੈ।

### ਸਿੰਗਾਪੁਰ ਰੇਲਵੇ ਸਟੇਸ਼ਨ

ਚਿੰਤਾ ਨਾ ਕਰੋ, ਤੁਹਾਨੂੰ ਇਸ ਸਿੰਗਾਪੁਰ ਯਾਤਰਾ ਲਈ ਵੀਜ਼ੇ ਦੀ ਲੋੜ ਨਹੀਂ ਪਵੇਗੀ। ਸਿੰਗਾਪੁਰ ਰੋਡ ਸਟੇਸ਼ਨ ਓਡੀਸ਼ਾ ਵਿੱਚ ਹੈ। ਕਈ ਐਕਸਪ੍ਰੈਸ ਰੇਲ ਗੱਡੀਆਂ ਇਸ ਸਟੇਸ਼ਨ ਨੂੰ ਪਾਰ ਕਰਦੀਆਂ ਹਨ ਅਤੇ ਭਾਰਤ ਵਿੱਚ ਵੱਖ-ਵੱਖ ਰੂਟਾਂ ’ਤੇ ਚੱਲਦੀਆਂ ਹਨ।

### ਦਾਰੂ ਰੇਲਵੇ ਸਟੇਸ਼ਨ

ਦਾਰੂ ਅਸਲ ਵਿੱਚ ਝਾਰਖੰਡ ਦੇ ਹਜ਼ਾਰੀਬਾਗ ਜ਼ਿਲ੍ਹੇ ਦਾ ਇੱਕ ਪਿੰਡ ਹੈ ਅਤੇ ਸਟੇਸ਼ਨ ਦਾ ਨਾਮ ਇਸ ਤੋਂ ਪ੍ਰੇਰਿਤ ਹੈ।

### ਦੀਵਾਨਾ ਰੇਲਵੇ ਸਟੇਸ਼ਨ

ਇਹ ਸਟੇਸ਼ਨ ਹਰਿਆਣਾ ਦੇ ਪਾਣੀਪਤ ਦੇ ਨੇੜੇ ਹੈ। ਇੱਥੇ ਰੋਜ਼ਾਨਾ ਦੋ ਪਲੇਟਫਾਰਮਾਂ ’ਤੇ 16 ਟਰੇਨਾਂ ਰੁਕਦੀਆਂ ਹਨ। ਇਸ ਰੇਲਵੇ ਸਟੇਸ਼ਨ ’ਤੇ ਆ ਕੇ ਤੁਸੀਂ ਦੀਵਾਨਾ ਹੋ ਸਕਦੇ ਹੋ।



# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS
NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

ROAD SQUAD

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035



# ਵਾਤਾਵਰਣ



# ਪੰਜਾਬ 'ਚ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਜ਼ਹਿਰੀਲਾ ਹੋ ਰਿਹੈ ਅਨਾਜ

## ਫ਼ਸਲਾਂ ਤੇ ਸਬਜ਼ੀਆਂ 'ਤੇ ਰਹਿ ਜਾਂਦੈ ਕੀਟਨਾਸ਼ਕਾਂ ਦਾ ਅਸਰ

ਪੰਜਾਬ 'ਚ ਫ਼ਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਕਿਸਾਨਾਂ ਵੱਲੋਂ ਕੀਟਨਾਸ਼ਕਾਂ ਦੀ ਵਰਤੋ ਕੀਤੀ ਜਾਂਦੀ ਹੈ, ਪਰ ਇਕ ਅਧਿਐਨ ਅਨੁਸਾਰ ਫ਼ਸਲਾਂ 'ਤੇ ਵਰਤੇ ਜਾਂਦੇ ਕੀਟਨਾਸ਼ਕਾਂ ਦਾ ਅਸਰ ਸਬਜੀਆਂ ਅਤੇ ਹੋਰ ਫਸਲਾਂ ਤੇ ਵੀ ਹੋ ਜਾਂਦਾ ਹੈ, ਜਿਸ ਕਾਰਨ ਇਹ ਕੀਟਨਾਸ਼ਕ ਜਿਥੇ ਵਾਤਾਵਰਣ ਲਈ ਘਾਤਕ ਹਨ, ਉਥੇ ਇਹਨਾਂ ਕੀਟਨਾਸ਼ਕਾਂ ਦਾ ਮਨੁੱਖੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ।

ਇਕ ਅਧਿਐਨ ਵਿੱਚ ਸਾਹਮਣੇ ਆਇਆ ਸੀ ਕਿ ਦੇਸ਼ ਭਰ ਵਿੱਚ ਕੀਟਨਾਸ਼ਕਾਂ ਦੀ ਪ੍ਰਤੀ ਹੈਕਟੇਅਰ ਖ਼ਪਤ ਦੇ ਮਾਮਲੇ ਵਿੱਚ ਪੰਜਾਬ ਪਹਿਲੇ ਨੰਬਰ 'ਤੇ ਹੈ। ਆਪਣੀਆਂ ਫ਼ਸਲਾਂ ਨੂੰ ਕੀੜਿਆਂ ਆਦਿ ਤੋਂ ਬਚਾਉਣ ਲਈ ਇੱਥੇ ਦੇ ਕਿਸਾਨ ਕੀਟਨਾਸ਼ਕਾਂ ਦੀ ਤਾਬੜਤੋੜ ਵਰਤੋਂ ਕਰਦੇ ਹਨ ਪਰ ਅਧਿਐਨ ਦੱਸਦੇ ਹਨ ਕਿ ਇਸ ਦਾ ਵਾਤਾਵਰਣ ਨੂੰ ਜੋ ਨੁਕਸਾਨ ਹੁਣ ਤੱਕ ਹੋ ਚੁੱਕਿਆ ਹੈ, ਉਸ ਤੋਂ ਉਭਰਨ ਵਿੱਚ ਕਈ ਵਰ੍ਹੇ ਲੱਗ ਸਕਦੇ ਹਨ ਅਤੇ ਉਹ ਵੀ ਉਦੋਂ, ਜਦੋਂ ਇਨ੍ਹਾਂ ਦੀ ਵਰਤੋਂ ਹੁਣੇ ਰੋਕ ਦਿੱਤੀ ਜਾਵੇ। ਆਲਮ ਇਹ ਹੈ ਕਿ ਇਹ ਕੀਟਨਾਸ਼ਕ ਮਿੱਟੀ, ਪਾਣੀ, ਹਵਾ ਅਤੇ ਬਨਸਪਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ। ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਜਾਂ ਜੰਗਲੀ ਬੂਟੀ ਲਈ ਵਰਤੋਂ ਵਿੱਚ ਲਿਆਏ ਜਾਂਦੇ ਕੀਟਨਾਸ਼ਕ ਪੰਛੀਆਂ, ਕੀੜਿਆਂ ਅਤੇ ਪੌਦਿਆਂ ਲਈ ਜ਼ਹਿਰੀਲੇ ਵੀ ਸਾਬਤ ਹੋ ਰਹੇ ਹਨ। ਇੰਝ ਤਾਂ ਪੂਰੇ ਪੰਜਾਬ ਵਿੱਚ ਹੀ ਕੀਟਨਾਸ਼ਕਾਂ ਦੀ ਕਿਸਾਨ ਖ਼ੂਬ ਵਰਤੋਂ ਕਰਦੇ ਹਨ ਪਰ ਮਾਲਵਾ ਖੇਤਰ ਸੂਬੇ ਦੇ ਕੁਲ ਕੀਟਨਾਸ਼ਕਾਂ ਦਾ ਕਰੀਬ 75 ਫ਼ੀਸਦੀ ਖ਼ਪਤ ਕਰਦਾ ਹੈ ਅਤੇ ਇਸ ਨਾਲ ਸਥਾਨਕ ਆਬਾਦੀ ਦੀ ਸਿਹਤ ਅਤੇ ਖੇਤਰ ਵਿੱਚ ਵਾਤਾਵਰਣ ਨੂੰ ਖ਼ਤਰਾ ਲਗਾਤਾਰ ਵਧਦਾ ਜਾ ਰਿਹਾ ਹੈ। ਕੈਂਸਰ ਦੇ ਮਾਮਲਿਆਂ ਵਿੱਚ ਬੀਤੇ 2-3 ਦਹਾਕੇ ਦੌਰਾਨ ਮਾਲਵਾ ਵਿੱਚ ਆਏ ਉਛਾਲ ਅਤੇ ਪ੍ਰਜਣਨ ਸਬੰਧੀ ਬਿਮਾਰੀਆਂ ਵਿੱਚ ਹੋਏ ਵਾਧੇ ਕਾਰਣ ਉਸ ਇਲਾਕੇ ਵਿੱਚ ਕੀਟਨਾਸ਼ਕਾਂ ਨੂੰ ਹੀ ਸ਼ੱਕ ਦੇ ਦਾਇਰੇ ਵਿੱਚ ਰੱਖਿਆ ਜਾ ਰਿਹਾ ਹੈ।

**ਮਿੱਟੀ ਦੀ ਗੁਣਵੱਤਾ 'ਤੇ ਵੀ ਪੈ ਰਿਹਾ ਅਸਰ**

ਬਹੁਤ ਜ਼ਿਆਦਾ ਕੀਟਨਾਸ਼ਕਾਂ ਦੀ ਵਰਤੋਂ ਨਾਲ ਭੂਮੀ ਵਿੱਚ ਫ਼ਸਲਾਂ ਲਈ ਲਾਭਕਾਰੀ ਸੂਖਸ਼ਮਜੀਵਾਂ ਵਿੱਚ ਵੀ ਕਮੀ ਆ ਰਹੀ ਹੈ ਅਤੇ ਨਾਲ ਹੀ ਲੰਬੇ ਸਮੇਂ ਤੋਂ ਇਨ੍ਹਾਂ ਦੀ ਵਰਤੋਂ ਨਾਲ ਮਿੱਟੀ ਦੀ ਗੁਣਵੱਤਾ ਵੀ ਖ਼ਰਾਬ ਹੋ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਕੀਟਨਾਸ਼ਕ ਸਿਰਫ਼ ਉਸੇ ਖੇਤਰ ਨੂੰ ਪ੍ਰਭਾਵਿਤ ਨਹੀਂ ਕਰਦੇ, ਜਿੱਥੇ ਉਹ ਪਾਏ ਜਾਂਦੇ ਹਨ, ਸਗੋਂ ਸਪ੍ਰੇਅ ਕਰਨ 'ਤੇ ਉਹ ਹਵਾ ਰਾਹੀਂ ਤੇਜ਼ੀ ਨਾਲ ਆਸਪਾਸ ਫੈਲ ਕੇ ਦੂਰ ਦੇ ਖੇਤਰਾਂ ਵਿੱਚ ਵੀ ਜੋਖਮ ਪੈਦਾ ਕਰ ਸਕਦੇ ਹਨ। ਕੀਟਨਾਸ਼ਕ ਮਿੱਟੀ ਅਤੇ ਸਿੰਚਾਈ ਦੇ ਸਮੇਂ ਦਿੱਤੇ ਗਏ ਪਾਣੀ ਨਾਲ ਭੂਜਲ ਨੂੰ ਵੀ ਪ੍ਰਦੂਸ਼ਿਤ ਕਰ ਰਹੇ ਹਨ। ਇਕ ਤਰ੍ਹਾਂ ਨਾਲ ਕੀਟਨਾਸ਼ਕ ਸਾਡੀ ਖੁਰਾਕ ਲੜੀ ਵਿਚ ਦਾਖ਼ਲ ਹੋ ਚੁੱਕੇ ਹਨ। ਭਾਵ ਅਸੀਂ ਜੋ ਵੀ ਸਬਜ਼ੀ, ਫ਼ਲ ਜਾਂ ਅਨਾਜ ਖਾਂਦੇ ਹਾਂ, ਉਸ ਰਾਹੀਂ ਕੀਟਨਾਸ਼ਕ ਵੀ ਲੈ ਰਹੇ ਹਾਂ, ਜਿਸ ਦਾ ਅਸਰ ਹੌਲੀ-ਹੌਲੀ ਸਾਹਮਣੇ ਆ ਰਿਹਾ ਹੈ।

**ਤੈਅ ਮਾਨਦੰਡਾਂ ਤੋਂ ਜ਼ਿਆਦਾ ਪਾਈਆਂ ਗਈਆਂ ਸਬਜ਼ੀਆਂ ਵਿੱਚ ਭਾਰੀ ਧਾਤਾਂ:** ਕੀਟਨਾਸ਼ਕ ਅਵਸ਼ੇਸ਼ਾਂ ਵਿੱਚ ਭਾਰੀ ਧਾਤਾਂ ਸ਼ਾਮਲ ਹੋ ਸਕਦੀਆਂ ਹਨ ਜੋ ਪਾਣੀ, ਮਿੱਟੀ ਵਿੱਚ ਛੱਡੀਆਂ ਜਾਂਦੀਆਂ ਹਨ। ਵੱਖ-ਵੱਖ ਅਧਿਐਨਾਂ ਨਾਲ ਇਹ ਗੱਲ ਵੀ ਸਾਹਮਣੇ ਆਈ ਕਿ ਭਾਰੀ ਧਾਤਾਂ ਵਾਲੇ ਭੋਜਨ ਅਤੇ ਪਾਣੀ ਦਾ ਲੰਬੇ ਸਮੇਂ ਤੱਕ ਸੇਵਨ ਸਿਹਤ ਲਈ ਬੇਹੱਦ ਨੁਕਸਾਨਦਾਇਕ ਹੋ ਸਕਦਾ ਹੈ, ਜਿਸ ਨਾਲ ਫੇਫੜੇ, ਗੁਰਦੇ ਸਮੇਤ ਸਰੀਰ ਦੇ ਪ੍ਰਮੁੱਖ ਅੰਗਾਂ ਨੂੰ ਨੁਕਸਾਨ ਹੋ ਸਕਦਾ ਹੈ। ਹਾਲਾਂਕਿ ਬਹੁਤ ਘੱਟ ਅਧਿਐਨਾਂ ਨੇ ਖੇਤਰ ਵਿੱਚ ਵਾਤਾਵਰਣ, ਭੋਜਨ, ਸਬਜ਼ੀਆਂ ਅਤੇ ਪਾਣੀ 'ਤੇ ਕੀਟਨਾਸ਼ਕਾਂ ਦੇ ਪ੍ਰਭਾਵ ਅਤੇ ਸਥਾਨਕ ਲੋਕਾਂ ਵਲੋਂ ਸਾਹਮਣਾ ਕੀਤੀਆਂ ਜਾਣ ਵਾਲੀਆਂ ਕਮਜ਼ੋਰ ਸਿਹਤ ਸਮੱਸਿਆਵਾਂ ਦੇ ਨਾਲ ਇਸ ਦੇ ਸਬੰਧ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ।ਘੱਗਰ ਨਦੀ ਦੇ ਕੰਢੇ ਵਸੇ ਇਲਾਕੇ ਵਿੱਚ ਸਬਜ਼ੀਆਂ 'ਤੇ ਹੋਏ ਇਕ ਅਧਿਐਨ ਵਿੱਚ ਉਨ੍ਹਾਂ ਵਿੱਚ ਕਰੋਮੀਅਮ, ਯੂਰੇਨੀਅਮ, ਸੀਸਾ, ਤਾਂਬਾ, ਨਿੱਕਲ ਅਤੇ ਮੈਂਗਨੀਜ਼ ਵਰਗੀਆਂ ਨੁਕਸਾਨਦਾਇਕ ਭਾਰੀ ਧਾਤਾਂ ਬਹੁਤਾਤ ਵਿੱਚ ਪਾਈਆਂ ਗਈਆਂ। ਇਨ੍ਹਾਂ ਸਾਰੀਆਂ ਸਬਜ਼ੀਆਂ ਦੇ ਜਿੰਨੇ ਵੀ ਨਮੂਨੇ ਪਰਖੇ ਗਏ, ਉਨ੍ਹਾਂ ਵਿਚ ਭਾਰੀ ਧਾਤਾਂ ਵਿਸ਼ਵ ਸਿਹਤ ਸੰਗਠਨ ਅਤੇ ਭਾਰਤੀ ਮਾਨਦੰਡ ਬਿਊਰੋ (ਬੀ.ਆਈ.ਐੱਸ.) ਵਲੋਂ ਤੈਅ ਮੁੱਲਾਂ ਤੋਂ ਜ਼ਿਆਦਾ ਪਾਈਆਂ ਗਈਆਂ। ਇਸ ਦਾ ਵੱਡਾ ਕਾਰਣ ਇਹ ਸੀ ਕਿ ਘੱਗਰ ਨਦੀ ਦੇ ਪਾਣੀ ਵਿੱਚ ਇਨ੍ਹਾਂ ਧਾਤਾਂ ਦੇ ਨਾਲ-ਨਾਲ ਕੈਡਮੀਅਮ, ਜ਼ਿੰਕ, ਟਿਨ, ਐਂਟੀਮਨੀ, ਟਾਈਟੇਨੀਅਮ, ਲੈੱਡ, ਟਾਈਟੇਨੀਅਮ ਜਿਹੀਆਂ ਜ਼ਹਿਰੀਲੀਆਂ ਭਾਰੀ ਧਾਤਾਂ ਦੀ ਭਾਰੀ ਮਾਤਰਾ ਪਾਈ ਗਈ ਸੀ।

ਇਸ ਵਿੱਚ ਦੋ ਰਾਏ ਨਹੀਂ ਕਿ ਕੀਟਨਾਸ਼ਕ ਖੇਤੀਬਾੜੀ ਉਤਪਾਦਕਤਾ ਵਧਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ ਪਰ ਇਨ੍ਹਾਂ ਨਾਲ ਸਿਹਤ ਅਤੇ ਵਾਤਾਵਰਣ ਨੂੰ ਹੋਣ ਵਾਲੇ ਖ਼ਤਰਨਾਕ ਪ੍ਰਭਾਵ ਨੂੰ ਵੀ ਨਜ਼ਰਅੰਦਾਜ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿੱਚ ਜਦੋਂ ਤੱਕ ਕਿਸਾਨਾਂ ਨੂੰ ਕੀਟਨਾਸ਼ਕਾਂ ਦੀ ਸੁਰੱਖਿਅਤ ਵਰਤੋਂ ਦੀ ਜਾਣਕਾਰੀ, ਜਾਗਰੂਕਤਾ ਅਤੇ ਸਿਖਲਾਈ, ਪ੍ਰਭਾਵਸ਼ਾਲੀ ਨਿਯਮ-ਕਾਇਦੇ ਨਹੀਂ ਹੋਣਗੇ, ਖਤਰਨਾਕ ਕੀਟਨਾਸ਼ਕਾਂ 'ਤੇ ਰੋਕ ਨਹੀਂ ਹੋਵੇਗੀ, ਉਦੋਂ ਤੱਕ ਵਾਤਾਵਰਣ ਅਤੇ ਸਿਹਤ ਲਈ ਜੋਖਮ ਵਧਦਾ ਹੀ ਰਹੇਗਾ।

**ਕਿਸਾਨ ਦੇ ਨਜ਼ਰੀਏ ਨਾਲ ਦੇਖੀਏ ਤਾਂ ਇਹ ਗ਼ਲਤ ਨਹੀਂ**

ਦਰਅਸਲ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਅਸੀ ਜਿਸ ਪੱਧਰ 'ਤੇ ਵਾਤਾਵਰਣ ਨੂੰ ਲੈ ਆਏ ਹਾਂ, ਉਸ ਵਿੱਚ ਹਰ ਸਾਲ ਕੀਟਨਾਸ਼ਕ ਸਪ੍ਰੇਅ ਜ਼ਰੂਰੀ ਹੋ ਗਈ ਹੈ। ਹਰ ਸਾਲ ਸੁੰਡੀਆਂ-ਕੀਟ ਵਧ ਜਾਂਦੇ ਹਨ ਅਤੇ ਉਨ੍ਹਾਂ ਦੀ ਤਾਦਾਦ ਕੰਟਰੋਲ ਤੋਂ ਬਾਹਰ ਹੋ ਜਾਂਦੀ ਹੈ। ਖੇਤਾਂ ਤੋਂ ਜੰਗਲੀ ਬੂਟੀ ਨਾ ਹਟਾਈਏ ਤਾਂ ਉਤਪਾਦਨ ਘੱਟ ਹੁੰਦਾ ਹੈ ਅਤੇ ਇਸ ਨੂੰ ਕੱਢਣ ਲਈ ਜੇਕਰ ਲੇਬਰ ਲਗਾਈਏ ਤਾਂ ਉਸਦੀ ਕੀਮਤ ਜ਼ਿਆਦਾ ਪੈਂਦੀ ਹੈ ਜਦੋਂ ਕਿ ਸਮਾਂ ਵੀ ਜ਼ਿਆਦਾ ਲੱਗਦਾ ਹੈ। ਅਜਿਹੇ ਵਿੱਚ ਕਿਸਾਨ ਨੂੰ ਇਕ ਸਪ੍ਰੇਅ ਮਾਰਨਾ ਹੀ ਠੀਕ ਲੱਗਦਾ ਹੈ।

ਇਕ ਸਾਲ ਸਪ੍ਰੇਅ ਨਾ ਕੀਤੀ ਜਾਵੇ ਤਾਂ ਜੰਗਲੀ ਬੂਟੀ ਅਤੇ ਕੀਟ ਵਧ ਜਾਂਦੇ ਹਨ, ਉਤਪਾਦਨ ਘੱਟ ਹੁੰਦਾ ਹੈ। ਇਕ ਹੋਰ ਖ਼ਾਸ ਗੱਲ ਇਹ ਹੈ ਕਿ ਵਾਤਾਵਰਣ ਵਿੱਚ ਹੋ ਰਹੇ ਬਦਲਾਅ ਦੇ ਚਲਦੇ ਹੁਣ ਪੰਛੀ ਘੱਟ ਹੋ ਗਏ ਹਨ। ਧਰਤੀ 'ਤੇ ਰਹਿਣ ਵਾਲੇ ਕੀੜਿਆਂ ਨੂੰ ਪਹਿਲਾਂ ਪੰਛੀ ਖਾ ਜਾਂਦੇ ਸਨ ਪਰ ਹੁਣ ਪੰਛੀ ਘੱਟ ਅਤੇ ਕੀੜੇ ਜ਼ਿਆਦਾ ਹੋ ਗਏ ਹਨ। ਅਜਿਹੇ ਵਿੱਚ ਕਿਸਾਨ ਇਹ ਸਹਿਣ ਨਹੀਂ ਕਰ ਸਕਦਾ ਕਿਉਂਕਿ ਇਕ ਸਾਲ ਵੀ ਸਪ੍ਰੇਅ ਨਾ ਕੀਤੀ ਜਾਵੇ ਤਾਂ ਜੰਗਲੀ ਬੂਟੀ ਅਤੇ ਕੀਟ ਵਧ ਜਾਂਦੇ ਹਨ, ਜਿਸ ਨਾਲ ਫ਼ਸਲ ਦਾ ਉਤਪਾਦਨ ਘੱਟ ਹੋ ਜਾਂਦਾ ਹੈ। ਇਹ ਇਕੱਲੇ ਕਿਸਾਨ ਦੀ ਜ਼ਿੰਮੇਵਾਰੀ ਨਹੀਂ, ਸਰਕਾਰ ਨੂੰ ਵੀ ਇਸ ਦਾ ਕੋਈ ਵਿਕਲਪ ਲੱਭਣਾ ਹੋਵੇਗਾ। ਲੋਕ ਕਿਸਾਨ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦੇ ਹਨ ਪਰ ਜੇਕਰ ਕਿਸਾਨ ਦੇ ਨਜ਼ਰੀਏ ਨਾਲ ਦੇਖੀਏ ਤਾਂ ਇਹ ਗ਼ਲਤ ਨਹੀਂ ਹੈ।



# ਜਾਨਲੇਵਾ ਹੋ ਸਕਦੈ ਵਾਤਾਵਰਣ ਪ੍ਰਦੂਸ਼ਣ

ਕੁਝ ਸਮਾਂ ਪਹਿਲਾਂ ਆਈ ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਅੰਦਰੂਨੀ ਅਤੇ ਬਾਹਰੀ ਹਵਾ ਪ੍ਰਦੂਸ਼ਣ ਕਾਰਨ ਹਰ ਸਾਲ ਲਗਭਗ 70 ਲੱਖ ਲੋਕ ਸਮੇਂ ਤੋਂ ਪਹਿਲਾਂ ਹੀ ਮਰ ਜਾਂਦੇ ਹਨ, ਜਿਨ੍ਹਾਂ ਵਿੱਚ 6 ਲੱਖ ਬੱਚੇ ਵੀ ਸ਼ਾਮਲ ਹਨ। ਇਸ ਜਾਣਕਾਰੀ ਦੇ ਆਧਾਰ 'ਤੇ ਹੀ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਵਾਤਾਵਰਣ ਪ੍ਰਦੂਸ਼ਣ ਸਾਡੀ ਸਿਹਤ ਲਈ ਕਿੰਨਾ ਜ਼ਹਿਰ ਬਣਦਾ ਜਾ ਰਿਹਾ ਹੈ। ਅੱਜ ਹਵਾ ਤੋਂ ਲੈ ਕੇ ਪਾਣੀ, ਫਲ ਅਤੇ ਸਬਜ਼ੀਆਂ, ਇੱਥੋਂ ਤੱਕ ਕਿ ਰੋਜ਼ਾਨਾ ਦੀਆਂ ਚੀਜ਼ਾਂ ਵੀ ਪ੍ਰਦੂਸ਼ਿਤ ਹੋ ਗਈਆਂ ਹਨ ਅਤੇ ਕਈ ਬਿਮਾਰੀਆਂ ਦਾ ਘਰ ਬਣ ਗਈਆਂ ਹਨ।

**ਪ੍ਰਦੂਸ਼ਿਤ ਹਵਾ ਕਾਰਨ ਹੋਣ ਵਾਲੀਆਂ ਬਿਮਾਰੀਆਂ**

ਪ੍ਰਦੂਸ਼ਿਤ ਹਵਾ ਵਿੱਚ ਸਾਹ ਲੈਣ ਨਾਲ ਨਾ ਸਿਰਫ਼ ਸਾਹ ਦੀਆਂ ਬਿਮਾਰੀਆਂ ਹੁੰਦੀਆਂ ਹਨ ਸਗੋਂ ਮੌਤ ਵੀ ਹੁੰਦੀ ਹੈ। ਜਦੋਂ ਹਵਾ ਵਿੱਚ ਪ੍ਰਦੂਸ਼ਕਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਜਾਂਦੀ ਹੈ, ਤਾਂ ਸਾਹ ਲੈਣ ਵਿੱਚ ਕਈ ਸਮੱਸਿਆਵਾਂ ਤੋਂ ਇਲਾਵਾ ਅੱਖਾਂ ਵਿੱਚ ਜਲਨ ਅਤੇ ਖੁਜਲੀ ਸ਼ੁਰੂ ਹੋ ਜਾਂਦੀ ਹੈ। ਦਮੇ ਤੋਂ ਇਲਾਵਾ ਸਾਹ ਦੀਆਂ ਕਈ ਬਿਮਾਰੀਆਂ ਪੈਦਾ ਹੁੰਦੀਆਂ ਹਨ। ਸਾਲ 2017 ਵਿੱਚ ਹਵਾ ਪ੍ਰਦੂਸ਼ਣ ਕਾਰਨ ਕਰੀਬ 12.4 ਲੱਖ ਮੌਤਾਂ ਹੋਈਆਂ। ਅੱਜ ਲੋਕ ਤਣਾਅ, ਡਿਪਰੈਸ਼ਨ, ਸ਼ੂਗਰ ਅਤੇ ਹਾਰਟ ਅਟੈਕ ਵਰਗੀਆਂ ਬਿਮਾਰੀਆਂ ਦੀ ਲਪੇਟ ਵਿੱਚ ਹਨ, ਜਿਨ੍ਹਾਂ ਦਾ ਜਨਮ ਹਵਾ ਪ੍ਰਦੂਸ਼ਣ ਹੈ। ਇਕ ਤਾਜ਼ਾ ਅਧਿਐਨ ਮੁਤਾਬਕ ਟ੍ਰੈਫ਼ਿਕ ਨਾਲ ਸਬੰਧਿਤ ਪ੍ਰਦੂਸ਼ਣ ਦਾ ਬੱਚਿਆਂ ਦੇ ਦਿਮਾਗ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਇਹ ਕਈ ਮਾਨਸਿਕ ਵਿਗਾੜਾਂ ਨੂੰ ਜਨਮ ਦਿੰਦਾ ਹੈ। ਇਕ ਹੋਰ ਅਧਿਐਨ ਮੁਤਾਬਕ ਪ੍ਰਦੂਸ਼ਣ ਕਾਰਨ ਗਰਭਪਾਤ ਦਾ ਵੀ ਖਤਰਾ ਰਹਿੰਦਾ ਹੈ।

**ਪ੍ਰਦੂਸ਼ਣ ਦੇ ਮੁੱਖ ਕਾਰਨ**

ਹਵਾ ਪ੍ਰਦੂਸ਼ਣ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਕਾਰਖ਼ਾਨਿਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਦਾ ਧੂੰਆਂ, ਸਸਪੈਂਡਡ ਪਾਰਟੀਕੁਲੇਟ ਮੈਟਰ, ਲੀਡ ਅਤੇ ਨਾਈਟ੍ਰੋਜਨ ਆਕਸਾਈਡ ਆਦਿ ਹਨ।

ਕੂੜਾ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਕੂੜਾ-ਕਰਕਟ ਨੂੰ ਵੱਖ-ਵੱਖ ਥਾਂਵਾਂ 'ਤੇ ਸਾੜਨ ਅਤੇ ਸੁੱਟਣ ਨਾਲ ਕਈ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ ਅਤੇ ਸਾਫ਼ ਹਵਾ ਵਿੱਚ ਰਲਣ 'ਤੇ ਇਸ ਨੂੰ ਜ਼ਹਿਰੀਲਾ ਬਣਾ ਦਿੰਦੀਆਂ ਹਨ।

ਜਿਸ ਤਰ੍ਹਾਂ ਸਿਹਤਮੰਦ ਜੀਵਨ ਜਿਊਣ ਲਈ ਸਾਫ਼ ਹਵਾ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਫ਼ ਪਾਣੀ ਦੀ ਵੀ ਲੋੜ ਹੁੰਦੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ 'ਪਾਣੀ ਹੀ ਜੀਵਨ ਹੈ' ਪਰ ਅੱਜ ਇਹ ਪਾਣੀ ਕਈ ਭਿਆਨਕ ਬਿਮਾਰੀਆਂ ਨੂੰ ਜਨਮ ਦੇ ਰਿਹਾ ਹੈ। ਇਸ ਦਾ ਕਾਰਨ ਪਾਣੀ ਦਾ ਪ੍ਰਦੂਸ਼ਣ ਹੈ।

ਫੈਕਟਰੀਆਂ ਅਤੇ ਕਾਰਖ਼ਾਨਿਆਂ ਵਿੱਚੋਂ ਨਿਕਲਣ ਵਾਲਾ ਕੂੜਾ ਦਰਿਆਵਾਂ ਵਿੱਚ ਸੁੱਟਿਆ ਜਾਂਦਾ ਹੈ। ਗੰਦੇ ਨਾਲਿਆਂ ਵਿੱਚੋਂ ਨਿਕਲਣ ਵਾਲਾ ਪਾਣੀ ਦਰਿਆਵਾਂ ਵਿੱਚ ਰਲ ਕੇ ਇਸ ਨੂੰ ਪ੍ਰਦੂਸ਼ਿਤ ਕਰਦਾ ਹੈ। ਇਹ ਪ੍ਰਦੂਸ਼ਿਤ ਪਾਣੀ ਡਾਇਰੀਆ, ਟਾਈਫ਼ਾਈਡ ਅਤੇ ਹੈਜ਼ਾ ਵਰਗੀਆਂ ਕਈ ਬਿਮਾਰੀਆਂ ਫੈਲਾਉਂਦਾ ਹੈ।

**ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਲਈ ਕੀ ਕਰਨਾ ਹੈ**

ਵਾਤਾਵਰਣ ਨੂੰ ਬਚਾਉਣ ਲਈ ਸਰਕਾਰ ਨੂੰ ਕੁਝ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ, ਪਰ ਇਸ ਤੋਂ ਇਲਾਵਾ ਸਾਨੂੰ ਆਪਣੇ ਪੱਧਰ 'ਤੇ ਵੀ ਕੁਝ ਕਦਮ ਚੁੱਕਣੇ ਚਾਹੀਦੇ ਹਨ। ਜਿਵੇਂ ਕਿਃਗਿੱਲਾ ਕੂੜਾ ਅਤੇ ਸੁੱਕਾ ਕੂੜਾ ਵੱਖ-ਵੱਖ ਡਸਟਬਿਨਾਂ ਵਿੱਚ ਰੱਖੋ। ਫਲ, ਸਬਜ਼ੀਆਂ ਜਾਂ ਚੀਜ਼ਾਂ ਜੋ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ, ਨੂੰ ਹਰੇ ਡਸਟਬਿਨ ਵਿੱਚ ਪਾਓ ਅਤੇ ਪਲਾਸਟਿਕ, ਕੱਚ, ਪੋਲੀਥੀਨ ਵਰਗੀਆਂ ਚੀਜ਼ਾਂ ਨੂੰ ਨੀਲੇ ਡਸਟਬਿਨ ਵਿੱਚ ਪਾਓ।

ਕਹਾਣੀ

# ਨਵੀਂ ਦੁਨੀਆਂ

## ਕੁਲਵੰਤ ਸਿੰਘ ਵਿਰਕ

ਆਖ਼ਰ ਮਦਨ ਨੂੰ ਦਫ਼ਤਰੋਂ ਦੋ ਛੁੱਟੀਆਂ ਮਿਲ ਹੀ ਗਈਆਂ। ਇਹ ਛੁੱਟੀਆਂ ਉਸ ਨੂੰ ਕਈ ਮਹੀਨਿਆਂ ਦੇ ਲਗਾਤਾਰ ਕੰਮ ਪਿਛੋਂ ਮਿਲੀਆਂ ਸਨ, ਲਗਾਤਾਰ ਕੰਮ ਜੋ ਉਸ ਦੇ ਦਿਮਾਗ਼ ਨੂੰ ਘੁਟਦਾ ਰਿਹਾ ਸੀ ਤੇ ਸਰੀਰ ਨੂੰ ਸੁਕੜਾਂਦਾ ਰਿਹਾ ਸੀ। ਕੰਮ ਕਰਦਿਆਂ ਤੇ ਉਸ ਨੂੰ ਇਹ ਖ਼ਿਆਲ ਨਹੀਂ ਸੀ ਕਿ ਇਸ ਦਾ ਕੋਈ ਇਸ ਕਿਸਮ ਦਾ ਅਸਰ ਹੈ। ਇਹ ਤੇ ਉਸ ਨੂੰ ਉਦੋਂ ਹੀ ਪਤਾ ਲਗਾ ਜਦੋਂ ਇਨ੍ਹਾਂ ਦੋ ਛੁੱਟੀਆਂ ਨੂੰ ਆਪਣੇ ਸਰੀਰ ਦੇ ਅੰਗ ਅੰਗ ਪੋਟੇ ਪੋਟੇ ਵਿੱਚ ਵਸਾ ਕੇ ਉਹ ਘਰ ਨੂੰ ਜਾਣ ਲੱਗਾ। ਦਫ਼ਤਰ ਵਿੱਚ ਵੀ ਜੇ ਕੋਈ ਝਾੜਾਂ ਝਪਾੜਾਂ ਨਾ ਪੈਣ ਤਾਂ ਜਿੰਦ ਵਾਹਵਾ ਸੁਖੀ ਜਾਪਦੀ ਪਰ ਝਾੜਾਂ ਤੋਂ ਬਚਣਾ ਕੁਝ ਔਖਾ ਹੀ ਸੀ। ਟਾਈਪ ਕਰਨ ਵਿੱਚ ਕੋਈ ਗ਼ਲਤੀ ਹੋ ਜਾਂਦੀ, ਕੋਈ ਕਾਗ਼ਜ ਇਧਰ ਉਧਰ ਹੋ ਜਾਂਦਾ ਜਾਂ ਕੋਈ ਚੀਜ਼ ਵਕਤ ਸਿਰ ਲੱਭਦੀ ਨਾ ਤੇ ਫਿਰ ਜਾਨ ਉਤੇ ਬੜੀ ਔਖੀ ਬਣਦੀ।

ਪਰ ਹੁਣ ਤੇ ਆਖ਼ਰ ਛੁੱਟੀਆਂ ਮਿਲ ਗਈਆਂ ਸਨ। ਦੋ ਛੁੱਟੀਆਂ ਲੈਣ ਲਈ ਭਾਵੇਂ ਉਸ ਨੇ ਕੀ ਬਹਾਨਾ ਕੀਤਾ ਹੋਵੇ, ਅਸਲ ਵਿੱਚ ਉਸ ਨੂੰ ਕੋਈ ਖ਼ਾਸ ਕੰਮ ਨਹੀਂ ਸੀ। ਉਹ ਤੇ ਕੇਵਲ ਛੁੱਟੀਆਂ ਮਾਨਣਾ ਚਾਹੁੰਦਾ ਸੀ, ਘਰ ਜਾ ਕੇ, ਤੇ ਘਰ ਜਾਣ ਲਈ ਉਹ ਸਟੇਸ਼ਨ ਵਲ ਤੁਰ ਪਿਆ।

ਇਨ੍ਹਾਂ ਰਸਤਿਆਂ 'ਤੇ ਉਹ ਪਹਿਲਾਂ ਵੀ ਕਈ ਵੇਰ ਲੰਘਿਆ ਸੀ, ਪਰ ਅਗੇ ਨਾ ਤੇ ਕਦੀ ਉਸ ਨੂੰ ਏਨਾ ਕੁਝ ਨਜ਼ਰੀਂ ਪਿਆ ਸੀ ਤੇ ਨਾ ਹੀ ਆਲਾ-ਦਵਾਲਾ ਕਦੀ ਏਨਾ ਸਵਾਦੀ ਲੱਗਾ ਸੀ। ਅੱਜ 'ਤੇ ਹਰ ਸ਼ੈ ਤੇ ਇਕ ਨਵੀਂ ਰੰਗਤ ਚੜ੍ਹੀ ਹੋਈ ਸੀ, ਇਕ ਨਵੀਂ ਦੁਨੀਆਂ ਪਈ ਵਸਦੀ ਸੀ।

ਸੜਕ ਦੇ ਇਕ ਪਾਸਿਓਂ ਕੁਝ ਨੱਚਣ ਗੌਣ ਦੀ ਆਵਾਜ਼ ਆ ਰਹੀ ਸੀ ਜਿਸ ਤਰ੍ਹਾਂ ਕੋਈ ਸਿਨਮਾ ਘਰ ਹੋਵੇ। ਕਿਸੇ ਸਿਗਰਟ ਬੀੜੀ ਦਾ ਪ੍ਰਾਪੇਗੰਡਾ ਹੋ ਰਿਹਾ ਸੀ।

ਗਲੇ ਕੋ ਹੈ ਸਾਫ਼ ਕਰਤੀ, ਮਜ਼ੇ ਕੀ ਯਿਹ ਬਾਤ ਹੈ।

ਏਕ ਬਾਰ ਪੀ ਕੇ ਦੇਖੋ, ਸੀ.ਪੀ. ਕੀ ਸੁਗਾਤ ਹੈ।

ਗਾਉਣ ਵਾਲੀ ਇਕ ਪਾਰਟੀ ਹਾਰਮੋਨੀਅਮ ਨਾਲ ਬੜਾ ਪਿਆਰਾ ਗਉਂ ਰਹੀ ਸੀ ਤੇ ਨਾਲ ਇਕ ਛੋਟੀ ਜਿਹੀ ਕੁੜੀ ਘੁੰਗਰੂ ਪਾਈ ਫੇਰੀਆਂ ਲੈ ਲੈ ਕੇ ਨੱਚ ਰਹੀ ਸੀ। ਢੇਰ ਸਾਰੇ ਮਜ਼ਦੂਰ, ਪਿੰਡਾਂ ਵਿਚੋਂ ਆਏ ਹੋਏ ਜੱਟ, ਫ਼ਰੰਟੂ ਮੁੰਡੇ ਇਹ ਗੌਣ ਸੁਣ ਰਹੇ ਸਨ। ਮਦਨ ਵੀ ਸੁਨਣ ਲਈ ਖਲੋ ਗਿਆ। ਕਿੰਨਾ ਵਧੀਆ ਗੌਂ ਰਹੇ ਸਨ ਇਹ ਤੇ ਉਹ ਘੁੰਗਰੂਆਂ ਵਾਲੀ ਕੁੜੀ ਕਿਸ ਤਰ੍ਹਾਂ ਤਾਲ ਬੰਨ੍ਹ ਕੇ ਨੱਚ ਰਹੀ ਸੀ। ਜਿਸ ਕਿਸੇ ਨੂੰ ਵਿਹਲ ਹੋਵੇ ਉਹ ਇਨ੍ਹਾਂ ਦਾ ਗਾਣਾ ਸੁਣ ਸਕਦਾ ਸੀ। "ਇਸ ਦੁਨੀਆਂ ਵਿੱਚ ਕਿੰਨੀਆਂ ਮੌਜਾਂ ਨੇ" ਮਦਨ ਨੇ ਸੋਚਿਆ।

ਗਾਉਣ ਵਾਲਿਆਂ ਫਿਰ ਗਾਉਣਾ ਬੰਦ ਕਰ ਦਿਤਾ। ਕੋਲ ਦੀ ਪਾਨਾਂ ਵਾਲੀ ਹੱਟੀ ਤੋਂ ਉਹ ਪਾਨ ਲੈ ਕੇ ਖਾਣ ਲਗ ਪਏ ਤੇ ਮਦਨ ਵੀ ਅਗਾਂਹ ਟੁਰ ਪਿਆ। ਇਕ ਆਦਮੀ ਸੜਕ ਤੇ ਗਾ ਗਾ ਕੇ ਕਿੱਸੇ ਵੇਚ ਰਿਹਾ ਸੀ, ਜਾਨਦਾਰ ਪੇਂਡੂ ਕਵੀਆਂ ਦੇ ਲਿਖੇ ਹੋਏ ਮਜ਼ੇਦਾਰ ਕਿੱਸੇ, ਜਿਨ੍ਹਾਂ ਉਤੇ ਐਕਟ੍ਰੈਸਾਂ ਦੀਆਂ ਮੂਰਤਾਂ ਬਣੀਆਂ ਹੋਈਆਂ ਸਨ। ਵੇਚਣ ਵਾਲਾ "ਨੂੰਹ ਸੌਹਰਾ" ਤੇ "ਨਿੱਕਾ ਖਸਮ ਤੇ ਵੱਡੀ ਵਹੁਟੀ" ਦੇ ਕਿੱਸਿਆਂ ਵਿਚੋਂ ਚੋਣਵੇਂ ਬੈਂਤ ਪੜ੍ਹ ਪੜ੍ਹ ਕੇ ਇਸ ਤਰ੍ਹਾਂ ਦੀ ਹਵਾ ਬੰਨ੍ਹ ਰਿਹਾ ਸੀ ਜਿਵੇਂ ਲੁਚਪੁਣੇ ਤੋਂ ਬਿਨਾਂ ਕਿਸੇ ਨੂੰ ਹੋਰ ਕੋਈ ਕੰਮ ਹੀ ਨਹੀਂ। ਚਾਰ ਆਨੇ ਦੇ ਉਸ ਇਹ ਦੋਵੇਂ ਕਿੱਸੇ ਖ਼ਰੀਦ ਲਏ ਤੇ ਪੜ੍ਹਦਾ ਪੜ੍ਹਦਾ ਅਗ੍ਹਾਂ ਟੁਰੀ ਗਿਆ।

ਸਟੇਸ਼ਨ ਦੇ ਨੇੜੇ ਪੇਸ਼ਾਵਰ ਮੰਗਤਿਆਂ ਦੇ ਬੱਚੇ ਖੇਡ ਰਹੇ ਸਨ। ਆਪਣੀਆਂ ਤਰਸਯੋਗ ਸ਼ਕਲਾਂ ਤਿਆਗ ਕੇ ਉਹ ਇਸ ਵੇਲੇ ਹੱਸੂੰ ਹੱਸੂੰ ਪਏ ਕਰਦੇ ਸਨ ਤੇ ਬੜੇ ਪਿਆਰੇ ਲਗਦੇ ਸਨ। ਅੱਧੇ ਇਕ ਪਾਸੇ ਹੋ ਕੇ ਪਾਕਿਸਤਾਨੀ ਬਣੇ ਹੋਏ ਸਨ ਤੇ ਅੱਧੇ ਦੂਜੇ ਪਾਸੇ ਹੋ ਕੇ ਹਿੰਦੁਸਤਾਨੀ, ਤੇ ਦਰੱਖ਼ਤਾਂ ਨਾਲੋਂ ਸਜਰੇ ਤੋੜੇ ਹੋਏ ਪਤਰਾਂ ਵਾਲੇ ਛਾਪਿਆਂ ਨਾਲ ਲੜ ਰਹੇ ਸਨ। ਮਦਨ ਵੀ ਖੜਾ ਹੋ ਕੇ ਉਨ੍ਹਾਂ ਦੀ ਲੜਾਈ ਵੇਖਣ ਲਗ ਪਿਆ।

"ਆਜ ਤੁਮ ਮਾਂਗਨੇ ਕਿਉਂ ਨਹੀਂ ਗਏ"? ਮਦਨ ਨੇ ਉਨ੍ਹਾਂ ਤੋਂ ਹਿੰਦੁਸਤਾਨੀ ਵਿੱਚ ਪੁਛਿਆ ਕਿਉਂਕਿ ਉਹ ਹਿੰਦੁਸਤਾਨੀ ਵਿੱਚ ਹੀ ਲੜ ਰਹੇ ਸਨ।

"ਅਗਰ ਹਮ ਹਰ ਵਕਤ ਮਾਂਗਤੇ ਹੀ ਰਹੇਂ, ਬਾਬੂ ਜੀ, ਤੋ ਹਮ ਭੀ ਐਸੀ ਮੋਟਰੋਂ ਮੇਂ ਚੜ੍ਹੇ ਫਿਰੇਂ।" ਇਕ ਮੰਗਤੇ ਮੁੰਡੇ ਨੇ ਕੋਲੋਂ ਲੰਘਦੀ ਇਕ ਕਾਰ ਵਲ ਹੱਥ ਕਰਕੇ ਕਿਹਾ, "ਦੋ ਤੀਨ ਘੰਟੇ ਮਾਂਗਨਾ ਕਿਆ ਥੋੜ੍ਹਾ ਹੋਤਾ ਹੈ?"

"ਦੋ ਤੀਨ ਘੰਟੇ ਮਾਂਗਨੇ ਕੀ ਭੀ ਕਿਆ ਜ਼ਰੂਰਤ ਹੈ" ਇਕ ਹੋਰ ਕਾਂਟੇ ਜਿਹੇ ਮੁੰਡੇ ਨੇ ਗੱਲ ਫੜੀ, "ਆਜ ਕਲ ਸਰਦੀਓਂ ਮੇਂ ਪਤਲਾ ਸਾ ਕਪੜਾ ਲੇ ਕਰ ਠਿਠਰਤੇ ਹੂਏ ਸਟੇਸ਼ਨ ਕੇ ਰਾਸਤੇ ਪਰ ਬੈਠ ਜਾਓ, ਆਧੇ ਘੰਟੇ ਮੇਂ ਪੈਸੇ ਹੀ ਪੈਸੇ ਹੋ ਜਾਏਂਗੇ।" ਤੇ ਫਿਰ ਉਹ ਆਪੋ ਵਿਚ ਲੜਨ ਵਿਚ ਜੁਟ ਗਏ।

ਮਦਨ ਹੈਰਾਨ ਸੀ ਕਿ ਇਹ ਦੁਨੀਆਂ ਕੀ ਤਮਾਸ਼ਾ ਹੈ! ਜਦ ਗ਼ਰੀਬ ਅਮੀਰ ਸਾਰੇ ਹੀ ਨੱਚ ਰਹੇ ਸਨ, ਖੇਡ ਰਹੇ ਸਨ ਤਾਂ ਫਿਰ ਇਹ ਵੱਧ ਘੱਟ ਪੈਸਾ ਹੋਣ ਦਾ ਕੀ ਰੌਲਾ ਹੈ? ਇਹ ਤਰੱਕੀ ਤੇ ਸਾਰਿਆਂ ਲਈ ਆਜ਼ਾਦੀ ਦੀ ਗੱਲ ਕੀ ਹੈ? ਇਹ ਉਤ੍ਹਾਂ ਨੂੰ ਚੜ੍ਹਣ ਬਾਰੇ ਇੰਨੀ ਘਬਰਾਹਟ ਕਿਉਂ ਹੈ?

ਸਟੇਸ਼ਨ 'ਤੇ ਅਪੜ ਕੇ ਉਸ ਬੁੱਕ ਸਟਾਲ ਤੋਂ ਅੰਗਰੇਜ਼ੀ ਕਹਾਣੀਆਂ ਦਾ ਸੰਗ੍ਰਹਿ ਖ਼ਰੀਦਿਆ ਤੇ ਗੱਡੀ ਵਿੱਚ ਬੈਠਦਿਆਂ ਸਾਰ ਹੀ ਉਹ ਕਹਾਣੀਆਂ ਪੜ੍ਹਨ ਵਿੱਚ ਜੁਟ ਗਿਆ। ਘਰ ਅਪੜ ਕੇ ਵੀ ਦੋਵੇਂ ਛੁੱਟੀਆਂ ਉਹ ਕਹਾਣੀਆਂ ਪੜ੍ਹਨ ਵਿੱਚ ਹੀ ਮਸਤ ਰਿਹਾ।

ਇਨ੍ਹਾਂ ਕਹਾਣੀਆਂ ਵਿੱਚ ਹੋਰ ਹੀ ਤਰ੍ਹਾਂ ਦੀਆਂ ਗੱਲਾਂ ਲਿਖੀਆਂ ਹੋਈਆਂ ਸਨ। ਲੇਖਕ ਦੇ ਖ਼ਿਆਲ ਵਿੱਚ ਉਹ ਆਦਮੀ ਦੁਨੀਆਂ ਵਿਚੋਂ ਵਧੇਰੇ ਖਟਦਾ ਸੀ ਜੋ ਆਜ਼ਾਦੀ ਤੇ ਬੇਫ਼ਿਕਰੀ ਨਾਲ ਆਪਣੀਆਂ ਰੁਚੀਆਂ ਪਿਛੇ ਜਾਂਦਾ ਸੀ, ਜੋ ਜ਼ਿੰਦਗੀ ਨੂੰ ਦੋਹਾਂ ਹੱਥਾਂ ਵਿੱਚ ਫੜ ਕੇ ਉਸ ਨੂੰ ਆਪਣੀ ਇੱਛਾ ਅਨੁਸਾਰ ਢਾਲਦਾ ਸੀ। ਵਡੇ ਆਦਮੀ ਉਹ ਸਨ, ਜਿਨ੍ਹਾਂ ਜੋ ਮਰਜ਼ੀ ਆਈ ਉਹ ਕੀਤਾ, ਭਾਵੇਂ ਉਹ ਔਖੇ ਹੋਏ, ਭਾਵੇਂ ਸੌਖੇ। ਪਾਤਰ ਜਰਨੈਲੀਆਂ ਛੱਡ ਕੇ ਖੁਲ੍ਹਾ ਡੁਲ੍ਹਾ ਜੀਵਨ ਬਿਤਾਂਦੇ ਤੇ ਅਖ਼ੀਰ ਤੇ ਜਦੋਂ ਸਾਰੇ ਜੀਵਨ ਦਾ ਹਿਸਾਬ ਕਿਤਾਬ ਕਰਦੇ ਤਾਂ ਇਹੀ ਕਹਿੰਦੇ ਕਿ ਨਫ਼ੇ ਵਿਚ ਹੀ ਰਹੇ ਹਾਂ। ਉਹਨਾਂ ਦੇ ਜੀਵਨ, ਮਦਨ ਦੇ ਖ਼ਿਆਲ ਵਿਚ, ਸੱਚੀ ਮੁਚੀਂ ਹੀ ਬੜੇ ਵਧੀਆ ਸਨ। ਪਿਆਰ ਦੇ ਜੀਵਨ, ਮਨ-ਮਰਜ਼ੀ ਦੇ ਜੀਵਨ, ਭਲਾ ਇਨ੍ਹਾਂ ਨਾਲ ਕਿਸੇ ਹੋਰ ਜੀਵਨ ਦਾ ਕੀ ਟਾਕਰਾ ਸੀ? ਮਦਨ ਨੂੰ ਇਸ ਤਰ੍ਹਾਂ ਲਗਾ ਜਿਵੇਂ ਉਹ ਹੁਣ ਤਕ ਕਿਸੇ ਗ਼ਲਤ ਰਸਤੇ ਤੇ ਘੁੰਮਦਾ ਰਿਹਾ ਹੋਵੇ ਤੇ ਫੇਰ ਘੁੰਮਣ ਘੁੰਮਾਣ ਪਿਛੋਂ ਠੀਕ ਰਸਤਾ ਅੱਜ ਉਸ ਦੀ ਨਜ਼ਰੀਂ ਪੈ ਗਿਆ ਹੋਵੇ। ਇਸ ਨਵੇਂ ਰਸਤੇ ਤੇ ਟੁਰਨ ਦਾ ਉਸ ਨੂੰ ਬੜਾ ਚਾਅ ਸੀ।

ਛੁੱਟੀਆਂ ਤੋਂ ਵਾਪਸ ਆ ਉਹ ਫਿਰ ਆਪਣੇ ਸਟੇਸ਼ਨ ਤੇ ਉਤਰਿਆ ਤੇ ਘਰ ਜਾਣ ਲਈ ਟਾਂਗੇ 'ਤੇ ਬੈਠ ਗਿਆ। ਅੱਜ ਉਹ ਹਰ ਬੰਦੇ ਦਾ ਦੋਸਤ ਸੀ ਤੇ ਹਰ ਇਕ ਵਿਚ ਡੂੰਘੀ ਦਿਲਚਸਪੀ ਰਖਦਾ ਸੀ। ਟਾਂਗੇ ਵਿੱਚ ਬੈਠ ਕੇ ਉਹ ਟਾਂਗੇ ਵਾਲੇ ਨਾਲ ਗੱਲਾਂ ਕਰਨ ਲਗ ਪਿਆ।

"ਜੀ ਟਾਂਗਾ ਚਲਾਣ ਤੇ ਰੱਬ ਦੁਸ਼ਮਣ ਨੂੰ ਵੀ ਨਾ ਲਾਏ" ਟਾਂਗੇ ਵਾਲਾ ਦਿਲ ਦੀ ਭੜਾਸ ਕਢਣ ਲਗਾ, ਦੋ ਪੈਸੇ ਦਾ ਸਿਪਾਹੀ ਹੁੰਦਾ ਏ, ਜਦੋਂ ਉਹਦਾ ਜੀ ਕਰੇ, ਸਾਡੀ ਪੱਗ ਲਾਹ ਦਿੰਦਾ ਏ। ਮੈਂ ਤੇ ਐਵੇਂ ਵੇਖੋ ਵੇਖੀ ਫਸ ਗਿਆ ਜੇ, ਭਲਾ ਮੈਂ ਕੀ ਲੈਣਾ ਸੀ ਏਸ ਕੰਮ ਵਿਚੋਂ। ਜਿਦ੍ਹੇ ਪੱਲੇ ਗੁਣ ਹੋਵੇ, ਉਹਨੂੰ ਟਾਂਗਾ ਵਾਹੁਣ ਦੀ ਕੀ ਲੋੜ ਏ। ਮੈਂ ਤੇ ਚੰਗਾ ਭਲਾ ਬਾਲਟੀਆਂ ਬਣਾਂਦਾ ਸਾਂ ਜੇ, ਹੁਣ ਵੀ ਓਸੇ ਈ ਕੰਮ ਤੇ ਟੁਰ ਜਾਣਾ ਏ। ਜਦੋਂ ਜੀ ਕੀਤਾ ਬੁਕਲ ਮਾਰ ਕੇ ਲਗ ਗਏ, ਜਿੰਨਾ ਕੰਮ ਕੀਤਾ ਓਨੇ ਪੈਸੇ ਲੈ ਕੇ ਲੌਢੇ ਵੇਲੇ ਘਰ ਆ ਗਏ। ਕੋਈ ਵਾਧਾ ਨਹੀਂ ਘਾਟਾ ਨਹੀਂ, ਚਾਕਰੀ ਨਹੀਂ, ਮੁਥਾਜੀ ਨਹੀਂ।"

"ਸਾਰੀ ਦੁਨੀਆਂ ਚਾਕਰੀ ਤੇ ਬਝੇਵੇਂ ਤੋਂ ਖ਼ਲਾਸੀ ਕਰਾ ਰਹੀ ਹੈ, ਕੋਈ ਆਦਮੀ ਬੰਦਸ਼ ਵਿਚ ਨਹੀਂ ਰਹਿਣਾ ਚਾਹੁੰਦਾ" ਮਦਨ ਸੋਚ ਰਿਹਾ ਸੀ। "ਪਰ ਮੈਂ ਥੋੜੇ ਜਿਹੇ ਪੈਸਿਆਂ ਲਈ ਰੋਜ਼ ਝਾੜਾਂ ਖਾਂਦਾ ਹਾਂ। ਮੈਂ ਵੀ ਕਲ ਦਫ਼ਤਰ ਨਹੀਂ ਜਾਵਾਂਗਾ", ਉਸ ਨੇ ਅਖ਼ੀਰ ਫ਼ੈਸਲਾ ਕੀਤਾ।

ਉਹ ਨਹੀਂ ਜਾਣਦਾ ਸੀ ਕਿ ਜੇ ਉਹ ਦਫ਼ਤਰ ਨਾ ਗਿਆ ਤਾਂ ਹੋਰ ਕੀ ਕੰਮ ਕਰੇਗਾ ਸ਼ਾਇਦ ਉਸ ਦਾ ਖ਼ਿਆਲ ਹੋਵੇ ਕਿ ਉਹ ਵੀ ਕੋਈ ਇਹੋ ਜਿਹਾ ਕੰਮ ਸੋਚ ਲਏਗਾ, ਜਿਸ ਵਿਚ ਬਝੇਵਾਂ ਨਾ ਹੋਵੇ, ਜਿਸ ਵਿੱਚ ਕਿਸੇ ਦਾ ਡਰ ਨਾ ਹੋਵੇ, ਪੈਸੇ ਭਾਵੇਂ ਥੋੜੇ ਹੀ ਹੋਣ।ਅਗਲੇ ਦਿਨ ਉਹ ਦਫ਼ਤਰ ਲਈ ਤਿਆਰ ਨਾ ਹੋਇਆ। ਰਜ਼ਾਈ ਵਿੱਚ ਪਿਆ ਹੀ ਕਹਾਣੀਆਂ ਦੀ ਕਿਤਾਬ ਪੜ੍ਹਦਾ ਰਿਹਾ। "ਜੀ ਅੱਜ ਦਫ਼ਤਰ ਨਹੀਂ ਜਾਣਾ?" ਉਸ ਦੀ ਵਹੁਟੀ ਨੇ ਹੈਰਾਨ ਹੋ ਕੇ ਪੁਛਿਆ।

"ਨਹੀਂ"।

"ਜੀ, ਕਿਉਂ ਨਹੀਂ ਜਾਣਾ?" ਉਹ ਜਾਣਦੀ ਸੀ ਕਿ ਛੁੱਟੀਆਂ ਖ਼ਤਮ ਹੋ ਗਈਆਂ ਹਨ।

"ਬਸ ਹਮ ਨਹੀਂ ਜਾਏਂਗੇ," ਮਦਨ ਨੇ ਆਕੜ ਕੇ ਉਰਦੂ ਵਿੱਚ ਜਵਾਬ ਦਿਤਾ ਤੇ ਫਿਰ ਕਿਤਾਬ ਪੜ੍ਹਨ ਲਗ ਪਿਆ।

ਉਸ ਦੇ ਬੱਚੇ ਉਸ ਦੇ ਦੁਆਲੇ ਖੇਡਦੇ ਪਏ ਸਨ, ਪਰ ਅੱਜ ਉਹ ਇਨ੍ਹਾਂ ਤੋਂ ਖਿੱਝਦਾ ਨਹੀਂ ਸੀ, ਸਗੋਂ ਉਸ ਨੂੰ ਉਹ ਡਾਹਢੇ ਪਿਆਰੇ ਲਗਦੇ ਸਨ। ਉਸ ਨੂੰ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਸ ਦੀ ਅਕਲ ਤੋਂ ਕੋਈ ਪੁਰਾਣਾ ਪਰਦਾ ਲਹਿ ਗਿਆ ਹੋਵੇ। ਅੱਜ ਉਹ ਆਲੇ ਦੁਆਲੇ ਦੇ ਹਰ ਇਸਤਰੀ ਮਰਦ ਨੂੰ ਆਪਣਾ ਜੀਵਨ ਸਵਾਦਲਾ ਬਨਾਣ ਬਾਰੇ ਸਲਾਹ ਦੇ ਸਕਦਾ ਸੀ। ਉਸ ਦਾ ਜੀ ਕਰਦਾ ਸੀ ਕਿ ਲੋਕਾਂ ਦੇ ਘਰੀਂ ਜਾ ਕੇ ਆਖੇ, "ਮੈਨੂੰ ਜੀਵਨ ਦਾ ਅਸਲੀ ਭੇਦ ਲੱਭ ਪਿਆ ਹੈ, ਤੁਹਾਡੇ ਭਲੇ ਲਈ ਮੈਂ ਤੁਹਾਨੂੰ ਵੀ ਦਸਣ ਆਇਆ ਹਾਂ।"

ਪਿਛਲੇ ਦਿਨੀਂ ਆਂਢ-ਗੁਆਂਢ ਹੋਈਆਂ ਘਟਨਾਵਾਂ ਉਸ ਨੇ ਇਸ ਨਵੀਂ ਆਈ ਅਕਲ ਤੇ ਜਾਚਣੀਆਂ ਸ਼ੁਰੂ ਕੀਤੀਆਂ।

"ਇਹ ਸਾਹਮਣੇ ਘਰ ਵਾਲੀ ਕੁੜੀ ਜੇ ਉਸ ਦਿਨ ਆਪਣੇ ਦੋਸਤ ਨਾਲ ਦੌੜ ਜਾਂਦੀ ਤੇ ਦੁਨੀਆਂ ਤੋਂ ਡਰ ਕੇ ਉਹਨੂੰ ਨਾਂਹ ਨਾ ਕਰਦੀ ਤਾਂ ਬਾਕੀ ਦੀ ਉਮਰ ਬੜੀ ਸੌਖੀ ਕਟਦੀ।" ਮਦਨ ਨੇ ਦਿਲ ਵਿੱਚ ਫ਼ੈਸਲਾ ਦਿਤਾ। "ਇਸ ਨਵੇਂ ਵਿਆਹੇ ਮੁੰਡੇ ਨੇ ਬੜੀ ਭਾਰੀ ਗ਼ਲਤੀ ਕੀਤੀ ਹੈ ਜੋ ਚੋਖੇ ਦਾਜ ਪਿਛੇ ਪੈ ਕੇ ਆਪਣੇ ਪਿਆਰ ਵਾਲੀ ਕੁੜੀ ਛੱਡ ਕੇ ਦੂਸਰੀ ਨਾਲ ਵਿਆਹ ਕਰਾਇਆ।" ਉਸ ਨੇ ਇਕ ਹੋਰ ਮੁਆਮਲੇ ਤੇ ਆਪਣੀ ਸਿਆਣੀ ਰਾਏ ਪ੍ਰਗਟ ਕੀਤੀ।

ਕਿਤਾਬ ਖ਼ਤਮ ਕਰਕੇ ਉਸ ਦੁਪਹਿਰ ਦੀ ਰੋਟੀ ਖਾਧੀ ਤੇ ਫਿਰ ਸੋਚਣ ਲਗਾ ਕਿ (ਬਾਕੀ ਸਫ਼ਾ 31 'ਤੇ)

ਕਹਾਣੀ

ਅੰਤਿਮ ਕਿਸ਼ਤ



# ਬੁੱਢੇ ਦਰਿਆ ਦੀ ਜੂਹ

## ਸ਼ਿਵਚਰਨ ਜੱਗੀ ਕੁੱਸਾ

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

-"ਜੇ ਡੈਡੀ ਜੀ ਭਲਾ ਮੈਂ ਪਹਿਲਾਂ ਮਰ ਗਿਆ-ਫੇਰ?"

-"ਇਉਂ ਬੁਰੀ ਗੱਲ ਨਾ ਕਰ ਸ਼ੇਰਾ-ਮੈਥੋਂ ਸਹਾਰੀ ਨਹੀਂ ਜਾਂਦੀ-ਗਾਉਣ ਆਲੇ ਗਾਉਂਦੇ ਹੁੰਦੇ ਐ: ਤੇਰੀ ਆਈ ਮੈਂ ਮਰਜਾਂ ਤੇਰਾ ਵਾਲ ਵੀ ਵਿਗਾ ਨਾ ਹੋਵੇ।"

-"ਡੈਡ! ਕਾਹਨੂੰ ਕਿਸੇ ਨਾਲ ਮਰਿਆ ਜਾਂਦੈ? ਇਹ ਤਾਂ ਦੁਨਿਆਵੀ ਗੱਲਾਂ ਨੇ-ਨਿਰੇ ਢਕੌਂਜ!"

-"ਗੱਲ ਤੇਰੀ ਸੋਲਾਂ ਆਨੇ ਐਂ ਪੁੱਤਰਾ! ਨਿਰੀ ਦਰੁਸਤ-ਕਾਹਨੂੰ ਕਿਸੇ ਨਾਲ ਮਰਿਆ ਜਾਂਦੈ।"

-"ਪਰ ਡੈਡੀ ਜੀ-ਥੋਨੂੰ ਨਹੀਂ ਮੈਂ ਛੇਤੀ ਕੀਤੇ ਮਰਨ ਦਿੰਦਾ-ਮੈਂ ਡਾਕਟਰੀ ਐਵੈਂ ਨਹੀਂ ਕੀਤੀ।"

-"ਇਹ ਤਾਂ ਜਿੱਦੇਂ ਪੁੱਤ ਆ ਲੱਗੀ-ਫੁਰਰ ਹੋਜੂ-ਕੋਈ ਬਿਧ ਨਹੀਂ ਬਣਨੀਂ-ਇਹਤੋਂ ਤਾਂ ਰਾਵਣ ਵਰਗੇ ਨਹੀਂ ਬਚ ਸਕੇ-ਨਾਲੇ ਕਾਲ ਪਾਵੇ ਨਾਲ ਬੰਨ੍ਹਿਆਂ ਹੋਇਆ ਸੀ।"

.....ਪਰ ਅੱਜ ਐਕਸੀਡੈਂਟ ਵਿੱਚ ਪ੍ਰੀਤ ਦੀ ਹੋਈ ਅਚਾਨਕ ਮੌਤ ਨੇ ਬਦਨ ਸਿੰਘ ਨੂੰ ਜੜ੍ਹੋਂ ਹਿਲਾ ਧਰਿਆ ਸੀ। ਉਸ ਦਾ ਜਹਾਨ ਉੱਜੜ ਗਿਆ ਸੀ। ਉਹ ਗੱਡੇ ਵਰਗੀਆਂ ਭਾਰੀਆਂ ਲੱਤਾਂ ਘੜੀਸਦਾ ਮੁਰਦਾਘਰ ਪੁੱਜਿਆ ਅਤੇ ਪ੍ਰੀਤ ਦੀ ਪਈ ਲਾਸ਼ 'ਤੇ ਡਿੱਗ ਕੇ, ਰੱਜ ਕੇ ਰੋਇਆ। ਔਰਤਾਂ ਵਾਂਗ ਵੈਣ ਪਾਏ!

-"ਤੂੰ ਮੈਨੂੰ ਕਿਹੜੇ ਆਸਰੇ ਛੱਡ ਕੇ ਤੁਰ ਗਿਐਂ ਉਏ ਮੇਰਿਆ ਸੋਹਣਿਆਂ ਪੁੱਤਾ....!" ਉਸ ਨੇ ਆਪਣੀ ਖੜਕਦੀ ਛਾਤੀ ਪਿੱਟੀ। ਉਹ ਵਾਰ-ਵਾਰ ਪ੍ਰੀਤ ਦੀ ਲਾਸ਼ ਨੂੰ ਹਿੱਕ ਨਾਲ ਲਾ ਰਿਹਾ ਸੀ। ਉਸ ਦਾ ਦਿਲ ਝੱਖੜ ਵਾਂਗ ਝੰਬੇ ਦਰੱਖਤ ਵਾਂਗ ਮੁੱਛਿਆ ਪਿਆ ਸੀ। ਹਟਕੋਰੇ ਬੰਦ ਨਹੀਂ ਹੁੰਦੇ ਸਨ। ਮਨ ਹੌਲਾ ਕਰਕੇ ਉਸ ਨੇ ਮਰੇ ਪਏ ਪ੍ਰੀਤ ਨਾਲ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਮਲਿਆਂ ਵਾਂਗ!

-"ਬੱਸ...! ਆਪਣੀ ਐਨੀ ਕੁ ਈ ਯਾਰੀ ਸੀ? ਚੰਗਾ, ਤੂੰ ਤਾਂ ਦਗਾ ਦੇ ਗਿਐਂ-ਪਰ ਮੈਂ ਤੇਰਾ ਪਿੱਛਾ ਨਹੀਂ ਛੱਡਣਾ-ਮਗਰੇ ਈ ਆਊਂ ਤੇਰੇ...!" ਉਸ ਦੀਆਂ ਬੁਝੀਆਂ ਅੱਖਾਂ 'ਚੋਂ ਮੋਹ ਦਾ ਹੜ੍ਹ ਵਗੀ ਜਾ ਰਿਹਾ ਸੀ ਅਤੇ ਆਤਮਾ ਲਹੂ-ਲੁਹਾਣ ਸੀ। ਮਨ ਕੁਰਲਾਈ ਜਾ ਰਿਹਾ ਸੀ।

ਅਖੀਰ ਮੁਰਦਾਘਰ ਦੇ ਕਰਮਚਾਰੀਆਂ ਨੇ ਉਸ ਨੂੰ ਪ੍ਰੀਤ ਦੀ ਲਾਸ਼ ਨਾਲੋਂ ਇੱਕ ਤਰ੍ਹਾਂ ਨਾਲ ਤੋੜ ਲਿਆ। ਉਹ ਕਰਮਚਾਰੀਆਂ ਨੂੰ ਗਾਲ੍ਹਾਂ ਕੱਢਣ ਲੱਗ ਪਿਆ। ਕਰਮਚਾਰੀਆਂ ਨੇ ਪੁਲਿਸ ਬੁਲਾ ਲਈ। ਪੁਲਿਸ ਬੜੀ ਹੀ ਹਮਦਰਦੀ ਨਾਲ ਉਸ ਨੂੰ ਘਰੇ ਲਾਹ ਗਈ।

ਬਦਨ ਸਿੰਘ ਸੋਫ਼ੇ 'ਤੇ ਹੀ ਪਿਆ ਸੀ ਕਿ ਬੀਮੇਂ ਵਾਲਿਆਂ ਦਾ ਏਜੰਟ ਆ ਗਿਆ।

-"ਮਿਸਟਰ ਸਿੰਘ! ਤੁਹਾਡੀ ਐਕਸੀਡੈਂਟ ਵਾਲੀ ਕਾਰ ਅਸੀਂ ਤੁਹਾਡੇ ਦਰਵਾਜੇ ਅੱਗੇ ਖੜ੍ਹੀ ਕਰ ਦਿੱਤੀ ਹੈ-ਆਹ ਲਵੋ ਚਾਬੀ ਅਤੇ ਇੱਥੇ ਦਸਤਖ਼ਤ ਕਰ ਦਿਓ!"

ਬਦਨ ਸਿੰਘ ਨੇ ਬਿਨਾ ਕੁਝ ਕਹੇ-ਸੁਣੇ ਲੋੜੀਂਦੇ ਕਾਗਜ਼ਾਂ 'ਤੇ ਦਸਤਖ਼ਤ ਕਰ ਦਿੱਤੇ ਅਤੇ ਚਾਬੀ ਮੋੜਦਾ ਹੋਇਆ ਬੋਲਿਆ।



-"ਜਨਾਬ-ਮੈਂ ਇਸ ਗੱਡੀ ਨੂੰ ਰੱਖਣਾ ਈ ਨਹੀਂ-ਜਿਸ ਨੇ ਮੇਰਾ ਪ੍ਰੀਤ ਖਾ ਲਿਆ-ਕਿਰਪਾ ਕਰਕੇ ਤੁਸੀਂ ਹੀ ਇਸ ਨੂੰ ਵਾਧਾ-ਘਾਟਾ ਕਰਕੇ ਵੇਚ ਦਿਓ!" ਤੇ ਏਜੰਟ ਚਾਬੀ ਲੈ ਕੇ ਚਲਾ ਗਿਆ।

ਬਦਨ ਸਿੰਘ ਪ੍ਰੀਤ ਦੀ ਲਾਸ਼ ਦਾ ਇੰਡੀਆ ਲਿਜਾ ਕੇ ਸਸਕਾਰ ਕਰਨਾ ਚਾਹੁੰਦਾ ਸੀ।

-"ਸਹੁਰੇ ਦੀ ਰੂਹ ਐਥੇ ਈ ਨਾ ਭੜਕਦੀ ਫਿਰੇ।"

ਪਰ ਉਹ ਬੇਵੱਸ ਸੀ। ਪੁੱਤਰਾਂ ਅਤੇ ਘਰ ਵਾਲੀ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਣਾ ਸੀ।

-"ਲੋਕ ਵੀ ਆਬਦਿਆਂ ਨੂੰ ਐਥੇ ਈ ਫੂਕਦੇ ਐ-ਬਾਹਲਾ ਹੇਜ ਮਾਰ ਗਿਆ ਇਹਨੂੰ।" ਘਰ ਵਾਲੀ ਨੇ ਕਹਿਣਾ ਸੀ। ਦੁੱਖ ਅਤੇ ਵਿਰੋਧ ਦਾ ਸਾਹਮਣਾ ਉਸ ਤੋਂ ਹੋਣਾ ਨਹੀਂ ਸੀ। ਖ਼ਾਸ ਤੌਰ 'ਤੇ ਪ੍ਰੀਤ ਬਾਰੇ ਉਹ ਕੋਈ ਗੱਲ ਸਹਾਰ ਨਹੀਂ ਸਕਦਾ ਸੀ। ਸਸਕਾਰ 'ਤੇ ਉਹ ਕਲੇਸ਼ ਕਰਨੋਂ ਡਰਦਾ ਸੀ।

-"ਸ਼ੇਰ ਬੱਗੇ ਦੀ ਮਿੱਟੀ ਨਹੀਂ ਰੋਲਣੀਂ!" ਉਹ ਆਪਦੇ ਆਪ ਨਾਲ ਹੀ ਗੱਲਾਂ ਕਰਦਾ।

ਖ਼ੈਰ! ਸਰਕਾਰੀ ਸ਼ਮਸ਼ਾਨਘਾਟ ਵਿਖੇ ਲਿਜਾ ਕੇ ਪ੍ਰੀਤ ਦਾ ਸਸਕਾਰ ਕਰ ਦਿੱਤਾ। ਪ੍ਰੀਤ ਦੀ ਮਾਂ ਦਿਲਜੀਤ ਨੂੰ ਦੰਦਲਾਂ-ਦੌਰੇ ਪੈ ਰਹੇ ਸਨ। ਕਿੰਨੇ ਪਾਪੜ ਵੇਲ ਕੇ ਇੱਕ ਪੁੱਤ ਲਿਆ ਸੀ ਅਤੇ ਉਹ ਵੀ 'ਝਾਤ' ਕਹਿ ਕੇ ਤੁਰ ਗਿਆ ਸੀ। ਉਸ ਦੀ ਵਸਦੀ-ਰਸਦੀ ਦੁਨੀਆਂ ਤਬਾਹ ਹੋ ਗਈ ਸੀ। ਇੱਥੇ ਲੋਕ-ਲਾਜ ਪੱਖੋਂ ਬਦਨ ਸਿੰਘ ਬਹੁਤ ਘੱਟ ਰੋਇਆ ਸੀ। ਦੁੱਖ-ਦਰਦ ਦਾ ਗੋਲਾ ਦਿਲ ਵਿੱਚ ਦੱਬੀ ਉਹ ਘੁੱਟਿਆ-ਘੁੱਟਿਆ ਫਿਰਦਾ ਰਿਹਾ ਸੀ। ਸਿਲ-ਪੱਥਰ ਬਣਿਆਂ। ਕਿਸੇ ਬੁੱਢੇ ਦਰਿਆ ਵਾਂਗ ਖ਼ਾਮੋਸ਼! ਉਹ ਬੁੱਢਾ ਦਰਿਆ ਜਿਹੜਾ ਸਿਰਫ਼ ਆਪਣੀ ਜੂਹ ਵਿੱਚ ਹੀ ਵਗ ਸਕਦਾ ਸੀ।

ਸ਼ਮਸ਼ਾਨਘਾਟ ਵਾਲਿਆਂ ਨੇ ਸਸਕਾਰ ਤੋਂ ਬਾਅਦ ਪ੍ਰੀਤ ਦੀ ਰਾਖ਼ ਅਤੇ 'ਫੁੱਲ' ਉਸ ਦੀ ਮਾਂ ਦਿਲਜੀਤ ਕੌਰ ਨੂੰ ਸੌਂਪ ਦਿੱਤੇ ਅਤੇ ਦਿਲਜੀਤ ਨੇ ਬਦਨ ਸਿੰਘ ਦੇ ਹਵਾਲੇ ਕਰ ਦਿੱਤੇ।

ਪ੍ਰੀਤ ਦੇ ਫੁੱਲ ਲੈ ਕੇ ਪ੍ਰੀਤ ਦੀ ਮਾਂ ਦਿਲਜੀਤ ਅਤੇ ਬਦਨ ਸਿੰਘ ਇੰਡੀਆ ਨੂੰ ਜਹਾਜ਼ ਚੜ੍ਹ ਗਏ। ਸਾਰੇ ਰਾਹ ਹੀ ਦੋਨਾਂ ਨੇ ਕੁਝ ਖਾਧਾ ਨਾ ਪੀਤਾ ਸੀ। ਬਦਨ ਸਿੰਘ ਪ੍ਰੀਤ ਦੇ ਫੁੱਲਾਂ ਨੂੰ ਹਿੱਕ ਨਾਲ ਲਾਈ ਆਇਆ ਸੀ। ਇੱਕ ਤਰ੍ਹਾਂ ਨਾਲ ਪ੍ਰੀਤ ਨੂੰ ਬੱਚੇ ਵਾਂਗ ਬੁੱਕਲ ਵਿੱਚ ਬਿਠਾਈ ਆਇਆ ਸੀ। ਇੱਕ ਪਲ ਵੀ ਫੁੱਲ ਉਸ ਨੇ ਛਾਤੀ ਨਾਲੋਂ ਨਹੀਂ ਲਾਹੇ ਸਨ। ਬਦਨ ਸਿੰਘ ਨੂੰ ਸਬਰ ਨਹੀਂ ਆ ਰਿਹਾ ਸੀ।

-"ਦਲਜੀਤ ਕੌਰੇ-ਆਹ ਵੀ ਕੱਲ੍ਹ ਨੂੰ ਤਾਰ ਦਿਆਂਗੇ-ਫੇਰ ਆਪਣੇ ਕੋਲ ਕੀ ਰਹਿ ਜਾਊ? ਜਾਣੀਂਦੀ ਜਮਾਂ ਈ ਹੱਥ ਮਾਂਜ ਕੇ ਬਹਿਜਾਂਗੇ।" ਬਦਨ ਸਿੰਘ ਦੇ ਦਿਲੋਂ ਵੈਰਾਗ਼ ਦਾ ਤੂਫ਼ਾਨ ਉਠਿਆ। ਦਿਲਜੀਤ "ਹਾਏ ਰੱਬਾ...!" ਆਖ ਕੇ ਰੋ ਪਈ। ਉਸ ਦਾ ਕਾਲਜਾ ਭਰਾੜ੍ਹ ਹੋ ਗਿਆ ਸੀ। ਉਹ ਬਦਨ ਸਿੰਘ ਦੇ ਮੋਹ-ਭਿੱਜੇ ਮਨ ਨੂੰ, ਦਿਲ ਦੇ ਅਥਾਹ ਦਰਦ ਨੂੰ ਚੰਗੀ ਤਰ੍ਹਾਂ ਹੀ ਤਾਂ ਸਮਝਦੀ ਸੀ।

ਪਿੰਡ ਪਹੁੰਚ ਕੇ ਉਸ ਨੇ ਇਸ਼ਨਾਨ ਕੀਤਾ ਅਤੇ 'ਵਾਹਿਗੁਰੂ-ਵਾਹਿਗੁਰ" ਕਰਦਾ ਫੁੱਲ ਲੈ ਕੇ ਗੁਰਦੁਆਰੇ ਪਹੁੰਚ ਗਿਆ। ਪੂਰੇ ਵੀਹ ਸਾਲਾਂ ਬਾਅਦ ਉਹ ਪਿੰਡ ਆਇਆ ਸੀ। ਗੁਰਦੁਆਰੇ ਦੇ ਪਿੱਪਲ ਨਾਲ ਉਸ ਨੇ ਪੋਟਲੀ ਟੰਗੀ ਅਤੇ ਅੰਦਰ ਚਲਾ ਗਿਆ।

ਮੱਥਾ ਟੇਕਿਆ।

ਓਪਰੇ ਗਰੰਥੀ ਸਾਹਿਬਾਨ ਨੂੰ 'ਫ਼ਤਹਿ' ਬੁਲਾਈ ਅਤੇ ਪ੍ਰੀਤ ਦੀ ਆਤਮਾ ਨੂੰ ਸ਼ਾਂਤੀ ਨਵਿਰਤ ਅਰਦਾਸ ਕਰਨ ਲਈ ਬੇਨਤੀ ਕੀਤੀ।

-"ਕੀ ਨਾਂ ਸੀ ਕਾਕੇ ਦਾ?" ਗਰੰਥੀ ਨੇ ਸੁਆਲ ਕੀਤਾ।

-"ਜੀ ਹਰਪ੍ਰੀਤ ਸਿੰਘ!" ਬਦਨ ਸਿੰਘ ਦੀਆਂ ਅੱਖਾਂ ਛਲਕੀਆਂ। ਬੋਲਾਂ 'ਚ ਹੰਝੂ ਬੋਲੇ। ਗਲ ਰੁਕ ਗਿਆ।

-"ਪਿਤਾ ਦਾ ਨਾਂ?"

ਬਦਨ ਸਿੰਘ ਡਰ ਕੇ, ਦਹਿਲ ਕੇ ਜਿਹੇ ਆਪਣੀ ਸਾਲੀ ਦਿਲਜੀਤ ਵੱਲ ਝਾਕਿਆ। ਉਹ ਗੁਰੂ ਦੀ ਤਾਬਿਆ ਵਿੱਚ ਖੜ੍ਹੇ ਸਨ। ਝੂਠ ਬੋਲਣਾ ਬੱਜਰ ਗੁਨਾਂਹ ਹੀ ਨਹੀਂ, ਘੋਰ ਪਾਪ ਵੀ ਸੀ। ਦਿਲਜੀਤ ਨੇ ਅੱਖਾਂ ਮੀਟ ਕੇ ਲੰਮਾ ਸਾਹ ਲਿਆ ਅਤੇ 'ਹਾਂ' ਵਿੱਚ ਸਿਰ ਹਿਲਾ ਦਿੱਤਾ।

-"ਜੀ ਸਰਦਾਰ ਬਦਨ ਸਿੰਘ...!"

ਗਰੰਥੀ ਨੇ ਨੋਟ ਕਰ ਲਿਆ।

ਅੱਜ ਉਸ ਦੇ ਸਿਰੋਂ ਮਣਾਂ-ਮੂੰਹੀਂ ਬੋਝ ਉੱਤਰ ਗਿਆ ਸੀ। ਉਹ ਗੁਰੂ-ਦਰਬਾਰ ਵਿੱਚ ਸੁਰਖ਼ਰੂ ਜਿਹਾ ਹੋਇਆ ਖੜ੍ਹਾ ਸੀ।

ਭਾਈ ਜੀ ਨੇ ਅਰਦਾਸ ਕਰ ਦਿੱਤੀ ਅਤੇ ਉਹ ਹਰਪ੍ਰੀਤ ਦੇ ਫੁੱਲ ਲੈ ਕੇ ਕੀਰਤਪੁਰ ਸਾਹਿਬ ਨੂੰ ਰਵਾਨਾ ਹੋ ਗਏ।

(ਸਮਾਪਤ)

# ਮੇਰੀ ਕਲਮ

## ਇੱਕ ਗੀਤ

ਅੰਮ੍ਰਿਤਾ ਪ੍ਰੀਤਮ



ਮੀਹਾਂ ਦੀ ਭਿੱਜੀ ਰਾਤ ਵੇ !

ਧੁੱਪਾਂ ਦੇ ਲੂਸੇ ਦਿਨਾਂ ਨੂੰ ਲੱਗੀ
ਮੀਹਾਂ ਦੀ ਭਿੱਜੀ ਰਾਤ ਵੇ !

ਸ਼ਾਹ ਹਨੇਰਿਆਂ ਅਗੇ ਹੋ ਗਏ
ਪਹੁ ਫੁਟਾਲੇ ਮਾਤ ਵੇ !

ਹੋਸ਼ ਗੁਆਚੇ ਹੋਏ ਨਾ ਲੱਭਣ
ਤੇ ਸੌਣ ਵਲ੍ਹੇਟਿਆਂ ਅੰਗਾਂ ਨੂੰ
ਅਜ ਜਾਗਣ ਦੀ ਨਾ ਗਿਆਤ ਵੇ !

ਉੱਚੇ ਅਰਸ਼ਾਂ ਦੇ ਕੰਨ ਤਰਸਣ
ਨੀਵੀਂ ਜਹੀ ਧਰਤੀ ਦੀ ਕੋਈ
ਸੁਣਨ ਲਈ ਅਜ ਬਾਤ ਵੇ !

ਚੰਦ੍ਰ ਲੋਕ ਵਿੱਚ ਜਹੇ ਬੇਹੋਸ਼ੇ
ਸੂਰਜ ਲੋਕ ਦੀ ਜਾਕੇ ਚੰਨਾ !
ਕੌਣ ਪੁਛੇ ਹੁਣ ਵਾਤ ਵੇ !

ਅਸੀ ਨਾਂ ਦੇਵ ਲੋਕ ਦੇ ਯਾਚਕ
ਅਸੀ ਤਾਂ ਰਜ ਰਜ ਕੇ ਵਰੋਸਾਏ
ਮਾਤ ਲੋਕ ਦੀ ਵਾਤ ਵੇ !

ਮੀਹਾਂ ਦੀ ਭਿੱਜੀ ਰਾਤ ਵੇ !

## ਕੱਤੀਆਂ ਨਾ ਜਾਣ ਪੂਣੀਆਂ

ਇੰਦਰਜੀਤ ਹਸਨਪੁਰੀ

ਜਦੋਂ ਯਾਦ ਸੱਜਣਾ ਤੇਰੀ ਆਵੇ
ਕੱਤੀਆਂ ਨਾ ਜਾਣ ਪੂਣੀਆਂ ।

ਚਰਖੀ ਦਾ ਗੇੜਾ ਮੈਥੋਂ ਇਕ ਵੀ ਨਾ ਆਂਵਦਾ ।
ਕਿੰਨਾਂ ਹੀ ਬਚਾਵਾਂ ਤੰਦ ਫਿਰ ਟੁੱਟ ਜਾਂਵਦਾ ।
ਟੁੱਟ ਪੈਣਾ ਤੱਕਲਾ ਵਲ ਖਾਵੇ ।
ਕੱਤੀਆਂ ਨਾ ਜਾਣ ਪੂਣੀਆਂ ।

ਜਾਵਾਂ ਹੇ ਤ੍ਰਿੰਜਣਾਂ ਨੂੰ ਛੇੜਨ ਸਹੇਲੀਆਂ ।
ਵੱਢ ਵੱਢ ਖਾਣ ਮੈਨੂੰ ਸੁੰਨੀਆਂ ਹਵੇਲੀਆਂ ।
ਇਨ੍ਹਾਂ ਵੈਰਨਾਂ ਨੂੰ ਕੌਣ ਸਮਝਾਵੇ ।
ਕੱਤੀਆਂ ਨਾ ਜਾਣ ਪੂਣੀਆਂ ।

ਸਖੀਆਂ ਸਹੇਲੀਆਂ ਨੇ ਮੇਰੇ ਨਾਲੋਂ ਦੂਣੀਆਂ ।
ਸੱਪ ਬਣ ਗਈਆਂ ਹਾਏ ਮੇਰੀਆਂ ਇਹ ਪੂਣੀਆਂ ।
ਮੈਨੂੰ ਚਰਖੀ ਦੀ ਗੂੰਜ ਸੁਜਾਵੇ ।
ਕੱਤੀਆਂ ਨਾ ਜਾਣ ਪੂਣੀਆਂ ।

ਹਸਨਪੁਰੀ ਜਿੰਨਾਂ ਚਿਰ ਤੂੰ ਏਂ ਮੈਥੋਂ ਦੂਰ ਵੇ ।
ਮੱਛੀ ਵਾਂਗ ਤੜਫਾਂ ਮੈਂ ਹੋ ਕੇ ਮਜ਼ਬੂਰ ਵੇ ।
ਮੇਰਾ ਪਲ ਪਲ ਮਨ ਘਬਰਾਵੇ ।
ਕੱਤੀਆਂ ਨਾ ਜਾਣ ਪੂਣੀਆਂ ।
ਜਦੋਂ ਯਾਦ ਸੱਜਣਾ ਤੇਰੀ ਆਵੇ
ਕੱਤੀਆਂ ਨਾ ਜਾਣ ਪੂਣੀਆਂ ।

## ਇਕੱਲਤਾ

ਸੁਖਵਿੰਦਰ ਅੰਮ੍ਰਿਤ



ਤੇਰੇ ਜਾਣ ਤੋਂ ਬਾਅਦ
ਮੈਂ ਅੱਥਰੂ ਪੂੰਝੇ
ਸ਼ੀਸ਼ਾ ਵੇਖਿਆ
ਇਕ ਯਕੀਨ ਭਰਿਆ ਹਾਸਾ
ਮੇਰੇ ਹੋਠਾਂ 'ਤੇ ਖਿੜ ਗਿਆ
ਮੈਂ ਇੱਕਲੀ ਨਹੀਂ ਸੀ...
ਤੇਰੇ ਜਾਣ ਤੋਂ ਬਾਅਦ
ਮੈਂ ਆਪਣੇ ਆਪ ਕੋਲ ਸੀ
ਤੇ ਮੇਰੇ ਆਪੇ ਕੋਲ ਸੀ
ਕਾਇਨਾਤ ਦੇ ਸਭ ਖ਼ਜ਼ਾਨੇ
ਪੰਜ ਤੱਤ
ਛੇ ਰੁੱਤਾਂ
ਸੱਤ ਸੁਰ
ਅੱਠ ਪਹਿਰ
ਨੌਂ ਨਿਧਾਂ
ਦਸ ਦਿਸ਼ਾਵਾਂ...
ਤੇ ਉਹ ਸਭ ਕੁਝ
ਜੋ ਗਿਣਿਆਂ ਨਹੀਂ ਜਾ ਸਕਦਾ
ਤੇਰੇ ਜਾਣ ਤੋਂ ਬਾਅਦ
ਮੈਂ ਉਹ ਵੇਖਿਆ
ਜੋ ਤੇਰੇ ਹੁੰਦਿਆਂ
ਤੇਰੇ ਨਾਲ ਢਕਿਆ ਹੋਇਆ ਸੀ...

## ਸਿੱਖ ਨਿਗਲ਼ੇ ਗਏ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
ਟੈਲੀਫੋਨ : 07748772308



ਵੱਡੇ ਵੱਡੇ ਖ਼ਾਨਦਾਨੀ, ਢੁੱਠਾਂ ਵਾਲੇ ਖੱਬੀਖਾਨ,
ਜੁੱਤੀਆਂ ਨੂੰ ਫੜੀ ਹੱਥ, ਭੱਜੇ ਚੱਲੀ ਜਾਂਦੇ ਨੇ।
ਇੱਕ ਦੂਜੇ ਕੋਲੋਂ ਅੱਗੇ, ਲੰਘਣ ਦੀ ਹੋੜ੍ਹ ਵਿੱਚ,
ਆਪਣੇ ਹੀ ਟੱਬਰਾਂ ਦੇ, ਗਿੱਟੇ ਛਿੱਲੀ ਜਾਂਦੇ ਨੇ।
ਢੱਠੀਆਂ ਨੇ ਪੱਗਾਂ ਅਤੇ ਢਿਲਕਦੀਆਂ ਢੁੱਠਾਂ ਨਾਲ,
ਖਿਝ ਖਿਝ ਦੂਜਿਆਂ ਦੇ ਢੁੱਗਾਂ ਧਰੀ ਜਾਂਦੇ ਨੇ।
ਚੁਸਤੀ ਚਲਾਕੀ 'ਤੇ ਮੱਕਾਰੀਆਂ ਦੇ ਬੱਲ ਬੂਤੇ,
ਆਪਣੀਆਂ ਇੱਜ਼ਤਾਂ ਦੇ ਸੌਦੇ ਕਰੀ ਜਾਂਦੇ ਨੇ।
ਕੱਛ ਤੇ ਕਛਹਿਰਿਆਂ ਦੀ ਲਾਜ ਇਹਨਾਂ ਵੇਚ ਛੱਡੀ,
ਆਪਣੇ ਹੀ ਨਾਲ਼ਿਆਂ 'ਚ ਫਸ ਡਿੱਗੀ ਜਾਂਦੇ ਨੇ।
ਸਵੇਰੇ ਰੰਗ ਹੋਰ ਅਤੇ ਸ਼ਾਮ ਨੂੰ ਕੋਈ ਹੋਰ ਹੁੰਦਾ,
ਰਾਤ ਦੇ ਹਨੇਰੇ, ਮੂੰਹ ਕਾਲ਼ੇ ਕਰੀ ਜਾਂਦੇ ਨੇ।
ਚੜ੍ਹਦੇ ਨੇ ਅੱਕੀਂ ਅਤੇ, ਉੱਤਰਦੇ ਪਲ਼ਾਹੀਂ ਜਾ ਕੇ,
ਲਾਹਣਤੀ ਪੈੜਾਂ ਪਾ ਕੇ, ਮਾਣ ਕਰੀ ਜਾਂਦੇ ਨੇ।
ਜਿਹੜੇ ਇੱਕ ਦੂਜਿਆਂ ਨੂੰ, ਪਾਣੀ ਪੀ ਪੀ ਕੋਸਦੇ ਸੀ,
ਸਾਂਝੀਆਂ ਸਟੇਜਾਂ ਉੱਤੇ, ਫੱਸ ਬੈਠੀ ਜਾਂਦੇ ਨੇ।
ਗੌਂਵਾਂ ਵਾਲੇ ਜੌਂ ਅੱਜ, ਭੁੱਜਦੇ ਨੇ ਐਸੇ ਦੇਖੇ,
ਗਿੱਲੇ ਪਿੱਲੇ ਸਭ ਅੱਜ, ਭੱਠੀ ਝੋਕੀ ਜਾਂਦੇ ਨੇ।
ਅਸੂਲਾਂ ਅਤੇ ਕਦਰਾਂ ਦੀ, ਪੇਸ਼ ਨਹੀਂ ਜਾਂਦੀ ਕੋਈ,
ਫਲਸਫੇ ਬੇਚਾਰੇ ਅੱਜ, ਲੁਕੀ ਛਿਪੀ ਜਾਂਦੇ ਨੇ।
ਠੁੱਸ ਹੋਏ ਕਾਰਤੂਸ, ਆਪਣੀਆਂ ਤੋਪਾਂ ਵਿੱਚੋਂ,
ਬੇਗਾਨੀ ਤੋਪੇ ਚੱਲਣੇ ਦੀ, ਝਾਕ ਰੱਖੀ ਜਾਂਦੇ ਨੇ।
ਕਿਹੜੇ ਖੂਹੇ ਪੈਣ ਹੁਣ, ਇੱਜ਼ਤਾਂ 'ਤੇ ਸ਼ਾਨਾਂ ਅੱਜ,
ਆਮ ਸਿੱਖ ਆਪਸੀ, ਸਵਾਲ ਕਰੀ ਜਾਂਦੇ ਨੇ।
ਕਿਹਨਾਂ ਪਿੱਛੇ ਲੱਗ ਅਸੀਂ, ਜਿੰਦੜੀਆਂ ਰੋੜ੍ਹ ਲਈਆਂ,
ਸ਼ਰਮ ਦੇ ਨਾਲ, ਅੰਦਰੇ ਹੀ ਮਰੀ ਜਾਂਦੇ ਨੇ।
ਮੁਸਕੜੀਂ ਹੱਸਦਾ, ਸ਼ੈਤਾਨ ਇੱਕ ਪਾਸੇ ਹੋ ਕੇ,
ਆਪਣਾ ਹੀ ਘਾਣ ਸਿੱਖ, ਆਪੇ ਕਰੀ ਜਾਂਦੇ ਨੇ।
ਨਿਗਲ਼ੇ ਨੇ ਗਏ ਕਈ, ਥੋੜ੍ਹੇ ਜਿਹੇ ਬਚੇ ਜਿਹੜੇ,
ਦੇਖਿਓ ਉਹ ਕਿਵੇਂ, ਭੱਜ ਛੁਰੀ ਥੱਲੇ ਆਉਂਦੇ ਨੇ।

## ਝੁਲਾਏ ਏਹ ਝੰਡੇ

ਰਣਜੀਤ ਆਜ਼ਾਦ ਕਾਂਝਲਾ
(09464697781)



ਘਰਾਂ 'ਤੇ ਝੁਲਾਏ ਏਹ ਝੰਡੇ ਕੀ ਕੀ ਦਾਅਵਾ ਜਿਤਾ ਰਹੇ ਨੇ ?
ਅਮਨ ਪਸੰਦ ਲੋਕ ਮਨਾਂ ਵਿੱਚ ਇਹ ਜ਼ਹਿਰ ਫੈਲਾ ਰਹੇ ਨੇ।
ਅਸੀਂ ਹਾਂ ਨਾਗਰਿਕ ਭਾਰਤ ਦੇ, ਦੇਸ਼ ਸਭਨਾਂ ਦਾ ਸਾਂਝਾ ਹੈ,
ਤਰਾਂ ਤਰਾਂ ਦੇ ਫੁੱਲ ਆਪੋ ਆਪਣੀ ਮਹਿਕ ਖਿੰਡਾ ਰਹੇ ਨੇ।
ਇਕ ਗੁਲਦਸਤੇ ਵਾਂਗ ਹਾਂ ਜਾਪ ਰਹੇ ਸੱਭੇ ਪ੍ਰਾਣੀ ਦੇਸ਼ ਦੇ,
ਵੱਖ ਵੱਖ ਜਾਤ,ਨਸਲ,ਧਰਮ,ਮਜਬ ਏਕਤਾ ਜਿਤਾ ਰਹੇ ਨੇ।
ਕੁਝ ਚਾਤੁਰ ਲੋਕ ਨਫਰਤ ਫੈਲਾਉਣ ਤੋਂ ਬਾਜ ਨਹੀਂ ਆਉਂਦੇ,
ਨਿਜ਼ ਲਈ ਅਜਿਹੇ ਕਲੰਦਰ ਲੋਕਾਂ ਵਿਚ ਵੰਡਾਂ ਪਾ ਰਹੇ ਨੇ।
ਕਿਰਤ ਕਰ ਪੇਟ ਪਾਲਦੇ ਆ ਰਹੇ ਨੇ ਏਹ ਮਿਹਨਤੀ ਪ੍ਰਾਣੀ,
ਜ਼ਹਿਰ ਫੈਲਾ ਲੁਟੇਰੇ ਕਿਸਮ ਦੇ ਲੋਕ ਵਿਥਾਂ ਜੋ ਪਾ ਰਹੇ ਨੇ।
ਆਜ਼ਾਦ ਨੇ ਖਰੀ ਏ ਗੱਲ ਮੂੰਹ 'ਤੇ ਕਹਿ ਦਿੱਤੀ ਹੈ ਵੀਰਨੋ,
ਕੁਝ ਖੁਦਗਰਜ ਲੋਕ ਨਿਜ਼ ਲਈ ਜਨਤਾ ਨੂੰ ਲੜਾ ਰਹੇ ਨੇ।

## ਸੂਹੇ ਸੂਹੇ ਪਰਛਾਵੇਂ

ਵਿਧਾਤਾ ਸਿੰਘ ਤੀਰ

ਵਧਦੇ ਫੁਲਦੇ, ਚਾਰ ਚੁਫੇਰੇ ।
ਦੂਰ ਹਟਾਵਣ ਪਏ ਅਨ੍ਹੇਰੇ ।
ਵਖਰੇ ਰੰਗ ਮਿਟਾਂਦੇ ਜਾਵਣ ।
ਆਪਣਾ ਰੰਗ ਚੜ੍ਹਾਂਦੇ ਜਾਵਣ ।
ਹਰ ਪਾਸੇ ਹਰ ਥਾਵੇਂ ।
ਅੱਜ ਸੂਹੇ ਸੂਹੇ ਪਰਛਾਵੇਂ ।

ਨਦੀਆਂ ਨਾਲੇ, ਪਰਬਤ ਸਾਗਰ ।
ਸੂਹੇ ਕਰ ਰਹੇ ਨੇ, ਇਹ ਵਰ੍ਹ ਵਰ੍ਹ ।
ਰੰਗ ਇਨ੍ਹਾਂ ਦੇ, ਅੰਦਰ ਘੁਲ ਘੁਲ ।
ਕਾਲੇ ਕਾਲੇ, ਮੋਟੇ ਮੋਟੇ,
ਮਿਸਦੇ ਪਏ ਨੇ ਨਾਵੇਂ ।
ਅੱਜ ਸੂਹੇ ਸੂਹੇ ਪਰਛਾਵੇਂ ।

ਅੰਦਰ ਬਾਹਿਰ, ਨੇੜੇ ਦੂਰ ।
ਉਗਮਣ ਪਏ, ਪੂਰਾਂ ਦੇ ਪੂਰ ।
ਧਰਤੀ ਦਾ ਰੰਗ, ਬਦਲੀ ਜਾਵਣ।
ਆਸਮਾਨ ਨੂੰ, ਰੰਗਦੇ ਜਾਵਣ ।
ਮੇਰੀਆਂ ਅੱਖੀਆਂ ਸਾਹਵੇਂ ।
ਅੱਜ ਸੂਹੇ ਸੂਹੇ ਪਰਛਾਵੇਂ ।

ਨਿਗ੍ਹਾ ਮੇਰੀ ਵਿੱਚ, ਵਸਦੇ ਜਾਵਣ ।
ਦਿਲ ਮੇਰੇ ਵਿੱਚ, ਧਸਦੇ ਜਾਵਣ ।
ਮੇਰੀ ਰੀਝ, ਮੇਰੀਆਂ ਆਸਾਂ,
ਹਨ ਸੂਹੇ ਪਰਛਾਵੇਂ ।
ਹਨ ਦੂਰ ਦੁਰੇਡੇ ਭਾਵੇਂ,
ਅੱਜ ਸੂਹੇ ਸੂਹੇ ਪਰਛਾਵੇਂ ।

## ਮੈਂ ਵਾਰਿਸ ਸ਼ਾਹ ਨੂੰ ਨਹੀਂ ਕਹਿਣਾ

ਵਿਰਕ ਪੁਸ਼ਪਿੰਦਰ



ਮੈਂ ਵਾਰਿਸ ਸ਼ਾਹ ਨੂੰ ਨਹੀਂ ਕਹਿਣਾ
ਕਿ ਕਬਰਾਂ ਵਿੱਚੋਂ ਬੋਲ
ਵਾਰਿਸ ਤਾਂ ਆਪਣੀ ਵਾਰੀ
ਬਾਖ਼ੂਬੀ ਨਿਭਾ ਗਿਆ
ਜੋ ਮੈਨੂੰ ਹੀਰ ਦੇ
ਵੈਣਾਂ ਤੋਂ ਵੀ ਉੱਚੀ ਹੂਕ
ਵਾਰਿਸ ਦੇ ਵੈਣਾਂ ਦੀ ਹੀ ਸੁਣਦੀ ....
ਮੈਂ ਤਾਂ ਅੱਜ ਦੇ ਵਾਰਸਾਂ ਨੂੰ ਹੀ ਕਹਿਣਾ!

ਮੈਂ ਤਾਂ ਆਪਣੇ
ਉਹ ਬਾਬਲ ਨੂੰ ਹੀ ਕਹਿਣਾ
ਜੋ ਮੇਰੇ ਜਨਮ ਉੱਤੇ ਮੂੰਹ
ਮਸੋਸਿਆ ਜਿਹਾ ਬਣਾ
ਮੇਰੀ ਪਹਿਲੀ ਕਿਲਕਾਰੀ ਨੂੰ
ਨਮੋਸ਼ੀ 'ਚ ਬਦਲ ਦਿੰਦਾ

ਮੈਂ ਤਾਂ ਆਪਣੀ
ਉਹ ਅੰਮੜੀ ਨੂੰ ਹੀ ਕਹਿਣਾ
ਜੋ ਬੜੇ ਸਹਿਜ ਰੂਪ 'ਚ
ਆਪ੍ਰੇਸ਼ਨ ਥੀਏਟਰ 'ਚ ਪਈ
ਇਹ ਗੀਤ ਗਾਉਂਦੀ
ਗੁੜ ਖਾਈਂ ਪੂਣੀ ਕੱਤੀਂ
ਆਪ ਨਾ ਆਈਂ
ਵੀਰ ਨੂੰ ਘੱਤੀਂ

ਮੈਂ ਤਾਂ ਆਪਣੇ
ਉਹ ਹਮਸਫ਼ਰ ਨੂੰ ਹੀ ਕਹਿਣਾ
ਤੇ ਬਸ ਇੰਨਾ ਹੀ ਕਹਿਣਾ
ਕੀ ਆਪਾਂ ਇੱਕੋ ਹੀ ਵਾਹਨ
ਦੇ ਪਹੀਏ ਹਾਂ
ਜੋ ਜ਼ਿੰਦਗੀ ਰੂਪੀ ਗੱਡੀ ਨੂੰ
ਸਹਿਜ ਰੂਪ ਵਿੱਚ
ਚਲਾਉਂਦੇ ਨੇ

ਮੈਂ ਤਾਂ ਆਪਣੇ
ਉਹ ਦੋਸਤਾਂ ਤੇ ਹਮਦਰਦਾਂ ਦੇ
ਉਨ੍ਹਾਂ ਹੱਥਾਂ ਨੂੰ ਹੀ ਕਹਿਣਾ
ਜੋ ਔਰਤ ਦੇ ਹੱਥਾਂ ਦੀ ਬਜਾਏ
ਉਹਦੇ ਨਾਲੇ ਵੱਲ ਹੀ ਜਾਂਦੇ

ਮੈਂ ਤਾਂ ਆਪਣੇ
ਉਹ ਸਕੂਲਾਂ, ਕਾਲਜਾਂ
ਤੇ ਯੂਨੀਵਰਸਿਟੀਆਂ 'ਚ ਬੈਠੇ
ਉਨ੍ਹਾਂ ਗੁਰੂਆਂ ਨੂੰ ਹੀ ਕਹਿਣਾ
ਜੋ ਚੇਲੀ ਦਾ ਹੀ ਰੂਪ
ਹੰਢਾਈ ਜਾਂਦੇ

ਮੈਂ ਤਾਂ ਉਹ ਅੱਖਾਂ
ਨੂੰ ਹੀ ਕਹਿਣਾ
ਜੋ ਬੱਸਾਂ ਤੇ ਬਾਜ਼ਾਰਾਂ
ਮੋੜਾਂ ਤੇ ਚੌਂਕਾਂ 'ਚ ਖੜ੍ਹੀਆਂ
ਮੇਰੀਆਂ ਅੱਖਾਂ ਨੂੰ
ਬੇਕਸੂਰ ਹੋਣ ਦੇ ਬਾਵਜੂਦ
ਵੀ ਝੁਕਾ ਦਿੰਦੀਆਂ

ਮੈਂ ਤਾਂ ਉਹ ਸਾਰੇ ਸਿਆਸੀ
ਕੈਦੋਆਂ ਨੂੰ ਹੀ ਕਹਿਣਾ
ਜਿਨ੍ਹਾਂ ਕਰਕੇ ਹੀਰ ਤੋਂ
ਝੰਗ ਵੀ ਛੁੱਟ ਗਿਆ
ਤੇ ਤਖ਼ਤ ਹਜ਼ਾਰਾ ਵੀ
ਤੇ ਉੱਡਦੀ ਡੋਲੀ 'ਚ ਬਿਠਾ
ਪਰਦੇਸੀ ਸੈਦੇ
ਅੰਗਰੇਜ਼ੀ ਕਾਲਜਾਂ 'ਚ ਲੈ ਜਾਂਦੇ

ਮੈਂ ਤਾਂ ਉਹ ਸਾਰੀਆਂ
ਕਲਮਾਂ ਨੂੰ ਹੀ ਕਹਿਣਾ
ਜੋ ਬਸ ਮੈਨੂੰ ਵਸਤੂ ਜਾਚ ਕੇ
ਮੇਰੀ ਛਾਤੀ ਤੇ ਪੱਟਾਂ ਦੇ
ਨਾਪ ਨਾਲ ਹੀ ਘਸੀ ਜਾਂਦੀਆਂ

ਮੈਂ ਤਾਂ ਆਪਣੇ
ਪਰਛਾਵੇਂ ਨੂੰ ਹੀ ਕਹਿਣਾ ਕਿ
ਖ਼ੁਦੀ ਕੋ ਕਰ ਬੁਲੰਦ ਇਤਨਾ
ਕੇ ਹਰ ਤਕਦੀਰ ਸੇ ਪਹਿਲੇ
ਖ਼ੁਦਾ ਬੀ ਤੁਜ ਸੇ ਖ਼ੁਦ ਪੂਛੇ
ਬਤਾ ਤੇਰੀ ਰਜ਼ਾ ਕਿਆ ਹੈ

ਮੈਂ ਵਾਰਿਸ ਸ਼ਾਹ ਨੂੰ ਨਹੀਂ ਕਹਿਣਾ
ਮੈਂ ਤਾਂ ਅੱਜ ਦੇ ਵਾਰਸਾਂ ਨੂੰ ਕਹਿਣਾ !
ਮੈਂ ਤਾਂ ਅੱਜ ਦੇ ਵਾਰਸਾਂ ਨੂੰ ਹੀ ਕਹਿਣਾ!!

# ਫ਼ਿਲਮਾਂ ਨੂੰ ਹਿੱਟ ਕਰਵਾਉਣ ਦਾ ਨਵਾਂ ਫ਼ਾਰਮੂਲਾ 'ਵਿਵਾਦ'



*** ਪਾਬੰਦੀ ਲਗਾਉਣ ਕਾਰਨ ਫ਼ਿਲਮ ਹੋ ਜਾਂਦੀ ਹੈ ਹਿੱਟ**
*** ਸਿਆਸੀ ਦਲਾਂ ਨੂੰ ਵੀ ਮਿਲ ਜਾਂਦੈ ਧਰਮ 'ਤੇ ਸਿਆਸਤ ਕਰਨ ਦਾ ਮੌਕਾ**




ਫ਼ਿਲਮ 'ਦ ਕੇਰਲਾ ਸਟੋਰੀ' ਦੇ ਵਿਵਾਦ ਅਤੇ ਇਸ ਫ਼ਿਲਮ ਦੇ ਰਿਲੀਜ਼ ਹੋਣ ਤੋਂ ਬਾਅਦ ਇਸ ਫ਼ਿਲਮ ਵੱਲੋਂ ਪਹਿਲੇ ਹਫ਼ਤੇ ਕੀਤੀ ਗਈ ਕਮਾਈ ਤੋਂ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਫ਼ਿਲਮ 'ਦ ਕੇਰਲਾ ਸਟੋਰੀ' ਦੀ ਸਫਲਤਾ ਵਿੱਚ ਇਸ ਫ਼ਿਲਮ ਸਬੰਧੀ ਪੈਦਾ ਹੋਏ ਵਿਵਾਦ ਦਾ ਵੀ ਹੱਥ ਹੈ। ਅਸਲ ਵਿੱਚ ਫ਼ਿਲਮ 'ਦ ਕੇਰਲਾ ਸਟੋਰੀ' ਰਿਲੀਜ਼ ਹੋਣ ਤੋਂ ਪਹਿਲਾਂ ਹੀ ਕਈ ਤਰਾਂ ਦੇ ਵਿਵਾਦਾਂ ਵਿੱਚ ਘਿਰ ਜਾਣ ਕਾਰਨ ਚਰਚਾ ਵਿੱਚ ਆ ਗਈ, ਜਿਸ ਕਾਰਨ ਰਿਲੀਜ਼ ਹੋਣ ਤੋਂ ਬਾਅਦ ਇਸ ਫ਼ਿਲਮ ਨੂੰ ਪਹਿਲੇ ਹਫ਼ਤੇ ਦੌਰਾਨ ਹੀ ਵੱਡੀ ਗਿਣਤੀ ਦਰਸ਼ਕਾਂ ਨੇ ਵੇਖਿਆ।

ਕੁਝ ਫ਼ਿਲਮ ਸਮੀਖਕ ਕਹਿੰਦੇ ਹਨ ਕਿ ਅਸਲ ਵਿੱਚ ਹੁਣ 'ਵਿਵਾਦ' ਨੂੰ ਫ਼ਿਲਮਾਂ ਹਿੱਟ ਕਰਵਾਉਣ ਦਾ ਫਾਰਮੂਲਾ ਸਮਝਿਆ ਜਾਂਦਾ ਹੈ। ਇਸ ਨੀਤੀ ਤਹਿਤ ਜਾਣ ਬੁੱਝ ਕੇ ਨਵੀਆਂ ਬਣ ਰਹੀਆਂ ਫ਼ਿਲਮਾਂ 'ਚ ਵਿਵਾਦਮਈ ਦ੍ਰਿਸ਼ ਅਤੇ ਸੰਵਾਦ ਪਾ ਦਿਤੇ ਜਾਂਦੇ ਹਨ ਅਤੇ ਫਿਰ ਖੁਦ ਹੀ ਆਪਣੇ ਗੁਪਤ ਸਰੋਤਾਂ ਰਾਹੀਂ ਉਹਨਾਂ ਦ੍ਰਿਸ਼ਾਂ ਅਤੇ ਸੰਵਾਦਾਂ ਪ੍ਰਤੀ ਵਿਵਾਦ ਪੈਦਾ ਕਰ ਦਿਤੇ ਜਾਂਦੇ ਹਨ। ਜਿਸ ਕਾਰਨ ਫ਼ਿਲਮ ਚਰਚਾ ਵਿੱਚ ਆ ਜਾਂਦੀ ਹੈ ਅਤੇ ਫ਼ਿਲਮ ਦੀ ਮੁਫਤ ਵਿੱਚ ਪਬਲਸਿਟੀ ਹੋ ਜਾਂਦੀ ਹੈ। ਜਿਹੜੀਆਂ ਫ਼ਿਲਮਾਂ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦ ਪੈਦਾ ਹੋ ਜਾਂਦੇ ਹਨ, ਦਰਸ਼ਕਾਂ ਵਿੱਚ ਉਸ ਫ਼ਿਲਮ ਨੂੰ ਵੇਖਣ ਦੀ ਉਤਸੁਕਤਾ ਵੱਧ ਜਾਂਦੀ ਹੈ ਕਿ ਇਸ ਫ਼ਿਲਮ ਵਿੱਚ ਅਜਿਹਾ ਕੀ ਹੈ, ਜਿਸ ਕਾਰਨ ਫ਼ਿਲਮ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦ ਪੈਦਾ ਹੋ ਗਿਆ। ਅਕਸਰ ਫ਼ਿਲਮ ਦੇ ਨਿਰਮਾਤਾ ਅਤੇ ਪੂਰੀ ਟੀਮ ਵੱਲੋਂ ਫ਼ਿਲਮ ਨੂੰ ਰਿਲੀਜ਼ ਕਰਨ ਤੋਂ ਪਹਿਲਾਂ ਫ਼ਿਲਮ ਦਾ ਟਰੇਲਰ ਤੇ ਕੁਝ ਗਾਣਿਆਂ ਨੂੰ ਰਿਲੀਜ਼ ਕੀਤਾ ਜਾਂਦਾ ਹੈ। ਨਿਰਮਾਤਾ ਵੱਲੋਂ ਅਕਸਰ ਜਾਣ ਬੁਝ ਕੇ ਟਰੇਲਰ ਵਿੱਚ ਅਜਿਹੇ ਦ੍ਰਿਸ਼ ਤੇ ਸੰਵਾਦ ਦਿਖਾਏ ਜਾਂਦੇ ਹਨ, ਜਿਹਨਾਂ ਨਾਲ ਵਿਵਾਦ ਛਿੜੇ ਅਤੇ ਇਸ ਵਿਵਾਦ ਕਾਰਨ ਫ਼ਿਲਮ ਦੀ ਪੂਰੇ ਦੇਸ਼ ਵਿੱਚ ਚਰਚਾ ਹੋਵੇ। ਇਸ ਤਰਾਂ ਖੁਦ ਹੀ ਵਿਵਾਦ ਪੈਦਾ ਕਰਕੇ ਫ਼ਿਲਮ ਦੇ ਨਿਰਮਾਤ ਮੁਫ਼ਤ ਵਿੱਚ ਪੂਰੇ ਦੇਸ਼ ਵਿੱਚ ਫ਼ਿਲਮ ਦੀ ਮੁਫਤ ਵਿੱਚ ਪਬਲਸਿਟੀ ਕਰ ਲੈਂਦੇ ਹਨ।

ਫ਼ਿਲਮਾਂ ਦੇ ਨਿਰਮਾਤਾਵਾਂ ਤੇ ਨਿਰਦੇਸ਼ਕਾਂ ਵੱਲੋਂ ਪਹਿਲਾਂ ਵੀ ਫ਼ਿਲਮਾਂ ਨੂੰ ਹਿੱਟ ਕਰਵਾਉਣ ਲਈ ਕਈ ਤਰਾਂ ਦੇ ਫਾਰਮੂਲੇ ਅਪਨਾਏ ਜਾਂਦੇ ਰਹੇ ਹਨ। ਜਦੋਂ ਦਰਸ਼ਕਾਂ 'ਚ ਸਿਨੇਮਾ 'ਚ ਜਾ ਕੇ ਫ਼ਿਲਮ ਵੇਖਣ ਦੀ ਥਾਂ ਘਰ ਵਿੱਚ ਹੀ ਵੀਡੀਓ/ਵੀ.ਸੀ.ਆਰ 'ਤੇ ਫ਼ਿਲਮ ਵੇਖਣ ਦਾ ਰੁਝਾਨ ਵਧਿਆ ਤਾਂ ਦਰਸ਼ਕਾਂ ਨੂੰ ਸਿਨੇਮਾ ਤੱਕ ਖਿੱਚਣ ਲਈ ਫ਼ਿਲਮਾਂ ਵਿੱਚ ਨਿਰਮਾਤਾ ਤੇ ਨਿਰਦੇਸ਼ਕ ਵੱਲੋਂ ਅਜਿਹੇ ਸੀਨ ਰਖੇ ਜਾਣ ਲੱਗੇ ਜੋ ਕਿ ਸਿਨੇਮਾ ਦੀ ਵੱਡੀ ਸਕ੍ਰੀਨ 'ਤੇ ਹੀ ਦਿਲਕਸ਼ ਦਿਖਾਈ ਦਿੰਦੇ ਸਨ। ਇਸੇ ਤਰਾਂ ਫ਼ਿਲਮਾਂ ਨੂੰ ਹਿੱਟ ਕਰਵਾਉਣ ਲਈ ਪਹਿਲਾਂ ਫ਼ਿਲਮਾਂ ਦੇ ਨਿਰਮਾਤਾ ਅਤੇ ਨਿਰਦੇਸ਼ਕ ਇਸ਼ਤਿਹਾਰਾਂ ਅਤੇ ਪੋਸਟਰਾਂ ਦਾ ਵੀ ਸਹਾਰਾ ਲੈਂਦੇ ਸਨ ਅਤੇ ਪੂਰੇ ਦੇਸ਼ ਵਿੱਚ ਫ਼ਿਲਮਾਂ ਦੀ ਇਸ਼ਤਿਹਾਰਬਾਜੀ ਕੀਤੀ ਜਾਂਦੀ ਸੀ। ਉਸ ਸਮੇਂ ਫ਼ਿਲਮ ਦਾ ਪ੍ਰਚਾਰ ਕਰਨ ਲਈ ਸਾਈਕਲ ਰਿਕਸ਼ਾ ਦੀ ਵੀ ਵਰਤੋ ਕੀਤੀ ਜਾਂਦੀ ਸੀ। ਇਸ ਰਿਕਸ਼ਾ ਦੇ ਆਲੇ ਦੁਆਲੇ ਸਿਨੇਮਾ 'ਚ ਲੱਗੀ ਹੋਈ ਫ਼ਿਲਮ ਦੇ ਪੋਸਟਰ ਹੁੰਦੇ ਸਨ ਅਤੇ ਲਾਊਡ ਸਪੀਕਰ 'ਤੇ ਰਿਕਸ਼ਾ ਚਾਲਕ ਜਾਂ ਰਿਕਸ਼ਾ 'ਚ ਬੈਠੇ ਵਿਅਕਤੀ ਵੱਲੋਂ ਫ਼ਿਲਮ ਬਾਰੇ ਮਸ਼ਹੂਰੀ ਕੀਤੀ ਜਾਂਦੀ ਸੀ। ਪਹਿਲਾਂ ਅਖ਼ਬਾਰਾਂ 'ਚ ਵੀ ਹਰ ਦਿਨ ਵੱਖ ਵੱਖ ਸਿਨੇਮਿਆਂ 'ਚ ਲੱਗੀਆਂ ਫ਼ਿਲਮਾਂ ਬਾਰੇ ਜਾਣਕਾਰੀ ਦਿਤੀ ਜਾਂਦੀ ਸੀ।

ਪਰ ਹੁਣ ਫ਼ਿਲਮਾਂ ਦੇ ਪ੍ਰਚਾਰ ਕਰਨ ਦੇ ਤਰੀਕੇ ਬਦਲ ਗਏ ਹਨ, ਜਿਸ ਕਰਕੇ ਫ਼ਿਲਮਾਂ ਨੂੰ ਹਿੱਟ ਕਰਵਾਉਣ ਲਈ ਨਵੇਂ ਫਾਰਮੂਲੇ ਅਪਨਾਏ ਜਾ ਰਹੇ ਹਨ, ਜਿਹਨਾਂ ਵਿਚੋਂ ਹੀ ਇਕ ਫਾਰਮੂਲਾ ਜਾਣ ਬੁਝ ਕੇ ਫ਼ਿਲਮਾਂ ਸਬੰਧੀ ਵਿਵਾਦ ਪੈਦਾ ਕਰਨਾ ਹੈ ਜਾਂ ਫ਼ਿਲਮਾਂ 'ਚ ਜਾਣ ਬੁਝ ਕੇ ਵਿਵਾਦਮਈ ਦ੍ਰਿਸ਼ ਅਤੇ ਸੰਵਾਦ ਪਾਉਣਾ ਹੈ।

ਅਜਿਹੀਆਂ ਵਿਵਾਦਮਈ ਫ਼ਿਲਮਾਂ ਕਾਰਨ ਅਕਸਰ ਵੱਖ- ਵੱਖ ਸੂਬਿਆਂ ਦੀਆਂ ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਨੂੰ ਫ਼ਿਲਮਾਂ 'ਤੇ ਪਾਬੰਦੀ ਲਗਾਉਣ ਜਾਂ ਅਜਿਹੀਆਂ ਫ਼ਿਲਮਾਂ ਨੂੰ ਆਧਾਰ ਬਣਾ ਕੇ ਧਰਮ 'ਤੇ ਰਾਜਨੀਤੀ ਕਰਨ ਦਾ ਮੌਕਾ ਮਿਲ ਜਾਂਦਾ ਹੈ। ਕੁਝ ਨਿਰਮਾਤਾ ਤੇ ਨਿਰਦੇਸ਼ਕਾਂ ਦਾ ਭਾਰਤ ਦੇ ਨੇਤਾਵਾਂ ਨਾਲ ਗਠਜੋੜ ਦਾ ਵੀ ਅਸਰ ਫ਼ਿਲਮਾਂ ਦੇ ਨਿਰਮਾਣ 'ਤੇ ਹੁੰਦਾ ਹੈ। ਇਸ ਤੋਂ ਇਲਾਵਾ ਕਈ ਫ਼ਿਲਮਾਂ 'ਚ ਕਈ ਰਾਜਸੀ ਆਗੂਆਂ ਦਾ ਪੈਸਾ ਵੀ ਲੱਗਿਆ ਹੁੰਦਾ ਹੈ ਜਾਂ ਇਹਨਾਂ ਰਾਜਸੀ ਆਗੂਆਂ ਵੱਲੋਂ ਨਿਰਮਾਤਾ ਤੇ ਨਿਰਦੇਸ਼ਕ ਨੂੰ ਫ਼ਿਲਮ ਬਣਾਉਣ ਲਈ ਕਈ ਤਰਾਂ ਦੀਆਂ ਸਹੂਲਤਾਂ ਮੁਹਈਆ ਕਰਵਾਈਆਂ ਗਈਆਂ ਹੁੰਦੀਆਂ ਹਨ, ਇਸ ਕਰਕੇ ਅਜਿਹੀਆਂ ਫ਼ਿਲਮਾਂ ਸਬੰਧਿਤ ਨੇਤਾਵਾਂ ਦੀਆਂ ਅਤੇ ਉਹਨਾਂ ਦੀ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਵੀ ਲੁਕਵੇਂ ਰੂਪ 'ਚ ਕਰਦੀਆਂ ਹਨ।

ਵੇਖਣ 'ਚ ਆਇਆ ਹੈ ਕਿ ਅਕਸਰ ਲੋਕ ਸਭਾ ਚੋਣਾਂ ਜਾਂ ਵੱਖ-ਵੱਖ ਸੂਬਿਆਂ 'ਚ ਚੋਣਾਂ ਮੌਕੇ ਵੀ ਅਜਿਹੀਆਂ ਵਿਵਾਦਮਈ ਫ਼ਿਲਮਾਂ ਰਿਲੀਜ਼ ਕਰ ਦਿਤੀਆਂ ਜਾਂਦੀਆਂ ਹਨ, ਜਿਸਦਾ ਸਿੱਧਾ ਅਸਰ ਸਿਆਸਤ 'ਤੇ ਵੀ ਪੈਂਦਾ ਹੈ ਅਤੇ ਕਿਸੇ ਇਕ ਖਾਸ ਸਿਆਸੀ ਪਾਰਟੀ ਨੂੰ ਚੋਣਾਂ ਵਿੱਚ ਇਸ ਫ਼ਿਲਮੀ ਵਿਵਾਦ ਦਾ ਫ਼ਾਇਦਾ ਪਹੁੰਚਦਾ ਹੈ।

ਫ਼ਿਲਮਾਂ ਨੂੰ ਹਿੱਟ ਕਰਵਾਉਣ ਲਈ ਜਾਣ ਬੁੱਝ ਕੇ ਵਿਵਾਦ ਪੈਦਾ ਕਰਨ ਦਾ ਰੁਝਾਨ ਖ਼ਤਰਨਾਕ ਹੈ, ਜਿਸਦੇ ਦੇਸ਼ ਲਈ ਭਿਆਨਕ ਸਿੱਟੇ ਨਿਕਲ ਸਕਦੇ ਹਨ। ਅਜਿਹੀਆਂ ਵਿਵਾਦਮਈ ਫ਼ਿਲਮਾਂ ਕਾਰਨ ਵੱਖ- ਵੱਖ ਭਾਈਚਾਰਿਆਂ 'ਚ ਨਫ਼ਰਤ ਪੈਦਾ ਹੁੰਦੀ ਹੈ। ਇਸ ਲਈ ਅਜਿਹੀਆਂ ਵਿਵਾਦਮਈ ਫ਼ਿਲਮਾਂ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

## ਬਾਲੀਵੁੱਡ ਦੀਆਂ 10 ਸਭ ਤੋਂ ਵਿਵਾਦਿਤ ਫ਼ਿਲਮਾਂ









ਬਾਲੀਵੁੱਡ ਫਿਲਮਾਂ ਨੂੰ ਲੈ ਕੇ ਵਿਵਾਦ ਕੋਈ ਨਵੀਂ ਗੱਲ ਨਹੀਂ ਹੈ। ਕਦੇ ਇਹ ਵਿਵਾਦ ਫਿਲਮਾਂ ਦੇ ਟਾਈਟਲ ਨਾਲ ਜੁੜਿਆ ਹੁੰਦਾ ਸੀ ਤਾਂ ਕਦੇ ਕੰਟੈਂਟ ਨਾਲ। ਹਾਲਾਂਕਿ ਅਜਿਹੀਆਂ ਫਿਲਮਾਂ ਦੀ ਲਿਸਟ ਕਾਫੀ ਲੰਬੀ ਹੈ ਪਰ ਇਨ੍ਹਾਂ 'ਚੋਂ ਕੁਝ ਫਿਲਮਾਂ ਅਜਿਹੀਆਂ ਹਨ ਜੋ ਵਿਵਾਦਾਂ 'ਚ ਰਹੀਆਂ ਪਰ ਦਰਸ਼ਕਾਂ ਨੇ ਉਨ੍ਹਾਂ ਨੂੰ ਕਾਫੀ ਪਸੰਦ ਵੀ ਕੀਤਾ।

### ਨਿਸ਼ਬਦ

ਸਾਲ 2007 'ਚ ਰਿਲੀਜ਼ ਹੋਈ ਫਿਲਮ 'ਨਿਸ਼ਬਦ' ਨੂੰ ਲੈ ਕੇ ਕਾਫੀ ਹੰਗਾਮਾ ਹੋਇਆ ਸੀ। ਇਹ ਫਿਲਮ ਪ੍ਰੇਮ ਕਹਾਣੀ 'ਤੇ ਆਧਾਰਿਤ ਸੀ। ਇਸ ਵਿੱਚ ਇੱਕ ਬੁੱਢੇ ਆਦਮੀ ਨੂੰ ਆਪਣੀ ਧੀ ਦੀ ਸਹੇਲੀ ਨਾਲ ਪਿਆਰ ਹੋ ਜਾਂਦਾ ਹੈ। ਇਸ ਫਿਲਮ 'ਚ ਅਮਿਤਾਭ ਬੱਚਨ ਅਤੇ ਮਰਹੂਮ ਅਦਾਕਾਰਾ ਜੀਆ ਖਾਨ ਮੁੱਖ ਭੂਮਿਕਾਵਾਂ 'ਚ ਸਨ। ਇਸ ਫਿਲਮ ਦੇ ਪੋਸਟਰ ਵੀ ਕਈ ਥਾਵਾਂ ਤੋਂ ਪਾੜ ਦਿੱਤੇ ਗਏ।

### ਫਾਇਰ

ਦੀਪਾ ਮਹਿਤਾ ਦੁਆਰਾ ਨਿਰਦੇਸ਼ਤ ਫ਼ਿਲਮ ਫਾਇਰ, ਦੋ ਔਰਤਾਂ ਵਿਚਕਾਰ ਇੱਕ ਲੈਸਬੀਅਨ ਰਿਸ਼ਤੇ 'ਤੇ ਆਧਾਰਿਤ ਸੀ। ਇਹ ਇੱਕ ਮੱਧ-ਵਰਗੀ ਪਰਿਵਾਰ ਦੀਆਂ ਦੋ ਔਰਤਾਂ ਦੀ ਕਹਾਣੀ ਸੀ ਜੋ ਇੱਕ ਰਿਸ਼ਤੇ ਵਿੱਚ ਦਰਾਣੀ ਅਤੇ ਜਠਾਣੀ ਹਨ ਅਤੇ ਇੱਕ ਦੂਜੇ ਵੱਲ ਆਕਰਸ਼ਿਤ ਹੋ ਜਾਂਦੀਆਂ ਹਨ। ਇਸ ਫਿਲਮ ਦਾ ਕਈ ਸੰਗਠਨਾਂ ਨੇ ਵਿਰੋਧ ਕੀਤਾ ਸੀ।

### ਪੇਂਟਡ ਹਾਊਸ

ਫਿਲਮ ਵਿੱਚ ਇੱਕ ਬਜ਼ੁਰਗ ਆਦਮੀ ਅਤੇ ਇੱਕ ਲੜਕੀ ਦੇ ਰਿਸ਼ਤੇ ਨੂੰ ਦਰਸਾਇਆ ਗਿਆ ਹੈ। ਸਾਲ 2015 'ਚ ਬਣੀ ਇਸ ਫਿਲਮ ਨੂੰ ਲੈ ਕੇ ਕਾਫੀ ਹੰਗਾਮਾ ਹੋਇਆ ਸੀ।

### ਅਨਫ੍ਰੀਡਮ

ਇਸ ਲਿਸਟ 'ਚ ਫਿਲਮ 'ਅਨਫ੍ਰੀਡਮ' ਦਾ ਨਾਂ ਵੀ ਹੈ। ਫਿਲਮ 'ਤੇ ਪਾਬੰਦੀ ਲਗਾਈ ਗਈ ਸੀ ਕਿਉਂਕਿ ਇਹ ਸਮਲਿੰਗੀ ਸਬੰਧਾਂ 'ਤੇ ਆਧਾਰਿਤ ਸੀ। ਫਿਲਮ 'ਚ ਜ਼ਿਆਦਾ ਅਸ਼ਲੀਲਤਾ ਕਾਰਨ ਸੈਂਸਰ ਬੋਰਡ ਨੇ ਇਸ ਦੀ ਰਿਲੀਜ਼ ਨੂੰ ਮਨਜ਼ੂਰੀ ਨਹੀਂ ਦਿੱਤੀ।

### ਕਾਮ ਸੂਤਰ

ਸਾਲ 1996 'ਚ ਫਿਲਮ 'ਕਾਮ ਸੂਤਰ' ਦੇ ਖਿਲਾਫ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨ ਹੋਇਆ ਸੀ। ਫਿਲਮ 'ਚ ਕਈ ਬੋਲਡ ਅਤੇ ਨਿਊਡ ਸੀਨ ਸ਼ੂਟ ਕੀਤੇ ਗਏ ਹਨ। ਫਿਲਮ ਦਾ ਨਿਰਦੇਸ਼ਨ ਮੀਰਾ ਨਾਇਰ ਨੇ ਕੀਤਾ ਸੀ।




### ਸਿਨਸ

ਸਾਲ 2005 ਵਿੱਚ ਆਈ ਫਿਲਮ ਸਿਨਸ ਯਸ਼ਰਾਜ ਬੈਨਰ ਹੇਠ ਬਣੀ ਸੀ। ਫਿਲਮ ਦੀ ਕਹਾਣੀ ਇਕ ਨੌਜਵਾਨ ਲੜਕੀ ਅਤੇ ਪਾਦਰੀ ਦੇ ਪ੍ਰੇਮ ਸਬੰਧਾਂ 'ਤੇ ਆਧਾਰਿਤ ਸੀ। ਇਸ ਫਿਲਮ ਨੂੰ ਲੈ ਕੇ ਇਸਾਈ ਧਰਮ ਦੇ ਲੋਕਾਂ ਨੇ ਇਤਰਾਜ਼ ਜਤਾਇਆ ਸੀ।

### ਬਲੈਕ ਫਰਾਈਡੇ

ਸਾਲ 1993 'ਚ ਮੁੰਬਈ ਦੇ ਲੜੀਵਾਰ ਬੰਬ ਧਮਾਕਿਆਂ 'ਤੇ ਬਣੀ ਫਿਲਮ 'ਬਲੈਕ ਫਰਾਈਡੇ' ਹੁਸੈਨ ਜ਼ੈਦੀ ਦੀ ਕਿਤਾਬ 'ਬਲੈਕ ਫਰਾਈਡੇ: ਦਿ ਟਰੂ ਸਟੋਰੀ ਆਫ ਦਾ ਬੰਬੇ ਬੰਬ ਬਲਾਸਟ' 'ਤੇ ਆਧਾਰਿਤ ਸੀ। ਫਿਲਮ ਉਨ੍ਹਾਂ ਘਟਨਾਵਾਂ ਦਾ ਵਰਣਨ ਕਰਦੀ ਹੈ ਜੋ ਧਮਾਕਿਆਂ ਅਤੇ ਉਸ ਤੋਂ ਬਾਅਦ ਦੀ ਪੁਲਿਸ ਜਾਂਚ ਦੀ ਅਗਵਾਈ ਕਰਦੀ ਹੈ। ਸਾਲ 2004 'ਚ ਬਣੀ ਇਸ ਫਿਲਮ ਦਾ ਨਿਰਦੇਸ਼ਨ ਅਨੁਰਾਗ ਕਸ਼ਯਪ ਨੇ ਕੀਤਾ ਸੀ।

### ਵਾਟਰ

ਦੀਪਾ ਮਹਿਤਾ ਦੀ ਫਿਲਮ 'ਵਾਟਰ' ਵਿਧਵਾ ਔਰਤਾਂ ਦੀ ਜ਼ਿੰਦਗੀ ਨਾਲ ਜੁੜੇ ਹਨੇਰੇ ਦੀ ਦੁਨੀਆ ਨੂੰ ਦਰਸਾਉਂਦੀ ਹੈ। ਫਿਲਮ ਨੂੰ 2007 ਵਿੱਚ ਅਕੈਡਮੀ ਅਵਾਰਡ ਲਈ ਵੀ ਨਾਮਜ਼ਦ ਕੀਤਾ ਗਿਆ ਸੀ। ਹਾਲਾਂਕਿ ਫਿਲਮ ਦਾ ਕਾਫੀ ਵਿਰੋਧ ਹੋਇਆ ਸੀ।

### ਪੀ.ਕੇ

ਸਾਲ 2014 'ਚ ਆਈ ਆਮਿਰ ਖਾਨ ਦੀ ਬਲਾਕਬਸਟਰ ਫਿਲਮ 'ਪੀਕੇ' ਨੂੰ ਲੈ ਕੇ ਕਈ ਵਿਵਾਦ ਹੋਏ ਸਨ। ਫਿਲਮ 'ਤੇ ਧਰਮ ਨੂੰ ਲੈ ਕੇ ਗਲਤ ਧਾਰਨਾਵਾਂ ਪੈਦਾ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਕਈ ਜਥੇਬੰਦੀਆਂ ਨੇ ਫਿਲਮ ਦੇ ਪੋਸਟਰ ਵੀ ਸਾੜੇ।

### ਗੈਂਗਸ ਆਫ ਵਾਸੇਪੁਰ

ਸੁਪਰਹਿੱਟ ਫਿਲਮ 'ਗੈਂਗਸ ਆਫ ਵਾਸੇਪੁਰ' ਦੀ ਚਰਚਾ ਹਰ ਪਾਸੇ ਸੀ। ਫਿਲਮ ਵਿੱਚ ਦਿਖਾਏ ਗਏ ਅਪਮਾਨਜਨਕ ਅਤੇ ਇਤਰਾਜ਼ਯੋਗ ਦ੍ਰਿਸ਼ਾਂ ਨੂੰ ਲੈ ਕੇ ਵਿਵਾਦ ਹੋਇਆ ਸੀ। ਸਾਲ 2012 ਵਿੱਚ ਰਿਲੀਜ਼ ਹੋਈ ਇਸ ਫਿਲਮ ਦਾ ਨਿਰਦੇਸ਼ਨ ਅਨੁਰਾਗ ਕਸ਼ਯਪ ਨੇ ਕੀਤਾ ਸੀ।

# ਭਾਰਤੀ ਹਾਕੀ ਨੂੰ ਹਰਮਨ ਪਿਆਰਾ ਬਣਾਉਣ ਲਈ ਭਾਰਤ-ਪਾਕਿ ਵਿਚਾਲੇ ਮੈਚ ਜ਼ਰੂਰੀ

ਪਰਮਜੀਤ ਸਿੰਘ

ਪਾਕਿਸਤਾਨ ਦੇ ਪ੍ਰਸਿੱਧ ਅੰਤਰਰਾਸ਼ਟਰੀ ਹਾਕੀ ਖਿਡਾਰੀ ਤੇ ਪਾਕਿਸਤਾਨੀ ਹਾਕੀ ਦੀ ਜਿੰਦਜਾਨ ਰਹਿ ਚੁੱਕੇ ਤਾਹਿਰ ਜ਼ਮਾਨ ਨੇ ਇਕ ਵਾਰ ਕਿਹਾ ਸੀ ਕਿ ਸਾਡੇ ਖਿਡਾਰੀਆਂ ਦਾ ਉਤਸ਼ਾਹ ਤੇ ਮਨੋਬਲ ਜਿੰਨਾ ਭਾਰਤ ਨੂੰ ਹਰਾ ਕੇ ਬੁਲੰਦ ਹੁੰਦਾ ਹੈ, ਸ਼ਾਇਦ ਕਿਸੇ ਹੋਰ ਦੇਸ਼ ਨੂੰ ਹਰਾ ਕੇ ਨਹੀਂ ਹੁੰਦਾ। ਇਸ ਪੱਖ ਤੋਂ ਜੇ ਅਸੀਂ ਭਾਰਤੀ ਖਿਡਾਰੀਆਂ ਦੇ ਵਿਚਾਰ ਜਾਣੀਏ ਤਾਂ ਉਨ੍ਹਾਂ ਦੀ ਰਾਏ ਵੀ ਬਿਲਕੁਲ ਇਹੋ ਹੀ ਹੈ। ਭਾਰਤੀ ਪਾਕਿਸਤਾਨ ਨੂੰ ਹਰਾ ਕੇ ਸਾਰਾ ਸੰਸਾਰ ਹਰਾਉਣ ਦੇ ਤੁੱਲ ਸਮਝਦੇ ਹਨ। ਸੱਚ ਤਾਂ ਇਹ ਹੈ ਕਿ ਹਾਕੀ ਦੇ ਖੇਤਰ ਵਿੱਚ ਭਾਰਤ ਤੇ ਪਾਕਿਸਤਾਨ ਦੀ ਟੱਕਰ ਕਾਫੀ ਪੁਰਾਣੀ ਹੈ।

ਤੁਹਾਨੂੰ ਯਾਦ ਰਹੇ ਕਿ 1960 ਦੀਆਂ ਰੋਮ ਉਲੰਪਿਕ ਖੇਡਾਂ ਵਿੱਚ ਪਾਕਿਸਤਾਨ ਨੇ ਹੀ ਅਬਦੁੱਲ ਹਮੀਦ ਦੀ ਕਪਤਾਨੀ ਵਿੱਚ ਭਾਰਤ ਤੋਂ ਪਹਿਲੀ ਵਾਰ ਸੋਨੇ ਦਾ ਤਗ਼ਮਾ ਖੋਹਿਆ ਸੀ। ਭਾਰਤ ਜਿਹੜਾ ਇਸ ਤੋਂ ਪਹਿਲਾਂ ਲਗਾਤਾਰ ਉਲੰਪਿਕ ਜੇਤੂ ਬਣਦਾ ਰਿਹਾ ਸੀ। ਨਾਸਿਰ ਬੁੰਦਾ ਦੇ ਗੋਲ ਨੇ ਭਾਰਤੀ ਕਪਤਾਨ ਐਲ. ਕਲੌਡੀਅਸ ਦੀ ਟੀਮ ਨੂੰ ਹਿਲਾ ਕੇ ਰੱਖ ਦਿੱਤਾ। ਇਸੇ ਤਰ੍ਹਾਂ ਹੁਣ ਤੱਕ ਇਹ ਪਰੰਪਰਾਗਤ ਵਿਰੋਧ ਪੂਰੀ ਸ਼ਿੱਦਤ ਨਾਲ ਉਸੇ ਤਰ੍ਹਾਂ ਹੀ ਤੁਰਿਆ ਆ ਰਿਹਾ ਹੈ। ਅੱਜ ਵੀ ਭਾਰਤ ਪਾਕਿਸਤਾਨ ਦੋਵਾਂ ਦੇਸ਼ਾਂ ਦੀਆਂ ਹੱਦਾਂ ਦੀ ਤਰ੍ਹਾਂ ਜਦੋਂ ਹਾਕੀ ਦੇ ਮੈਦਾਨ ਵਿੱਚ ਵੀ ਗੇਂਦ ਵਿਰੋਧੀ ਦਲ ਦਾ ਖਿਡਾਰੀ ਦੂਸਰੇ ਦੀ ਹੱਦ ਤੋਂ ਪਾਰ ਲੈ ਜਾਂਦਾ ਹੈ ਅਤੇ ਗੋਲ ਪੋਸਟ ਵਲ ਵਧਣ ਲਗਦਾ ਹੈ ਤਾਂ ਵੇਖ ਰਹੀਆਂ ਹਜ਼ਾਰਾਂ ਅੱਖਾਂ ਵਿੱਚ ਉਤਸੁਕਤਾ ਵੱਧ ਜਾਂਦੀ ਹੈ। ਦਿਲ ਦੀਆਂ ਧੜਕਣਾਂ ਤੇਜ਼ ਹੋ ਜਾਂਦੀਆਂ ਹਨ। ਭਾਰਤੀ ਹਾਕੀ ਪ੍ਰੇਮੀ ਨੀਲੀ ਕਮੀਜ਼ ਵਾਲਿਆਂ ਲਈ ਅਤੇ ਪਾਕਿਸਤਾਨੀ ਹਾਕੀ ਪ੍ਰੇਮੀ ਹਰੀਆਂ ਕਮੀਜ਼ਾਂ ਵਾਲਿਆਂ ਲਈ ਰੌਲਾ ਪਾਉਣ ਲੱਗ ਜਾਂਦੇ ਹਨ। ਹਾਕੀ ਦੇ ਇਹ ਘੁਸਪੈਠੀਏ ਜਦ ਵਿਰੋਧੀ ਟੀਮ ਦੀ ਹੱਦ ਤੋਂ ਪਾਰ ਜਾ ਹਮਲੇ ਕਰਦੇ ਹਨ ਤਾਂ ਮੈਚ ਵਿਚ ਰੁਮਾਂਚ ਵਧ ਜਾਂਦਾ ਹੈ। ਫਿਰ ਪਾਕਿਸਤਾਨ ਜਿੰਦਾਬਾਦ , ਅੱਲ੍ਹਾ ਹੂ ਅਕਬਰ , ਜੀਤੇ ਜੀਤੇ ਪਾਕਿਸਤਾਨ ਅਤੇ ਏਧਰ ਭਾਰਤ ਮਾਤਾ ਦੀ ਜੈ , ਭਾਰਤ ਜ਼ਿੰਦਾਬਾਦ ਗੂੰਜਣ ਲੱਗਦਾ ਹੈ।

ਇਸ ਤੱਥ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਰਾਜਨੀਤੀ ਦੇ ਖੇਤਰ ਵਿੱਚ ਵੀ ਖੇਡਾਂ ਦੇ ਮੈਦਾਨ ਵਾਂਗ ਭਾਰਤ ਪਾਕਿਸਤਾਨ ਦੀ ਟੱਕਰ ਬਹੁਤ ਚਿਰ ਤੋਂ ਚਲੀ ਆ ਰਹੀ ਹੈ। ਮਸਲਾ ਕਸ਼ਮੀਰ ਦਾ ਹੋਵੇ ਜਾਂ ਹੁਣ ਫਿਰ ਅਮਰੀਕਾ 'ਤੇ ਹੋਏ ਅੱਤਵਾਦੀ ਹਮਲੇ ਦੇ ਮਸਲੇ ਵਰਗਾ। ਦੋਵੇਂ ਦੇਸ਼ ਅੰਦਰੋਂ ਅੰਦਰ ਧੁਖਦੇ ਹੀ ਰਹਿੰਦੇ ਹਨ। ਫਰਕ ਸਿਰਫ਼ ਏਨਾ ਹੈ ਕਿ ਇਹ ਰਾਜਨੀਤੀ ਦੀ ਖੇਡ ਹੈ। ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਦੋਵਾਂ ਦੇਸ਼ਾਂ ਦੇ ਵਿਚਲਾ ਤਣਾਓ ਖੇਡ ਮੈਦਾਨ ਵਿਚ ਵੀ ਜੱਗ ਜ਼ਾਹਰ ਹੁੰਦਾ ਹੈ। ਇਹੀ ਭਾਵਨਾ ਮੁਕਾਬਲੇ ਨੂੰ ਹੋਰ ਤਿੱਖਾ ਕਰਦੀਆਂ ਹਨ ਅਤੇ ਦਰਸ਼ਕਾਂ ਲਈ ਰੁਮਾਂਚ ਦਾ ਕਾਰਨ ਬਣਦੀਆਂ ਹਨ।ਭਾਰਤ ਤੇ ਪਾਕਿਸਤਾਨ ਵਿਚਕਾਰ ਹਾਕੀ ਜੰਗ ਉਦੋਂ ਯਕੀਨਨ ਹੋਰ ਵੀ ਰੁਮਾਂਚਿਕ ਤੇ ਸਨਸਨੀਖੇਜ਼ ਹੋ ਜਾਂਦੀ ਹੈ, ਜਦੋਂ ਇਹ ਇਨ੍ਹੰ ਦੋਵਾਂ ਰਵਾਇਤੀ ਵਿਰੋਧੀਆਂ ਦੇ ਘਰੇਲੂ



ਮੈਦਾਨ ਵਿਚ ਹੋਵੇ। ਏਧਰ ਚੰਡੀਗੜ੍ਹ ਤੇ ਜਲੰਧਰ ਓਵਰ ਰਾਵਲਪਿੰਡੀ, ਫੈਸਲਾਬਾਦ ਤੇ ਲਾਹੌਰ ਵਿੱਚ ਹੁੰਦਾ ਹੈ। ਜਦੋਂ ਹਾਕੀ ਦਾ ਘਮਸਾਨ ਕਿਉਂਕਿ ਆਪਣੇ ਦੇਸ਼ ਦੀ ਹੀ ਧਰਤੀ ਉਤੇ ਆਪਣੇ ਹੀ ਦੇਸ਼ ਵਾਸੀਆਂ ਦੇ ਇਕ ਵੱਡੇ ਹਜ਼ੂਮ ਦੇ ਸਾਹਮਣੇ ਵੱਜਦੀਆਂ ਤਾੜੀਆਂ ਦੀ ਗੂੰਜ ਚ ਉਤਸ਼ਾਹਿਤ ਤੇ ਪ੍ਰੇਰਿਤ ਕਰਦੇ, ਉੱਚੇ-ਉੱਚੇ ਨਾਅਰਿਆਂ ਨਾਲ ਲਬਰੇਜ਼ ਖੇਡ ਮੈਦਾਨ ਦੀ ਫ਼ਿਜ਼ਾ ਵਿੱਚ ਕੌਣ ਵਿਰੋਧੀ ਦੇਸ਼ ਚਾਹੇਗਾ ਕਿ ਉਹ ਚੈਂਪੀਅਨਾਂ ਵਾਂਗ ਨਾ ਖੇਡੇ, ਕੌਣ ਚਾਹੇਗਾ ਕਿ ਉਹ ਜੇਤੂ ਕਰਾਰ ਨਾ ਦਿੱਤਾ ਜਾਵੇ। ਉਹ ਤਾਂ ਆਪਣਾ ਪੂਰਾ ਦਮ-ਖ਼ਮ ਲਗਾ ਦੇਵੇਗਾ, ਇਹੋ ਜਿਹੇ ਮਾਣਮੱਤੇ ਪਲਾਂ ਦੀ ਪ੍ਰਾਪਤੀ ਵਾਸਤੇ।

ਜ਼ਿਕਰਯੋਗ ਹੈ ਕਿ ਰਾਜਨੀਤੀ ਦੇ ਮੈਦਾਨ ਵਿੱਚ ਭਾਰਤ ਪਾਕਿਸਤਾਨ ਟੱਕਰ ਦੇ ਭਾਵੇਂ ਚੰਗੇ ਨਤੀਜੇ ਨਾ ਨਿਕਲਣ ਪਰ ਦੋਵਾਂ ਦੇਸ਼ਾਂ ਦੀ ਹਾਕੀ ਦੀ ਬੁਲੰਦੀ ਲਈ ਹਾਕੀ ਦੇ ਮੈਦਾਨ ਚ ਦੋਵਾਂ ਦੇਸ਼ਾਂ ਵਿਚਕਾਰ ਆਪਸੀ ਮੁਕਾਬਲੇ ਅੰਤਰਰਾਸ਼ਟਰੀ ਟੂਰਨਾਮੈਂਟ ਵਿਚਚ ਤੇ ਸਮੇਂ-ਸਮੇਂ ਦੌਰਾਨ ਹਾਕੀ ਲੜੀਆਂ ਦੇ ਰੂਪ ਵਿੱਚ ਜ਼ਰੂਰੀ ਹੈ। ਜਲਦੀ ਹੀ ਦੋਵਾਂ ਦੇਸ਼ਾਂ ਵਿੱਚ ਹਾਕੀ ਲੜੀ ਸ਼ੁਰੂ ਹੋਵੇ। ਕਿਉਂਕਿ ਆਪਸੀ ਕਾਂਟੇਦਾਰ ਟੱਕਰਾਂ, ਰੁਮਾਂਚਿਕ ਤੇ ਸਨਸਨੀ ਖੇਡ ਮੁਕਾਬਲਿਆਂ ਕਾਰਨ ਹਾਕੀ ਜਗਤ ਵਿਚ ਭਾਰਤ ਤੇ ਪਾਕਿਸਤਾਨ ਨੇ ਜਿਸ ਤਰ੍ਹਾਂ ਤਹਿਲਕਾ ਮਚਾਈ ਰੱਖਿਆ ਤੇ ਜਿਸ ਕਦਰ ਆਪਣੇ-ਆਪ ਨੂੰ ਬੁਲੰਦ ਰੱਖਿਆ, ਦੁਨੀਆ ਦਾ ਹਰ ਇਕ ਹਾਕੀ ਪ੍ਰੇਮੀ ਦਾਦ ਦੇਵੇਗਾ। ਸੱਚ ਤਾਂ ਇਹ ਹੈ ਕਿ ਏਸ਼ੀਆ ਹਾਕੀ ਵਿੱਚ ਭਾਰਤ ਤੇ ਪਾਕਿਸਤਾਨ ਅੱਜ ਵੀ ਤਾਕਤਵਰ ਟੀਮਾਂ ਹਨ। ਪਰ ਜੇਕਰ ਦੋਵਾਂ ਦੇਸ਼ਾਂ ਨੇ ਏਸ਼ੀਆ ਦੀ ਪ੍ਰਤੀਨਿਧਤਾ ਕਰਦੇ ਹੋਏ ਯੂਰਪੀਨ ਹਾਕੀ ਤੋਂ ਬਿਹਤਰ ਪ੍ਰਦਰਸ਼ਨ ਕਰਨਾ ਹੈ। ਹਾਲੈਂਡ, ਜਰਮਨੀ, ਸਪੇਨ, ਇੰਗਲੈਂਡ ਤੋਂ ਬੁਲੰਦ ਹੋਣਾ ਹੈ ਤਾਂ ਭਾਰਤ ਤੇ ਪਾਕਿਸਤਾਨ ਨੂੰ ਜ਼ਿਆਦਾ ਤੋਂ ਜ਼ਿਆਦਾ ਆਪਸ ਵਿਚ ਖੇਡਣਾ ਹੋਵੇਗਾ। ਯੂਰਪੀਨ ਹਾਕੀ ਟੀਮਾਂ ਨੂੰ ਇਕ-ਦੂਜੇ ਨਾਲ ਖੇਡਣ ਦੇ ਬਹੁਤ ਸਾਰੇ ਮਿਲ ਜਾਂਦੇ ਹਨ ਅਤੇ ਉਹ ਇਨ੍ਹਾਂ ਦਾ ਪੂਰਾ ਫ਼ਾਇਦਾ ਉਠਾਉਂਦੀਆਂ ਹਨ।

## ਫਰਿਜਨੋ ਨਿਵਾਸੀ ਗੁਰਬਖਸ਼ ਸਿੱਧੂ ਨੇ ਦੱਖਣੀ ਕੋਰੀਆ 'ਚ ਜਿੱਤਿਆ ਮੈਡਲ



ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਵਿਦੇਸ਼ਾਂ ਵਿੱਚ ਪੰਜਾਬੀਆਂ ਦਾ ਨਾਮ ਰੌਸ਼ਨ ਕਰਨ ਵਾਲੇ ਫਰਿਜਨੋ ਦੇ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਇੱਕ ਹੋਰ ਮੀਲ ਪੱਥਰ ਗੱਡਦਿਆਂ ਦੱਖਣੀ ਕੋਰੀਆ ਵਿੱਚ ਮੈਡਲ ਜਿੱਤਿਆ ਅਤੇ ਪੰਜਾਬੀ ਭਾਈਚਾਰੇ ਨਾਮ ਰੌਸ਼ਨ ਕੀਤਾ। ਗੁਰਬਖਸ਼ ਸਿੱਧੂ ਨੇ ਹੈਮਰ ਥਰੋਅ ਵਿੱਚ ਮੁਕਾਬਲਾ ਕੀਤਾ ਅਤੇ ਇਕਸਾਨ ਐਥਲੈਟਿਕਸ ਸਟੇਡੀਅਮ ਵਿੱਚ ਏਸ਼ੀਆ ਪੈਸੀਫਿਕ ਮਾਸਟਰਜ਼ ਗੇਮਜ਼ 2023 ਵਿੱਚ 37:22 ਮੀਟਰ (122.6 ਫੁੱਟ) ਦੀ ਦੂਰੀ ਨਾਲ ਸਿਲਵਰ ਮੈਡਲ ਜਿੱਤਿਆ। ਇਹ ਸਿਓਲ ਤੋਂ ਲਗਭਗ 120 ਕਿਲੋਮੀਟਰ ਦੂਰ ਹੈ। ਇਹਨਾਂ ਖੇਡਾਂ ਲਈ ਏਸ਼ੀਆ, ਯੂਰਪ ਅਤੇ ਸੰਯੁਕਤ ਰਾਜ ਦੇ ਐਥਲੀਟਾਂ ਨੇ 25 ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਹਿੱਸਾ ਲਿਆ। ਫੁਟਬਾਲ, ਬਾਸਕਟਬਾਲ, ਵਾਲੀਬਾਲ, ਵੇਟਲਿਫਟਿੰਗ ਅਤੇ ਐਥਲੈਟਿਕਸ ਆਦਿ ਸਮੇਤ ਵੱਖ-ਵੱਖ ਖੇਡਾਂ ਵਿੱਚ 10,000 ਐਥਲੀਟ ਹਿੱਸਾ ਲੈਣ ਲਈ ਆਏ ਸਨ। ਇਹ ਖੇਡਾਂ ਹਰ 4 ਸਾਲਾਂ ਬਾਅਦ ਹੁੰਦੀਆਂ ਹਨ। ਪਿਛਲੀਆਂ ਏਸ਼ੀਆ ਪੈਸੀਫਿਕ ਮਾਸਟਰਜ਼ ਖੇਡਾਂ ਮਲੇਸ਼ੀਆ ਦੇ ਕੁਆਲਲੰਪਰ ਵਿੱਚ ਹੋਈਆ ਸਨ। ਇੱਥੇ ਵੀ ਜ਼ਿਕਰਯੋਗ ਹੈ ਕਿ ਗੁਰਬਖਸ਼ ਸਿੰਘ ਸਿੱਧੂ ਪਿਛਲੇ ਲੰਮੇ ਸਮੇਂ ਤੋਂ ਆਪਣੇ ਬਲਬੂਤੇ ਤੇ ਦੁਨੀਆਂ ਭਰ ਦੀਆਂ ਸੀਨੀਅਰ ਖੇਡਾਂ ਵਿੱਚ ਹਿੱਸਾ ਲੈਕੇ ਮੈਡਲ ਜਿੱਤਕੇ ਪੰਜਾਬੀਅਤ ਦਾ ਨਾਮ ਚਮਕਾਉਂਦਾ ਆ ਰਿਹਾ ਹੈ।



## ਰਿਕਾਰਡ ਮਸ਼ੀਨ ਸਚਿਨ ਤੇਂਦੁਲਕਰ



### ਸਚਿਨ ਤੇਂਦੁਲਕਰ ਵੱਲੋਂ ਬਣਾਏ ਰਿਕਾਰਡਾਂ ਨੂੰ ਨਹੀਂ ਤੋੜ ਸਕਿਆ ਕੋਈ ਹੋਰ ਕ੍ਰਿਕਟ ਖਿਡਾਰੀ

ਸਭ ਤੋਂ ਮਹਾਨ ਕ੍ਰਿਕਟਰ ਸਚਿਨ ਤੇਂਦੁਲਕਰ 50 ਸਾਲ ਦੇ ਹੋ ਗਏ ਹਨ ਅਤੇ ਜਿਹੜੇ ਵੀ ਵਿਅਕਤੀ ਨੇ 90 ਅਤੇ 2000 ਦੇ ਦਹਾਕੇ ਦੌਰਾਨ ਕ੍ਰਿਕਟ ਨੂੰ ਵੇਖਿਆ ਹੈ, ਉਹ ਜਾਣਦਾ ਹੋਵੇਗਾ ਕਿ ਮਾਸਟਰ ਬਲਾਸਟਰ ਤੋਂ ਵੱਧ ਪ੍ਰਭਾਵ ਅਤੇ ਪਾਲਣਾ ਕਰਨ ਵਾਲਾ ਹੋਰ ਕੋਈ ਖਿਡਾਰੀ ਨਹੀਂ ਹੋਇਆ ਹੈ।

ਆਪਣੇ 24 ਸਾਲਾਂ ਦੇ ਕੈਰੀਅਰ ਦੌਰਾਨ, ਬ੍ਰਾਇਨ ਲਾਰਾ, ਰਿੱਕੀ ਪੌਂਟਿੰਗ, ਅਤੇ ਜੈਕ ਕੈਲਿਸ ਵਰਗੇ ਖਿਡਾਰੀ ਉਸਦੇ ਮੁੱਖ ਮੁਕਾਬਲੇਬਾਜ਼ ਸਨ ਪਰ ਉਹਨਾਂ ਵਿੱਚੋਂ ਕੋਈ ਵੀ ਉਸਦੀ ਨਿਰੰਤਰਤਾ ਅਤੇ ਲੰਬੀ ਉਮਰ ਦੇ ਕਾਰਨ ਉਸਦਾ ਰਿਕਾਰਡ ਨਹੀਂ ਤੋੜ ਸਕਿਆ।16 ਨਵੰਬਰ, 2013 ਨੂੰ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਤੋਂ ਬਾਅਦ, ਖੇਡ ਬਹੁਤ ਬਦਲ ਗਈ ਹੈ। ਵਿਰਾਟ ਕੋਹਲੀ, ਸਟੀਵ ਸਮਿਥ, ਜੋ ਰੂਟ ਅਤੇ ਕੇਨ ਵਿਲੀਅਮਸਨ, ਜੋ ਕਿ ਇਸ ਪੀੜ੍ਹੀ ਦੇ ਸਭ ਤੋਂ ਵਧੀਆ ਬੱਲੇਬਾਜ਼ ਹਨ, ਨੇ ਕੁਝ ਸ਼ਾਨਦਾਰ ਦੌੜਾਂ ਬਣਾਈਆਂ ਪਰ ਉਨ੍ਹਾਂ ਵਿੱਚੋਂ ਕੋਈ ਵੀ ਸਚਿਨ ਦੇ ਜ਼ਿਆਦਾਤਰ ਰਿਕਾਰਡਾਂ ਨੂੰ ਤੋੜਨ ਦੇ ਨੇੜੇ ਨਹੀਂ ਲੱਗਦਾ।

ਜਿੱਥੇ ਕੋਹਲੀ ਜਲਦੀ ਹੀ ਆਪਣਾ ਸਭ ਤੋਂ ਵੱਧ ਵਨਡੇ ਸੈਂਕੜਿਆਂ ਦਾ ਰਿਕਾਰਡ ਤੋੜ ਸਕਦਾ ਹੈ, ਉਥੇ ਸਚਿਨ ਦੇ ਕੁਝ ਅਜਿਹੇ ਰਿਕਾਰਡ ਹਨ, ਜੋ ਲਗਭਗ ਅਟੁੱਟ ਨਜ਼ਰ ਆਉਂਦੇ ਹਨ। ਅਸੀਂ ਇਹਨਾਂ ਵਿੱਚੋਂ ਕੁਝ ਰਿਕਾਰਡਾਂ 'ਤੇ ਇੱਕ ਨਜ਼ਰ ਮਾਰਦੇ ਹਾਂ:

**ਟੈਸਟ ਵਿੱਚ ਸਭ ਤੋਂ ਵੱਧ ਦੌੜਾਂ**

ਇਕ ਕੰਮ ਜੋ ਸਚਿਨ ਕਰਦੇ ਰਹੇ ਅਤੇ ਜਿੱਥੇ ਕੋਈ ਉਨ੍ਹਾਂ ਦੇ ਨੇੜੇ ਨਹੀਂ ਆਇਆ, ਉਹ ਸੀ ਦੌੜਾਂ ਬਣਾਉਣਾ। ਕੋਈ ਵੀ ਫਾਰਮੈਟ ਹੋਵੇ, ਉਹ ਰਨ ਮਸ਼ੀਨ ਸੀ। ਅਤੇ ਉਸਦੀ ਆਖਰੀ ਗੇਮ ਤੱਕ, ਦੌੜਾਂ ਦੀ ਭੁੱਖ ਕਦੇ ਨਹੀਂ ਮਰੀ।

ਉਨ੍ਹਾਂ ਦੇ ਨਾਂ ਟੈਸਟ 'ਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਰਿਕਾਰਡ ਹੈ। ਸਚਿਨ ਨੇ 200 ਮੈਚਾਂ ਅਤੇ 329 ਪਾਰੀਆਂ ਵਿੱਚ 15,921 ਦੌੜਾਂ ਬਣਾਈਆਂ ਹਨ। ਰਿਕੀ ਪੌਂਟਿੰਗ ਅਤੇ ਜੈਕ ਕੈਲਿਸ ਕ੍ਰਮਵਾਰ 13,378 ਅਤੇ 13,289 ਦੌੜਾਂ ਦੇ ਨਾਲ ਦੂਜੇ ਅਤੇ ਤੀਜੇ ਸਥਾਨ 'ਤੇ ਹਨ। ਸਿਖਰਲੇ 10 ਦੀ ਸੂਚੀ ਵਿੱਚ ਕੋਈ ਹੋਰ ਬੱਲੇਬਾਜ਼ ਅਜੇ ਵੀ ਕ੍ਰਿਕਟ ਨਹੀਂ ਖੇਡ ਰਿਹਾ ਹੈ, ਅਤੇ ਇਹ ਬਹੁਤ ਜ਼ਿਆਦਾ ਸੰਭਾਵਨਾ ਹੈ ਕਿ ਇਹ ਰਿਕਾਰਡ ਕਦੇ ਟੁੱਟਣ ਵਾਲਾ ਹੈ।

200 ਟੈਸਟ ਖੇਡਣ ਤੋਂ ਬਾਅਦ ਵੀ ਸਚਿਨ ਦੀ ਔਸਤ 53.78 ਸੀ। ਉਸਨੇ 51 ਟੈਸਟ ਸੈਂਕੜੇ, 68 ਅਰਧ ਸੈਂਕੜੇ ਬਣਾਏ, ਅਤੇ ਫਾਰਮੈਟ ਵਿੱਚ ਉਸਦਾ ਸਭ ਤੋਂ ਵੱਧ ਸਕੋਰ 248* ਸੀ।

**100 ਅੰਤਰਰਾਸ਼ਟਰੀ ਸੈਂਕੜੇ ਅਤੇ 51 ਟੈਸਟ ਸੈਂਕੜੇ**

ਇੱਕ ਸਮੇਂ ਕੈਲਿਸ ਅਤੇ ਪੌਂਟਿੰਗ ਸਚਿਨ ਦੇ ਸੈਂਕੜਿਆਂ ਦੇ ਰਿਕਾਰਡ ਦੇ ਬਹੁਤ ਨੇੜੇ ਸਨ, ਐਲਿਸਟੇਅਰ ਕੁੱਕ ਇੱਕ ਵਾਰ 2-3 ਸਾਲਾਂ ਤੋਂ ਟਾਪ ਫਾਰਮ ਵਿੱਚ ਸਨ ਅਤੇ ਅਜਿਹਾ ਲੱਗ ਰਿਹਾ ਸੀ ਕਿ ਉਹ ਸਚਿਨ ਦੇ ਟੈਸਟ ਸੈਂਕੜਿਆਂ ਦੇ ਰਿਕਾਰਡ ਨੂੰ ਤੋੜ ਸਕਦਾ ਹੈ। ਪਰ ਹੁਣ ਕੋਹਲੀ ਹੀ ਦਾਅਵੇਦਾਰ ਨਜ਼ਰ ਆ ਰਹੇ ਹਨ ਪਰ ਉਹ ਸਚਿਨ ਦੇ 100 ਅੰਤਰਰਾਸ਼ਟਰੀ ਸੈਂਕੜੇ ਦੇ ਰਿਕਾਰਡ ਤੋਂ ਵੀ 25 ਸੈਂਕੜੇ ਪਿੱਛੇ ਹਨ। ਉਸ ਦੇ 100 ਸੈਂਕੜੇ 664 ਮੈਚਾਂ ਅਤੇ 782 ਪਾਰੀਆਂ ਵਿੱਚ ਆਏ ਉਨ੍ਹਾਂ ਨੇ 51 ਟੈਸਟ ਸੈਂਕੜੇ ਅਤੇ ਵਨਡੇ 'ਚ 49 ਸੈਂਕੜੇ ਲਗਾਏ ਹਨ। ਹਾਲਾਂਕਿ ਉਸਦੇ ਵਨਡੇ ਸੈਂਕੜਿਆਂ ਦੇ ਰਿਕਾਰਡ ਨੂੰ ਕੋਹਲੀ ਜਲਦੀ ਹੀ ਤੋੜ ਦੇਵੇਗਾ, ਪਰ ਕੋਈ ਵੀ ਉਸਦੇ ਟੈਸਟ ਸੈਂਕੜਿਆਂ ਦੇ ਰਿਕਾਰਡ ਦੇ ਨੇੜੇ ਨਹੀਂ ਜਾਪਦਾ। ਕੈਲਿਸ 45 ਸੈਂਕੜਿਆਂ ਦੇ ਨਾਲ ਸੂਚੀ 'ਚ ਦੂਜੇ ਨੰਬਰ 'ਤੇ ਹੈ ਅਤੇ ਟਾਪ 10 ਦੀ ਸੂਚੀ 'ਚ ਅਜੇ ਤੱਕ ਕੋਈ ਨਹੀਂ ਖੇਡ ਰਿਹਾ ਹੈ।

ਫਾਰਮੈਟ ਵਿੱਚ ਉਸਦਾ ਦਬਦਬਾ ਉਸਦੇ ਨੰਬਰਾਂ ਤੋਂ ਦੇਖਿਆ ਜਾ ਸਕਦਾ ਹੈ। ਸਚਿਨ ਦੇ 51 ਟੈਸਟ ਸੈਂਕੜਿਆਂ ਵਿੱਚੋਂ 29 ਭਾਰਤ ਤੋਂ ਬਾਹਰ ਆਏ ਅਤੇ ਇਨ੍ਹਾਂ ਵਿੱਚੋਂ 17 ਇੰਗਲੈਂਡ, ਆਸਟਰੇਲੀਆ, ਦੱਖਣੀ ਅਫਰੀਕਾ ਅਤੇ ਨਿਊਜ਼ੀਲੈਂਡ ਵਿੱਚ ਆਏ।

**ਸਭ ਤੋਂ ਵੱਧ ਮੈਨ ਆਫ਼ ਦਾ ਮੈਚ ਪੁਰਸਕਾਰ**

ਮੈਨ ਆਫ਼ ਦਾ ਮੈਚ ਜਾਂ ਪਲੇਅਰ ਆਫ਼ ਦਾ ਮੈਚ ਉਸ ਖਿਡਾਰੀ ਨੂੰ ਦਿੱਤਾ ਜਾਂਦਾ ਹੈ ਜੋ ਕਿਸੇ ਖੇਡ ਦੌਰਾਨ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਿਹਾ ਜਾਂ ਮੈਚ ਜਿੱਤਣ ਵਾਲੀ ਭੂਮਿਕਾ ਨਿਭਾਈ। ਅਤੇ ਭਾਰਤ ਲਈ ਸਚਿਨ ਤੋਂ ਜ਼ਿਆਦਾ ਪ੍ਰਭਾਵਸ਼ਾਲੀ (**ਬਾਕੀ ਸਫ਼ਾ 30 'ਤੇ**)

## ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਜਾਤ

ਸੁੰਦਰਰਾਜਨ ਨੇ ਕਿਹਾ, ਮੈਂ ਸੱਚਮੁੱਚ ਇਹ ਉਮੀਦ ਕਰਦਾ ਹਾਂ ਕਿ ਸਾਡੇ ਵਿਰੋਧੀ ਸਾਡੇ ਨਾਲ ਸ਼ਾਮਲ ਹੋਣਗੇ ਅਤੇ ਕੱਟੜਤਾ ਦੀ ਤਲਵਾਰ ਨੂੰ ਹੇਠਾਂ ਸੁੱਟ ਦੇਣਗੇ। ਉਨ੍ਹਾਂ ਦੀ ਕਮਜ਼ੋਰੀ ਦੇ ਬਾਵਜੂਦ, ਉਨ੍ਹਾਂ ਦੀ ਬੇਅਰਾਮੀ ਸਾਡੇ ਭਾਈਚਾਰੇ ਦੇ ਗੰਭੀਰ ਵਿਤਕਰੇ ਦੇ ਬਰਾਬਰ ਨਹੀਂ ਹੈ। ਅਸੀਂ ਸਿਰਫ਼ ਇਸ ਗੱਲ ਲਈ ਬਹੁਤ ਖੁਸ਼ ਹਾਂ ਕਿ ਸਾਡੇ ਭਾਈਚਾਰੇ ਨੂੰ ਇਸ ਹਿੰਸਾ ਤੋਂ ਸੁਲ੍ਹਾ ਕਰਨ ਅਤੇ ਠੀਕ ਕਰਨ ਦਾ ਮੌਕਾ ਮਿਲ ਰਿਹਾ ਹੈ।

***

## ਐਲਾਮੀਡਾ ਕਾਊਂਟੀ ਸੁਪਰਵਾਈਜ਼ਰ

ਨਾਲ ਬਣਾਇਆ ਗਿਆ ਸੀ। ਬੇ ਏਰੀਆ ਹੁਣ 2 ਮਿਲੀਅਨ ਤੋਂ ਵੱਧ ਏਸ਼ੀਅਨ ਲੋਕਾਂ ਦਾ ਘਰ ਹੈ ਤੇ ਭਾਰੀ ਗਿਣਤੀ ਪੰਜਾਬੀ ਖਾਸ ਕਰ ਸਿੱਖ ਭਾਈਚਾਰਾ ਵੀ ਇਨਾਂ ਕਾਊਂਟੀਆਂ 'ਚ ਰਹਿੰਦਾ ਹੈ। ਇਨਾਂ ਕਾਊਟੀਆਂ ਵਿੱਚ ਪੰਜਾਬੀਆਂ ਤੋਂ ਇਲਾਵਾ ਅਫਗਾਨੀ, ਬੰਗਲਾਦੇਸ਼ੀ, ਭੂਟਾਨੀ, ਬਰਮੀ, ਕੰਬੋਡੀਅਨ, ਚੀਨੀ ਫਿਲੀਪੀਨੋ, ਗੁਆਮਾਨੀਅਨ, ਹਵਾਈਅਨ, ਹੇਨੇਂਗ, ਭਾਰਤੀ, ਇੰਡੋਨੇਸ਼ੀਆਈ, ਜਾਪਾਨੀ, ਕੋਰੀਅਨ, ਲਾਓਸ਼ੀਅਨ, ਮਲੇਸ਼ੀਅਨ, ਮਿਏਨ ਮੰਗੋਲੀਆਈ ਨੇਪਾਲੀ, ਪਾਕਿਸਤਾਨੀ, ਸਮੋਆਨ, ਸ੍ਰੀਲੰਕਾ, ਤਾਈਵਾਨੀ, ਥਾਈ, ਟੋਂਗਨ, ਵੀਅਤਨਾਮੀ, ਅਤੇ ਹੋਰ ਏਸ਼ੀਆਈ ਮੂਲ ਦੇ ਲੋਕ ਰਹਿੰਦੇ ਹਨ, ਜਦੋਂ ਕਿ ਇਹਨਾਂ ਸਮੂਹਾਂ 'ਚ ਚੱਲ ਰਹੇ ਵਿਤਕਰੇ ਅਤੇ ਹੋਰ ਹੁੰਦੀਆਂ ਘਟਨਾਵਾਂ ਦੇ ਬਾਵਜੂਦ ਸਮਾਜ ਸੇਵਕ ਕਸ਼ਮੀਰ ਸਿੰਘ ਸ਼ਾਹੀ ਵਰਗੇ ਲੋਕਾਂ ਨੇ ਇਨਾਂ ਵੱਖ- ਵੱਖ ਭਾਸ਼ਾ ਤੇ ਸੋਚ ਰੱਖਣ ਵਾਲੇ ਲੋਕਾਂ ਨੂੰ ਸੱਭਿਆਚਾਰਕ ਪੱਖੋਂ ਜੋੜ ਕੇ ਰੱਖਿਆ ਹੈ। ਇਸ ਲਈ ਸੁਪਰਵਾਈਜ਼ਰਾਂ ਦੇ ਇਸ ਬੋਰਡ ਕਾਊਂਟੀ ਆਫ਼ ਐਲਾਮੀਡਾ ਨੇ ਕਸ਼ਮੀਰ ਸਿੰਘ ਸ਼ਾਹੀ ਦਾ ਸਨਮਾਨ ਕੀਤਾ ਤੇ ਇਸ ਸਨਮਾਨ ਮੌਕੇ ਵੱਖ ਵੱਖ ਕਾਊਂਟੀਆਂ ਦੇ ਸੁਪਰਵਾਈਜ਼ਰ ਵੀ ਸਟੇਜ 'ਤੇ ਮੌਜੂਦ ਸਨ।

***

## 2 ਬੱਚਿਆਂ ਦੇ ਕਤਲ ਤੇ ਪਤੀ ਦੀ ਪਹਿਲੀ ਪਤਨੀ ਦੀ

ਸੁਣਦੀ ਰਹੀ। ਸਜ਼ਾ ਪ੍ਰਕ੍ਰਿਆ ਵਾਸਤੇ ਉਸ ਨੂੰ ਅਡਾ ਕਾਊਂਟੀ ਤੋਂ ਫਰੀਮਾਂਟ ਕਾਊਂਟੀ ਤਬਦੀਲ ਕੀਤਾ ਜਾਵੇਗਾ। ਜੱਜ ਸਟੀਵਨ ਬਾਈਸ ਨੇ ਕਿਹਾ ਕਿ ਸਜ਼ਾ 3 ਮਹੀਨੇ ਦੇ ਅੰਦਰ ਸੁਣਾਈ ਜਾਵੇਗੀ। ਚੈਡ ਡੇਬੈਲ, ਜਿਸ ਨੇ ਵੀ ਇਸ ਮਾਮਲੇ ਵਿੱਚ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ, ਵਿਰੁੱਧ ਵੱਖਰੇ ਤੌਰ 'ਤੇ ਮੁਕੱਦਮਾ ਚਲਾਇਆ ਜਾਵੇਗਾ। ਇਥੇ ਜਿਕਰਯੋਗ ਹੈ ਕਿ ਟੈਮੀ ਡੇਬੈਲ ਦੀ ਅਕਤੂਬਰ 2019 ਵਿੱਚ ਸੁੱਤੇ ਪਿਆਂ ਹੀ ਮੌਤ ਹੋ ਗਈ ਸੀ। ਇਸ ਤੋਂ ਕੁਝ ਹਫਤਿਆਂ ਬਾਅਦ ਹੀ ਵਾਲੋਅ ਡੇਬੈਲ ਨੇ ਚੈਡ ਡੇਬੈਲ ਨਾਲ ਵਿਆਹ ਰਚਾ ਲਿਆ ਸੀ। ਜੂਨ 2020 ਵਿੱਚ ਫਰੀਮਾਊਂਟ ਕਾਊਂਟੀ, ਈਦਾਹੋ ਵਿੱਚ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਵਾਲੋਅ ਡੇਬੈਲ ਦੇ ਮਤਰੇਏ ਬੱਚਿਆਂ ਦੀਆਂ ਗਲੀਆਂ ਸੜੀਆਂ ਲਾਸ਼ਾਂ ਮਕਾਨ ਦੇ ਪਿਛਵਾੜਿਉਂ ਬਰਾਮਦ ਕੀਤੀਆਂ ਸਨ।

***

## ਅਮਰੀਕੀ ਸੈਨਟ ਵੱਲੋਂ ਗੀਤਾ ਰਾਓ ਗੁਪਤਾ

ਵਿਸ਼ਵ ਭਰ ਵਿੱਚ ਲੜਕੀਆਂ ਦੇ ਹੱਕਾਂ ਨੂੰ ਸਮਰਪਿਤ ਇਕ ਰਾਜਦੂਤ ਦੀ ਲੋੜ ਉਪਰ ਵਾਰ-ਵਾਰ ਜੋਰ ਦਿੱਤਾ ਤੇ ਰਿਪਬਲਿਕਨਾਂ ਦੀ ਇਸ ਨਿਯੁਕਤੀ ਦੀ ਪੁਸ਼ਟੀ ਵਿੱਚ ਵਿਘਨ ਪਾਉਣ ਲਈ ਅਲੋਚਨਾ ਕੀਤੀ।

***

## ਫਰਿਜ਼ਨੋ ਵਿਰਸਾ ਫਾਊਂਡੇਸ਼ਨ ਦੇ ਸ਼ੋਅ 'ਚ

ਬਾ-ਕਮਾਲ ਲਿਖਦੇ ਨੇ ਅਤੇ ਗਜ਼ਲ ਵੀ ਖੂਬਸੂਰਤ ਗਾਉਂਦੇ ਨੇ, ਸਟੇਜ ਤੋਂ ਉਹਨਾਂ ਆਪਣੀ ਸ਼ਾਇਰੀ ਗਾਕੇ ਵੀ ਹਾਜ਼ਰੀ ਲਵਾਈ। ਉਪਰੰਤ ਗਾਇਕ ਜਾਸਰ ਹੁਸੈਨ ਨੇ ਲੋਕ ਗਾਇਕੀ ਦਾ ਐਸਾ ਖੂਹ ਗੇੜਿਆ ਕਿ ਹਰ ਕੋਈ ਨੱਕੋਂ ਨੱਕ ਭਰ ਗਿਆ। ਉਹਨਾਂ ਲਗਾਤਾਰ ਚਾਰ ਘੰਟੇ ਲੋਕ ਗੀਤ ਗਾ ਕੇ ਅਤੇ ਟੱਪੇ ਸੁਣਾ ਕੇ ਹਰ ਕਿਸੇ ਨੂੰ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ। ਅਖੀਰ ਵਿੱਚ ਵਿਰਸਾ ਫਾਉਂਡੇਸ਼ਨ ਦੇ ਮੈਂਬਰ ਬਿੱਟੂ ਕੁਸਾ ਨੇ ਸਭਨਾਂ ਦਾ ਧੰਨਵਾਦ ਕੀਤਾ।

***

## ਅਮਰੀਕਾ : ਤਾਨਾਸ਼ਾਹੀ ਦਾ ਖੁੱਲ੍ਹੇਆਮ ਵਿਰੋਧ

ਹਥਿਆਰ ਖਰੀਦਦਾ ਹੈ।ਅਮਰੀਕਾ ਇਸ ਸਮੇਂ 96 ਦੇਸ਼ਾਂ ਨੂੰ ਹਥਿਆਰਾਂ ਦੀ ਸਪਲਾਈ ਕਰ ਰਿਹਾ ਹੈ ਅਤੇ ਪਿਛਲੇ ਪੰਜ ਸਾਲਾਂ ਦੌਰਾਨ ਇਸਦੀ ਕੁੱਲ ਵਿਸ਼ਵ ਪ੍ਰਤੀਸ਼ਤਤਾ ਵਧੀ ਹੈ।ਫਰਾਂਸ ਦਾ ਹਥਿਆਰਾਂ ਦਾ ਨਿਰਯਾਤ 44 ਫੀਸਦੀ ਹੈ, ਜਦੋਂ ਕਿ ਜਰਮਨੀ ਦਾ 21 ਫੀਸਦੀ ਤੱਕ ਵਧਿਆ ਹੈ।ਇਜ਼ਰਾਈਲ ਅਤੇ ਦੱਖਣੀ ਕੋਰੀਆ ਦੋਵਾਂ ਨੇ ਤੇਜ਼ੀ ਨਾਲ ਆਪਣੇ ਨਿਰਯਾਤ ਵਿੱਚ ਵਾਧਾ ਕੀਤਾ ਹੈ, ਪਰ ਹਥਿਆਰਾਂ ਦੇ ਨਿਰਯਾਤ ਦੇ ਮਾਮਲੇ ਵਿੱਚ ਦੋਵੇਂ ਅਜੇ ਵੀ ਬਹੁਤ ਛੋਟੇ ਦੇਸ਼ ਹਨ।

***

## ਅਮਰੀਕਾ ਦੇ ਸ਼ਹਿਰ ਫਰਮਿੰਗਟਨ ਵਿੱਚ

ਉਪਰ ਕਾਬੂ ਪਾਉਣ ਲਈ ਪੁਲਿਸ ਅਫ਼ਸਰਾਂ ਨੇ ਵੀ ਜਵਾਬੀ ਕਾਰਵਾਈ ਕੀਤੀ, ਜਿਸ ਦੌਰਾਨ ਉਹ ਮਾਰਿਆ ਗਿਆ। ਹਾਲਾਂ ਕਿ ਇਸ ਕਾਰਵਾਈ ਦੌਰਾਨ ਦੋ ਪੁਲਿਸ ਅਫ਼ਸਰ ਵੀ ਜ਼ਖਮੀ ਹੋ ਗਏ। ਉਨ੍ਹਾਂ ਕਿਹਾ ਕਿ ਘਟਨਾ ਦੀ ਜਾਂਚ ਮੁੱਢਲੇ ਪੱਧਰ 'ਤੇ ਹੈ। ਜਾਂਚ ਮੁਕੰਮਲ ਹੋਣ ਉਪਰੰਤ ਹੀ ਸਥਿਤੀ ਸਾਫ ਹੋ ਸਕੇਗੀ।

***

## ਪੰਜਾਬ 'ਚ ਕਿਉਂ ਵਾਪਰ ਰਹੀਆਂ ਨੇ

ਜਿਸ ਕਾਰਨ ਇਹਨਾਂ ਬੇਅਦਬੀਆਂ ਦੇ ਪਿੱਛੇ ਲੁਕੇ ਹੋਏ ਅਸਲ ਕਾਰਨ ਅਤੇ ਅਸਲੀ ਗੁਨਾਹਗਾਰ ਅਜੇ ਤਕ ਸਾਹਮਣੇ ਨਹੀਂ ਆ ਸਕੇ।

**ਵੱਡੀ ਸਾਜ਼ਿਸ਼ ਜਾਂ ਕੁਝ ਹੋਰ ?**

ਪੰਜਾਬ 'ਚ ਵੱਖ- ਵੱਖ ਥਾਂਵਾਂ 'ਤੇ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਤੋਂ ਇਹ ਗਲ ਉਭਰ ਕੇ ਸਾਹਮਣੇ ਆਈ ਹੈ ਕਿ ਇਹਨਾਂ ਘਟਨਾਵਾਂ ਪਿੱਛੇ ਕੋਈ ਵੱਡੀ ਸਾਜ਼ਿਸ਼ ਵੀ ਕੰਮ ਕਰਦੀ ਹੋ ਸਕਦੀ ਹੈ।ਅਸਲ ਵਿੱਚ ਪੰਜਾਬ ਵਿਰੋਧੀ ਤਾਕਤਾਂ ਵੱਲੋਂ ਪੰਜਾਬ ਵਿੱਚ ਅਮਨ- ਸ਼ਾਂਤੀ ਨੂੰ ਭੰਗ ਕਰਨ ਦੇ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪੰਜਾਬੀਆਂ ਦੀ ਭਾਈਚਾਰਕ ਸਾਂਝ ਨੂੰ ਤੋੜਨ ਲਈ ਬੇਅਦਬੀ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਹੁਣ ਆਮ ਸਿੱਖ ਵੀ ਅਕਸਰ ਆਪਸ ਵਿੱਚ ਗੱਲਬਾਤ ਕਰਦੇ ਸਮੇਂ ਇਹ ਗਲ ਕਹਿੰਦੇ ਸੁਣਾਈ ਦਿੰਦੇ ਹਨ ਕਿ ਲਗਾਤਾਰ ਵਾਪਰ ਰਹੀਆਂ ਬੇਅਦਬੀ ਦੀਆਂ ਇਹਨਾਂ ਘਟਨਾਵਾਂ ਪਿੱਛੇ ਪੰਜਾਬ ਦੋਖੀ ਤਾਕਤਾਂ ਦੀ ਡੂੰਘੀ ਸਾਜ਼ਿਸ਼ ਵੀ ਹੋ ਸਕਦੀ ਹੈ। ਪੰਜਾਬ ਸਰਕਾਰ ਨੂੰ ਸਮਾਂ ਰਹਿੰਦੇ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਲੁਕੀ ਹੋਈ ਸਾਜ਼ਿਸ਼ ਨੂੰ ਬੇ ਨਕਾਬ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

ਬੇਅਦਬੀਆਂ ਬਨਾਮ ਮਾਨਸਿਕ ਰੋਗੀ : ਜਦੋਂ ਵੀ ਕਿਸੇ ਥਾਂ 'ਤੇ ਬੇਅਦਬੀ ਦੀ ਘਟਨਾ ਵਾਪਰਦੀ ਹੈ ਅਤੇ ਮੌਕੇ 'ਤੇ ਦੋਸ਼ੀ ਫੜੇ ਜਾਂਦੇ ਹਨ ਤਾਂ ਅਕਸਰ ਪੁਲਿਸ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਬੇਅਦਬੀ ਕਰਨ ਵਾਲਾ ਦੋਸ਼ੀ ਮਾਨਸਿਕ ਰੋਗੀ ਹੈ। ਆਮ ਲੋਕਾਂ ਲਈ ਵੱਡੀ ਹੈਰਾਨੀ ਤਾਂ ਇਸ ਗਲ ਦੀ ਹੈ ਕਿ ਪੰਜਾਬ 'ਚ ਏਨੇ ਮਾਨਸਿਕ ਰੋਗੀ ਅਚਾਨਕ ਕਿਥੋਂ ਆ ਗਏ ਅਤੇ ਇਹ ਮਾਨਸਿਕ ਰੋਗੀ ਸਿਰਫ਼ ਗੁਰਧਾਮਾਂ 'ਚ ਜਾ ਕੇ ਹੀ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਕਿਉਂ ਦੇ ਰਹੇ ਹਨ। ਜੇ ਇਹ ਦੋਸ਼ੀ ਸੱਚਮੁੱਚ ਮਾਨਸਿਕ ਰੋਗੀ ਹਨ ਤਾਂ ਇਹ ਆਪਣਾ ਅਤੇ ਆਪਣੇ ਘਰ ਪਰਿਵਾਰ ਦਾ ਕੋਈ ਨੁਕਸਾਨ ਕਿਉਂ ਨਹੀਂ ਕਰਦੇ?

ਆਮ ਤੌਰ 'ਤੇ ਸਿਹਤ ਮਾਹਿਰਾਂ ਦਾ ਕਹਿਣਾ ਹੁੰਦਾ ਹੈ ਕਿ ਮਾਨਸਿਕ ਰੋਗੀ ਅਕਸਰ ਆਪਣਾ ਖੁਦ ਦਾ ਜਾਂ ਆਪਣੇ ਘਰ-ਪਰਿਵਾਰ ਦਾ ਨੁਕਸਾਨ ਕਰ ਸਕਦੇ ਹਨ ਪਰ ਪੰਜਾਬ 'ਚ ਅਜਿਹੇ ਮਾਨਸਿਕ ਰੋਗੀ ਪਤਾ ਨਹੀਂ ਕਿਥੋਂ ਆ ਗਏ ਹਨ, ਜੋ ਕਿ ਆਪਣਾ ਜਾਂ ਆਪਣੇ ਪਰਿਵਾਰ ਦਾ ਕੋਈ ਨੁਕਸਾਨ ਕਰਨ ਦੀ ਥਾਂ ਸਿਰਫ਼ ਗੁਰਧਾਮਾਂ 'ਚ ਜਾ ਕੇ ਬੇਅਦਬੀ ਦੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਫੜੇ ਜਾਣ 'ਤੇ ਇਹ ਦੋਸ਼ੀ ਆਪਣੇ ਆਪ ਨੂੰ ਮਾਨਸਿਕ ਰੋਗੀ ਕਹਿ ਕੇ ਆਰਾਮ ਨਾਲ ਬੱਚ ਨਿਕਲਦੇ ਹਨ।

ਪੁਲਿਸ ਵੀ ਅਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਮਾਨਸਿਕ ਰੋਗੀ ਕਹਿ ਕੇ ਆਪਣਾ ਪੱਲਾ ਝਾੜਨ ਦਾ ਯਤਨ ਕਰਦੀ ਹੈ।

**ਸੁਰਖਿਆ ਪ੍ਰਬੰਧਾਂ 'ਤੇ ਸਵਾਲ**

ਪਟਿਆਲਾ ਦੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਹੋਰ ਧਾਰਮਿਕ ਅਸਥਾਨਾਂ 'ਚ ਵਾਪਰੀਆਂ ਅਜਿਹੀਆਂ ਘਟਨਾਵਾਂ ਇਹਨਾਂ ਪਵਿੱਤਰ ਅਸਥਾਨਾਂ ਦੀ ਸੁਰਖਿਆ 'ਤੇ ਵੀ ਵੱਡੇ ਸਵਾਲ ਖੜੇ ਕਰਦੀਆਂ ਹਨ। ਇਹ ਠੀਕ ਹੈ ਕਿ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਅਤੇ ਹੋਰ ਗੁਰਧਾਮਾਂ 'ਚ ਪ੍ਰਬੰਧਕ ਕਮੇਟੀਆਂ ਵੱਲੋਂ ਲੋੜੀਂਦੇ ਸੁਰਖਿਆ ਪ੍ਰਬੰਧ ਕੀਤੇ ਹੁੰਦੇ ਹਨ ਪਰ ਫਿਰ ਵੀ ਸੁਰਖਿਆ ਪ੍ਰਬੰਧਾਂ ਵਿੱਚ ਹੋਈ ਚੂਕ ਜਾਂ ਢਿੱਲ-ਮੱਠ ਦਾ ਫਾਇਦਾ ਬੇਅਦਬੀ ਦੇ ਦੋਸ਼ੀਆਂ ਵੱਲੋਂ ਚੁੱਕ ਲਿਆ ਜਾਂਦਾ ਹੈ। ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਸਮੇਤ ਵੱਖ ਵੱਖ ਗੁਰਧਾਮਾਂ 'ਚ ਸੀਸੀਟੀਵੀ ਕੈਮਰੇ ਵੀ ਲੱਗੇ ਹੋਏ ਹਨ, ਇਸ ਦੇ ਬਾਵਜੂਦ ਇਕ ਮਹਿਲਾ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦੇ ਪਵਿੱਤਰ ਸਰੋਵਰ ਨੇੜੇ ਸ਼ਰਾਬ ਦੀ ਬੋਤਲ ਵੀ ਲੈ ਗਈ ਤੇ ਉਥੇ ਸ਼ਰਾਬ ਵੀ ਪੀਣ ਲੱਗ ਗਈ। ਇਸ ਔਰਤ ਵੱਲੋਂ ਕੀਤੀ ਗਈ ਇਸ ਕਾਰਵਾਈ ਨੇ ਕਈ ਸਵਾਲ ਖੜੇ ਕਰ ਦਿੱਤੇ ਹਨ।

**ਸ਼ਰਧਾਲੂਆਂ 'ਚ ਰੋਸ** : ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ 'ਚ ਵਾਪਰੀ ਘਟਨਾ ਤੋਂ ਬਾਅਦ ਗੁਰੂ ਘਰ ਦੇ ਸ਼ਰਧਾਲੂਆਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਘਟਨਾ ਕਾਰਨ ਆਮ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਆਮ ਸਿੱਖ ਅਕਸਰ ਆਪਸ ਵਿੱਚ ਗੱਲਬਾਤ ਕਰਦੇ ਸੁਣਾਈ ਦਿੰਦੇ ਹਨ ਕਿ ਗੁਰਦੁਆਰਾ ਸਾਹਿਬ ਅੰਦਰ ਸ਼ਰਾਬ ਦੀ ਬੋਤਲ ਲੈ ਕੇ ਜਾਂਦੀ ਔਰਤ ਨੂੰ ਪਰਮਾਤਮਾ (ਰੱਬ) ਤੋਂ ਕੋਈ ਡਰ ਨਹੀਂ ਲੱਗਿਆ। ਇਸ ਦੋਸ਼ੀ ਔਰਤ ਨੂੰ ਇਕ ਸ਼ਰਧਾਲੂ ਵੱਲੋਂ ਮੌਕੇ 'ਤੇ ਹੀ ਗੋਲੀਆਂ ਮਾਰ ਕੇ ਕਤਲ ਕਰਨ ਦਾ ਵੱਡਾ ਕਾਰਨ ਅਜਿਹੀਆਂ ਘਟਨਾਵਾਂ ਕਾਰਨ ਸ਼ਰਧਾਲੂਆਂ 'ਚ ਫੈਲਿਆ ਹੋਇਆ ਰੋਸ ਹੀ ਸਮਝਿਆ ਜਾ ਰਿਹਾ ਹੈ। ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਪੁਲਿਸ ਦੀ ਢਿੱਲੀ ਕਾਰਵਾਈ ਕਾਰਨ ਹੁਣ ਸ਼ਰਧਾਲੂ ਖੁਦ ਹੀ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲੱਗ ਪਏ ਹਨ।

**ਬੇਅਦਬੀ ਦੀਆਂ ਘਟਨਾਵਾਂ ਤੋਂ ਬਚਾਓ** : ਬੇਅਦਬੀ ਦੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਣ ਲਈ ਗੁਰੂ ਘਰਾਂ ਵਿੱਚ ਸੁਰੱਖਿਆ ਪ੍ਰਬੰਧ ਬਹੁਤ ਮਜ਼ਬੂਤ ਕੀਤੇ ਜਾਣੇ ਚਾਹੀਦੇ ਹਨ ਅਤੇ ਸ਼ੱਕੀ ਵਿਅਕਤੀਆਂ ਦੇ ਸਮਾਨ ਦੀ ਤਲਾਸ਼ੀ ਵੀ ਲਈ ਜਾਣੀ ਚਾਹੀਦੀ ਹੈ। ਹਰ ਗੁਰੂ ਘਰ 'ਚ ਸੀਸੀਟੀਵੀ ਕੈਮਰੇ ਵੀ ਜਰੂਰ ਲੱਗੇ ਹੋਣੇ ਚਾਹੀਦੇ ਹਨ। ਇਸ ਦੇ ਇਲਾਵਾ ਗੁਰੂ ਘਰਾਂ 'ਚ 24 ਘੰਟੇ ਹਰ ਪਾਸੇ ਸੇਵਾਦਾਰਾਂ ਵੱਲੋਂ ਪੂਰੀ ਨਜ਼ਰ ਰੱਖੀ ਜਾਣੀ ਚਾਹੀਦੀ ਹੈ। ਇਸ ਦੇ ਨਾਲ ਹੀ ਗੁਰੂ ਘਰਾਂ 'ਚ ਇਹ ਵੀ ਖਿਆਲ ਰਖਣਾ ਜ਼ਰੂਰੀ ਹੈ ਕਿ ਸੁਰਖਿਆ ਦੇ ਨਾਂਅ 'ਤੇ ਗੁਰੂ ਘਰਾਂ 'ਚ ਆਉਣ ਵਾਲੇ ਆਮ ਸ਼ਰਧਾਲੂਆਂ ਨੂੰ ਕੋਈ ਸਮੱਸਿਆ ਨਾ ਆਵੇ ਅਤੇ ਆਮ ਸ਼ਰਧਾਲੂਆਂ ਨੂੰ ਕੋਈ ਪਰੇਸ਼ਾਨੀ ਨਾ ਆਵੇ। ਸ਼ਰਧਾਲੂਆਂ ਨੂੰ ਵੀ ਗੁਰਧਾਮਾਂ ਦੀ ਸੁਰਖਿਆ ਲਈ ਅਤੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਗੁਰਦੁਆਰਾ ਪ੍ਰਬੰਧਕਾਂ ਅਤੇ ਸੇਵਾਦਾਰਾਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

***

## ਕੀ ਪੂਰਾ ਦੇਸ਼ ਸੁਣੇਗਾ

ਹਿੰਦੂ ਮੁਸਲਮਾਨ ਦੀ ਥਾਂ ਪ੍ਰਗਤੀਸ਼ੀਲ ਭਵਿੱਖ, ਭਲਾਈ ਅਤੇ ਸਮਾਜਿਕ ਨਿਆਂ ਲਈ ਵੋਟਾਂ ਪਾ ਕੇ ਆਪਣਾ ਫੈਸਲਾ ਦਿੱਤਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਅਸਰ ਅਗਲੀਆਂ ਲੋਕ ਸਭਾ ਚੋਣਾਂ 'ਤੇ ਵੀ ਪਵੇਗਾ। ਸਾਲ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸੇ ਸਾਲ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਇਸ ਸਾਲ ਨਵੰਬਰ ਮਹੀਨੇ ਅਤੇ ਰਾਜਸਥਾਨ ਵਿੱਚ ਦਸੰਬਰ ਮਹੀਨੇ ਵਿਧਾਨ ਸਭਾ ਚੋਣਾਂ ਹੋਣ ਦੀ ਸੰਭਾਵਨਾ ਹੈ। ਸਿਆਸੀ ਮਾਹਿਰ ਤਾਂ ਇਹ ਵੀ ਕਹਿ ਰਹੇ ਹਨ ਕਿ ਮੱਧ ਪ੍ਰਦੇਸ਼, ਛੱਤੀਸਗੜ੍ਹ ਅਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ 'ਤੇ ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦਾ ਵੱਡਾ ਅਸਰ ਵੇਖਣ ਨੂੰ ਮਿਲੇਗਾ।

**ਫਿੱਕੀ ਪਈ ਮੋਦੀ ਬ੍ਰਾਂਡ ਦੀ ਚਮਕ**

ਕਰਨਾਟਕ ਚੋਣਾਂ 'ਚ ਕਾਂਗਰਸ ਨੇ 224 ਮੈਂਬਰੀ ਵਿਧਾਨ ਸਭਾ 'ਚ 136 ਸੀਟਾਂ ਜਿੱਤੀਆਂ, ਜਦੋਂ ਕਿ ਭਾਜਪਾ 65 ਸੀਟਾਂ 'ਤੇ ਸਿਮਟ ਕੇ ਸੱਤਾ ਦੀ ਦੌੜ 'ਚੋਂ ਬਾਹਰ ਹੋ ਗਈ। ਦੇਵਗੌੜਾ ਪਰਿਵਾਰ ਦੀ ਅਗਵਾਈ ਵਾਲੀ ਜਨਤਾ ਦਲ (ਐਸ) ਨੂੰ ਵੋਟਾਂ ਅਤੇ ਸੀਟਾਂ ਦੇ ਲਿਹਾਜ਼ ਨਾਲ ਭਾਰੀ ਨੁਕਸਾਨ ਹੋਇਆ ਅਤੇ ਉਸ ਨੂੰ 18 ਸੀਟਾਂ 'ਤੇ ਸਬਰ ਕਰਨਾ ਪਿਆ। ਸਿਆਸੀ ਮਾਹਿਰ ਦਾਅਵਾ ਕਰ ਰਹੇ ਹਨ ਕਿ ਬਿਨਾਂ ਸ਼ੱਕ, ਬ੍ਰਾਂਡ ਮੋਦੀ ਦੀ ਚਮਕ ਫਿੱਕੀ ਪੈ ਗਈ ਹੈ। ਕਰਨਾਟਕ ਦੇ ਨਤੀਜੇ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਕਾਂਗਰਸ ਵਰਕਰਾਂ ਲਈ ਇੱਕ ਬੂਸਟਰ ਖੁਰਾਕ ਵਜੋਂ ਕੰਮ ਕਰਨਗੇ ਜਿੱਥੇ ਆਉਣ ਵਾਲੇ ਮਹੀਨਿਆਂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਸਭ ਤੋਂ ਵੱਧ, ਨਤੀਜਿਆਂ ਨੇ ਇੱਕ ਥੱਕੇ ਹੋਏ ਅਤੇ ਨਿਰਾਸ਼ ਵਿਰੋਧੀ ਨੂੰ ਯਕੀਨ ਦਿਵਾਇਆ ਹੈ ਕਿ ਮੋਦੀ ਅਜਿੱਤ ਨਹੀਂ ਹੈ, ਉਸਨੂੰ ਹਰਾਇਆ ਜਾ ਸਕਦਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ 2024 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਦੱਖਣੀ ਭਾਰਤ ਦੇ ਪੰਜ ਸੂਬਿਆਂ ਕਰਨਾਟਕ, ਕੇਰਲ, ਆਂਧਰਾ ਪ੍ਰਦੇਸ਼, ਤਾਮਿਲਨਾਡੂ ਅਤੇ ਤੇਲੰਗਾਨਾ ਦੀ ਭੂਮਿਕਾ ਅਹਿਮ ਹੋਣ ਵਾਲੀ ਹੈ। ਇਨ੍ਹਾਂ ਪੰਜ ਰਾਜਾਂ ਦੀਆਂ ਮਿਲ ਕੇ ਲੋਕ ਸਭਾ ਦੀਆਂ 129 ਸੀਟਾਂ ਹਨ ਅਤੇ ਅਗਲੀ ਸਰਕਾਰ ਦੇ ਗਠਨ ਵਿੱਚ ਇਨ੍ਹਾਂ ਸੰਸਦ ਮੈਂਬਰਾਂ ਦੀ ਭੂਮਿਕਾ ਬਿਨਾਂ ਸ਼ੱਕ ਬਹੁਤ ਮਹੱਤਵਪੂਰਨ ਹੋਵੇਗੀ। ਇਨ੍ਹਾਂ ਰਾਜਾਂ ਵਿੱਚ ਭਾਜਪਾ ਆਪਣੇ ਆਪ ਨੂੰ ਮਜ਼ਬੂਤ ? ਕਰਕੇ ਇੱਕ ਪੱਥਰ ਨਾਲ ਕਈ ਨਿਸ਼ਾਨੇ ਲਾਉਣਾ ਚਾਹੁੰਦੀ ਸੀ ਪਰ ਕਰਨਾਟਕ ਦੇ ਨਤੀਜਿਆਂ ਨੇ ਉਸ ਦੇ ਮਨਸੂਬਿਆਂ ਨੂੰ ਵਿਗਾੜਨ ਦਾ ਕੰਮ ਕੀਤਾ ਹੈ।

**ਜਨਤਾ ਦੀ ਜਿੱਤ**

ਕਰਨਾਟਕ ਵਿਧਾਨ ਸਭਾ ਚੋਣਾਂ 'ਚ ਭਾਵੇਂ ਕਾਂਗਰਸ ਜੇਤੂ ਰਹੀ ਹੈ ਪਰ ਹਰ ਤਰਾਂ ਦੀਆਂ ਚੋਣਾਂ 'ਚ ਅਸਲ ਜਿੱਤ ਆਮ ਜਨਤਾ ਦੀ ਹੁੰਦੀ ਹੈ ਕਿਉਂਕਿ ਚੋਣਾਂ ਦੌਰਾਨ ਅਸਲੀ ਫੈਸਲਾ ਜਨਤਾ ਦਾ ਹੁੰਦਾ ਹੈ ਅਤੇ ਹਰ ਜਿੱਤ ਜਨਤਾ ਦੀ ਹੁੰਦੀ ਹੈ, ਪਰ ਜਿੱਤ ਦੇ ਕਾਰਕ ਸੰਗਠਨ, ਵਰਕਰਾਂ ਦੀ ਮਿਹਨਤ ਅਤੇ ਲੀਡਰਸ਼ਿਪ ਦੀ ਰਣਨੀਤੀ, ਭਾਸ਼ਾ, ਹਮਲੇ ਅਤੇ ਮੁੱਦਿਆਂ ਨੂੰ ਮੰਨਿਆ ਜਾਂਦਾ ਹੈ। ਕਰਨਾਟਕ ਨਾ ਸਿਰਫ਼ ਇੱਕ ਪੜ੍ਹਿਆ-ਲਿਖਿਆ ਰਾਜ ਹੈ, ਸਗੋਂ ਇੱਕ ਆਈ.ਟੀ. ਹੱਬ ਵੀ ਹੈ। ਉਥੋਂ ਦੇ ਲੋਕਾਂ ਨੂੰ ਸਿਆਸੀ ਸਭਾਵਾਂ ਵਿੱਚ ਬਜਰੰਗ ਬਲੀ ਦੀ ਚੋਣ ਅਤੇ ਵਰਤੋਂ ਕਰਨੀ ਪਸੰਦ ਨਹੀਂ ਆਈ, ਖਾਸ ਕਰਕੇ ਨੌਜਵਾਨਾਂ ਨੂੰ, ਜਿਨ੍ਹਾਂ ਦੀ ਆਬਾਦੀ ਲਗਭਗ 65ਪਫੀਸਦੀ ਹੈ। ਭਾਵੇਂ ਕਰਨਾਟਕ ਚੋਣਾਂ ਵਿੱਚ ਕਾਂਗਰਸ ਅਤੇ ਭਾਜਪਾ ਤੇ ਹੋਰ ਸਿਆਸੀ ਪਾਰਟੀਆਂ ਨੇ ਪੂਰਾ ਜ਼ੋਰ ਲਾਇਆ ਸੀ ਅਤੇ ਆਪਣੇ ਤਰਕਸ਼ ਵਿੱਚੋਂ ਹਰ ਤੀਰ ਦਾ ਇਸਤੇਮਾਲ ਕੀਤਾ ਸੀ, ਪਰ ਕਰਨਾਟਕ ਦੀ ਜਨਤਾ ਨੇ ਜੋ ਫੈਸਲਾ ਸੁਣਾਇਆ ਹੈ, ਉਸ ਦੀ ਗੂੰਜ ਪੂਰੇ ਦੇਸ਼ 'ਚ ਸੁਣਾਈ ਦੇ ਰਹੀ ਹੈ। ਕਰਨਾਟਕ ਚੋਣਾਂ ਵਿੱਚ ਅਸਲੀ ਜਿੱਤ ਆਮ ਜਨਤਾ ਦੀ ਹੋਈ ਹੈ। ਕਰਨਾਟਕ ਦੀ ਜਨਤਾ ਨੇ ਪੂਰੇ ਦੇਸ਼ ਨੂੰ ਸੰਦੇਸ਼ ਦਿੱਤਾ ਹੈ ਕਿ ਰਾਜਨੀਤੀ 'ਚ ਹਿੰਦੂ-ਮੁਸਲਮਾਨ ਵਿਵਾਦ ਬਹੁਤ ਹੋ ਗਿਆ, ਹੁਣ ਜਨਤਾ ਨੂੰ ਰੋਜ਼ਾਨਾ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਚਾਹੀਦਾ ਹੈ।

## ਜਲੰਧਰ 'ਚ ਨਮੋਸ਼ੀਜਨਕ ਹਾਰ

ਮੁਸ਼ਕਿਲਾਂ ਭਰਿਆ ਹੋਵੇਗਾ। ਗੁਰਤੇਜ ਸਿੰਘ ਆਈ ਏ ਐਸ ਦਾ ਮੰਨਣਾ ਹੈ ਕਿ ਪੰਜਾਬੀ ਪਾਰਟੀ ਬਣਨ ਤੇ ਖੇਤਰੀ ਪ੍ਰੋਗਰਾਮ ਅਨੰਦਪੁਰ ਦਾ ਮਤਾ ਤਿਆਗਣ ਬਾਅਦ ਸ਼੍ਰੋਮਣੀ ਅਕਾਲੀ ਦਲ ਦਾ ਭੋਗ ਪੈ ਗਿਆ ਸੀ ਪਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹੋਈ ਇਤਿਹਾਸਕ ਤੇ ਨਮੋਸ਼ੀ ਭਰੀ ਹਾਰ ਤੋਂ ਬਾਅਦ ਨਿਘਾਰ ਦਾ ਅਮਲ ਜਾਰੀ ਰਹਿਣ ਕਾਰਨ ਸੁਖਬੀਰ ਬਾਦਲ ਦੀ ਪਾਰਟੀ ਉਪਰ ਪਕੜ ਹੋਰ ਵੀ ਘੱਟ ਸਕਦੀ ਹੈ। ਪਾਰਟੀ ਆਪਣੇ ਅੰਤ ਵਲ ਜਾ ਸਕਦੀ ਹੈ, ਜਿਥੇ ਜਿੱਤ ਦੀ ਉਮੀਦ ਨਹੀਂ ਹੋਵੇਗੀ।

ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਜਲੰਧਰ ਜ਼ਿਮਨੀ ਚੋਣ ਵਿੱਚ ਪਾਰਟੀ ਦੀ ਹੋਈ ਹਾਰ ਲਈ ਗੰਭੀਰਤਾ ਨਾਲ ਆਤਮ-ਮੰਥਨ ਕਰਨ ਦੀ ਵਕਾਲਤ ਕੀਤੀ ਹੈ। ਜ਼ਿਮਨੀ ਚੋਣ ਵਿੱਚ ਵਡਾਲਾ ਦੇ ਵਿਧਾਨ ਸਭਾ ਹਲਕੇ ਨਕੋਦਰ ਵਿੱਚ ਗੱਠਜੋੜ ਦੂਜੇ ਸਥਾਨ 'ਤੇ ਰਿਹਾ।

ਸਿੱਖ ਚਿੰਤਕ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤਾਂ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਆਦਿ ਨੇ ਬਗਾਵਤ ਕੀਤੀ ਸੀ ਪਰ ਜਥੇਦਾਰ ਬ੍ਰਹਮਪੁਰਾ ਨੇ ਅਕਾਲੀ ਦਲ ਵਿੱਚ ਮੁੜ ਸ਼ਮੂਲੀਅਤ ਕਰ ਲਈ ਸੀ। ਸਾਲ 2022 ਦੀਆਂ ਚੋਣਾਂ ਤੋਂ ਬਾਅਦ ਇਹ ਸੰਕਟ ਹੋਰ ਵੀ ਵਧਣ ਲੱਗਿਆ ਸੀ ਤੇ ਜ਼ਮੀਨੀ ਪੱਧਰ 'ਤੇ ਵਰਕਰਾਂ ਵਿੱਚ ਨਿਰਾਸ਼ਾ ਹੀ ਨਹੀਂ ਸੀ ਸਗੋਂ ਲੀਡਰਸ਼ਿਪ ਖ਼ਿਲਾਫ਼ ਰੋਸ ਵੀ ਸੀ ਪਰ ਬਾਦਲਕਿਆਂ ਵੱਲੋਂ ਬੁਨਿਆਦੀ ਮੁੱਦਿਆਂ 'ਤੇ ਧਿਆਨ ਕੇਂਦਰਤ ਕਰਨ ਦੀ ਥਾਂ ਡੰਗ ਟਪਾਈ ਵਾਲੀ ਰਣਨੀਤੀ ਅਪਣਾਈ ਜਾ ਰਹੀ ਹੈ ਜਿਸ ਕਾਰਨ ਪਾਰਟੀ ਨਿਘਾਰ ਵੱਲ ਜਾ ਰਹੀ ਹੈ ਤੇ ਲਗਾਤਾਰ ਹਾਰਾਂ ਮਿਲਣ ਕਾਰਨ ਵਰਕਰ ਨਿਰਾਸ਼ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਵੱਡੇ ਬਾਦਲ ਦੇ ਦੇਹਾਂਤ ਤੋਂ ਬਾਅਦ ਪਾਰਟੀ ਅੰਦਰ ਜੋ ਖਲਾਅ ਪੈਦਾ ਹੋਇਆ ਹੈ ਇਸ ਦਾ ਅਸਰ ਵੀ ਸੁਖਬੀਰ ਸਿੰਘ ਬਾਦਲ ਦੀ ਰਾਜਨੀਤੀ 'ਤੇ ਪਵੇਗਾ।

***

## ਸਾਲ 2022 ਦੌਰਾਨ 2021 ਦੇ ਮੁਕਾਬਲੇ ਮੌਤ ਦੀ ਸਜ਼ਾ

ਐਮਨੈਸਟੀ ਇੰਟਰਨੈਸ਼ਨਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਅਪਰਾਧ ਇਰਾਦਤਨ ਹੱਤਿਆ ਸੰਬੰਧੀ ਨਹੀਂ ਹਨ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਤਹਿਤ 'ਬਹੁਤ ਗੰਭੀਰ ਅਪਰਾਧ' ਦੇ ਦਾਇਰੇ ਵਿੱਚ ਨਹੀਂ ਆਉਂਦੇ ਹਨ। ਐਮਨੈਸਟੀ ਨੇ ਕਿਹਾ ਕਿ ਬੰਗਲਾਦੇਸ਼ ਵਿੱਚ ਘੱਟੋ-ਘੱਟ 169 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਜੋ ਕਿ ਏਸ਼ੀਆ ਪ੍ਰਸ਼ਾਂਤ ਖੇਤਰ ਵਿੱਚ ਸਭ ਤੋਂ ਵੱਧ ਹੈ, ਇਸ ਤੋਂ ਬਾਅਦ ਭਾਰਤ ਵਿੱਚ 165 ਅਤੇ ਪਾਕਿਸਤਾਨ ਵਿੱਚ 127 ਲੋਕਾਂ ਨੂੰ ਫਾਂਸੀ ਦੀ ਸਜ਼ਾ ਸਣਾਈ ਗਈ। ਰਿਪੋਰਟ ਅਨੁਸਾਰ ਪਿਛਲੇ ਸਾਲ ਮੌਤ ਦੀ ਸਜ਼ਾ ਨੂੰ ਖਤਮ ਕਰਨ ਵਾਲੇ ਦੇਸ਼ਾਂ ਦੀ ਗਿਣਤੀ 112 ਤੱਕ ਪਹੁੰਚ ਗਈ ਹੈ।

***

## ਮੁੱਖ ਮੰਤਰੀ ਪੰਜਾਬ ਦੀ ਬਦਲਾਖੋਰੀ ਸਿਆਸਤ

ਵਾਸਤੇ ਆਪਣਾ ਸੰਘਰਸ਼ ਨਿਰੰਤਰ ਜਾਰੀ ਰੱਖਾਂਗਾ'ਉਹਨਾਂ ਨੇ ਅੱਗੇ ਕਿਹਾ ਕਿ, ਮੁੱਖ ਮੰਤਰੀ ਨੇ ਸਾਡੀ ਜੱਦੀ ਜ਼ਮੀਨ ਨਾਲ ਸਬੰਧਤ 1986 (37 ਸਾਲ) ਦੇ ਕੁਝ ਇੰਤਕਾਲਾਂ ਲਈ ਮੇਰੇ, ਮੇਰੀ ਪਤਨੀ ਅਤੇ ਮੇਰੇ ਸਵਰਗਵਾਸੀ ਪਿਤਾ ਸ. ਸੁਖਜਿੰਦਰ ਸਿੰਘ ਜੀ ਵਿਰੁੱਧ ਸ਼ਰਮਨਾਕ ਐਫਆਈਆਰ 30 ਪੀਐਸ ਭੁਲੱਥ (ਡੀਐਸਪੀ ਸੁਖਨਿੰਦਰ) ਵਿੱਚ ਵਿਸ਼ੇਸ਼ ਤੌਰ 'ਤੇ ਪੁਲਿਸ ਮਸ਼ੀਨਰੀ ਦੀ ਦੁਰਵਰਤੋਂ ਕਰਦੇ ਹੋਏ ਘੋਰ ਬਦਲਾਖੋਰੀ ਸਿਆਸਤ ਕੀਤੀ ਹੈ। ਪਰ ਮੈਂ ਫੇਰ ਕਹਿਣਾ ਚਾਹੁੰਦਾ ਹਾਂ ਕਿ, ਅਸੀਂ ਸੀ.ਐਮ. ਦੀ ਅਜਿਹੀ ਨਫ਼ਰਤ ਭਰੀ ਮੁਹਿੰਮ ਤੋਂ ਹਿੰਮਤ ਨਹੀਂ ਹਾਰਾਂਗੇ ਅਤੇ ਪੰਜਾਬ-ਖਹਿਰਾ ਲਈ ਆਪਣੀ ਲੜਾਈ ਜਾਰੀ ਰੱਖਾਂਗੇ।

## ਸ਼ਾਹਮੁਖੀ 'ਚ ਵੀ ਕਿਤਾਬਾਂ ਪ੍ਰਕਾਸ਼ਿਤ

ਸੂਚੀ ਹੈ। ਡਾ. ਸੁਖਦੇਵ ਸਿੰਘ ਵੱਲੋਂ ਤਿਆਰ ਇਸ ਪੁਸਤਕ ਰਾਹੀਂ ਪੰਜਾਬੀ 'ਚ ਹੁਣ ਤੱਕ ਪ੍ਰਕਾਸ਼ਿਤ ਸਮੁੱਚੀ ਵਿਗਿਆਨ ਸਮੱਗਰੀ ਦੀ ਥਾਹ ਪਾਈ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਭਾਰਤ ਜਾਂ ਭਾਰਤ ਤੋਂ ਬਾਹਰ ਕਿਤੇ ਵੀ ਜੇਕਰ ਪੰਜਾਬੀ ਵਿਚ ਵਿਗਿਆਨ ਦੀ ਕੋਈ ਪੁਸਤਕ ਛਪੀ ਹੈ ਤਾਂ ਉਸ ਦਾ ਹਵਾਲਾ ਇਸ ਪੁਸਤਕ ਵਿੱਚ ਦਰਜ ਹੈ। ਨਾਵਲ ਆਲੋਚਨਾ ਸ਼ਬਦ ਕੋਸ਼ ਡਾ. ਟੀਆਰ ਵਿਨੋਦ ਵੱਲੋਂ ਤਿਆਰ ਕੀਤਾ ਗਿਆ ਕੋਸ਼ ਹੈ ਜਿਸ ਦਾ ਹੁਣ ਦੂਜਾ ਅਡੀਸ਼ਨ ਛਾਪਿਆ ਗਿਆ ਹੈ। ਇਸ ਵਿਚ ਨਾਵਲ ਸਿਰਜਣਾ ਤੇ ਨਾਵਲ ਆਲੋਚਨਾ ਨਾਲ ਸਬੰਧਤ ਸੰਕਲਪੀ ਸ਼ਬਦਾਵਲੀ ਦੀ ਵਿਆਖਿਆ ਕੀਤੀ ਗਈ ਹੈ। 'ਵਿਆਹ ਗੀਤਾਂ ਦੀ ਅਮਰਵੇਲ : ਬਦਲਦੇ ਸਰੂਪ' ਪੁਸਤਕ ਵਿੱਚ ਕੈਨੇਡਾ ਵਸਨੀਕ ਲੇਖਕ ਮਨਜੀਤ ਕੌਰ ਸੇਖੋਂ ਨੇ ਪੁਰਾਣੇ ਸਮੇਂ ਤੋਂ ਚੱਲੀਆਂ ਆ ਰਹੀਆਂ ਵੱਖ-ਵੱਖ ਗੀਤਾਂ ਬਾਰੇ ਵਿਆਖਿਆ ਭਰਪੂਰ ਜਾਣਕਾਰੀ ਪ੍ਰਦਾਨ ਕੀਤੀ ਹੈ। 'ਨਾਚਾਂ ਦੇ ਨਾਲ-ਨਾਲ' ਕਿਤਾਬ ਡਾ. ਗੁਰਸੇਵਕ ਲੰਬੀ ਵੱਲੋਂ ਲਿਖੀ ਗਈ ਹੈ, ਜਿਸ ਰਾਹੀਂ ਯੁਵਕ ਮੇਲਿਆਂ ਵਿਚ ਨੱਚੇ ਜਾਣ ਵਾਲੇ ਵੱਖ-ਵੱਖ ਨਾਵਾਂ ਨੂੰ ਸਿੱਖਣ ਲਈ ਸਬੰਧਤ ਨੇਮਾਵਲੀ ਦੇ ਹਿਸਾਬ ਨਾਲ ਲੜੀਂਦੇ ਨੁਕਤਿਆਂ ਬਾਰੇ ਗੱਲ ਕੀਤੀ ਗਈ ਹੈ। ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਇਹ ਪੁਸਤਕਾਂ ਸਥਾਪਨਾ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲੋਕ ਅਰਪਣ ਕੀਤੀਆਂ ਗਈਆਂ ਹਨ।

***

## ਚੋਣ ਵਾਇਦੇ ਅਤੇ ਤੋਹਫੇ: ਲੋਕਤੰਤਰ ਲਈ

ਗਰਦਾਨਿਆ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਹੈ ਜਦੋਂ ਦੇਸ਼ ਦਾ ਬਜ਼ਟ ਬਣਦਾ ਹੈ ਤਾਂ ਦੇਸ਼ ਦੀਆਂ ਸਿਆਸੀ ਧਿਰਾਂ ਨੂੰ ਇੱਕ ਹੋਰ ਮੁਫ਼ਤ ਖੋਰਾ ਬਜ਼ਟ ਬਨਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

ਸਿਆਸੀ ਧਿਰਾਂ ਚੋਣਾਂ ਵੇਲੇ ਵੋਟਰਾਂ ਨੂੰ ਮੁਫ਼ਤ ਲੈਪਟੌਪ, ਬਾਈਸਾਈਕਲ, ਸਮਾਰਟਫੋਨ, ਮੁਫ਼ਤ ਬਿਜਲੀ, ਮੁਫ਼ਤ ਬੱਸ ਸੇਵਾ ਦਾ ਵਾਇਦਾ ਕਰਦੀਆਂ ਹਨ। ਪਰ ਇਹ ਸਾਰੀਆਂ ਸਹੂਲਤਾਂ ਜਾਂ ਇਹਨਾ ਵਿਚੋਂ ਬਹੁਤੀਆਂ ਸਹੂਲਤਾਂ ਸਮਾਜ ਦੇ ਕਮਜ਼ੋਰ ਵਰਗ ਤੱਕ ਕੀ ਪੁੱਜਦੀਆਂ ਹਨ?

ਅਸਲ ਵਿੱਚ ਦੇਸ਼ ਇਸ ਸਮੇਂ ਦੇ ਜੋ ਹਾਲਾਤ ਹਨ, ਉਸ ਅਨੁਸਾਰ ਬੇਰੁਜ਼ਗਾਰਾਂ ਨੂੰ ਨੌਕਰੀ ਦੇਣਾ, ਬੁਢਾਪੇ 'ਚ ਸਮਾਜਿਕ ਸੁਰੱਖਿਆ, ਬੱਚਿਆਂ ਲਈ ਸਕੂਲਾਂ 'ਚ ਭੋਜਨ ਮੁਹੱਈਆ ਕਰਨ, ਕਿਸੇ ਵੀ ਆਫ਼ਤ ਵੇਲੇ ਮੁਫ਼ਤ ਦਵਾਈਆਂ ਤੇ ਹੋਰ ਸਹੂਲਤਾਂ ਦੇਣਾ ਜਾਇਜ਼ ਮੰਨਿਆ ਜਾ ਸਕਦਾ ਹੈ। ਨਾਗਰਿਕਾਂ ਲਈ ਬਰਾਬਰ ਦੀ ਸਿੱਖਿਆ ਸਹੂਲਤਾਂ, ਸਿਹਤ ਸਹੂਲਤਾਂ ਮੁਹੱਈਆ ਕਰਨਾ ਵੀ ਕਲਿਆਣਕਾਰੀ ਅਤੇ ਤੋਹਫਾ ਹੋ ਸਕਦਾ ਹੈ, ਪਰ ਸਿਰਫ਼ ਚੋਣਾਂ ਦੌਰਾਨ ਵੋਟਾਂ ਵਟੋਰਨ ਲਈ ਕੀਤੇ ਜਾਂਦੇ ਅਸਥਾਈ ਵਾਅਦੇ ਭਾਵੇਂ ਉਹ ਸਿਆਸੀ ਲੋਕ ਬਾਅਦ 'ਚ ਪੂਰੇ ਕਰਨ ਜਾਂ ਨਾ ਕਰਨ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ ਠਹਿਰਾਏ ਜਾ ਸਕਦੇ।

ਦੇਸ਼ ਵਿੱਚ ਚੋਣਾਵੀ ਮੌਸਮ 'ਚ ਮੁਫ਼ਤ ਸੁਵਿਧਾਵਾਂ ਦੀ ਰਾਜਨੀਤੀ ਚੋਣ ਮੁਹਿੰਮ ਦਾ ਅਨਖਿੜਵਾਂ ਅੰਗ ਬਣ ਗਈ ਹੈ। ਸਿਆਸੀ ਲੋਕਾਂ ਦੀ ਇਹ ਦਲੀਲ ਹੈ ਕਿ ਵੋਟਰਾਂ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਸੱਤਾਧਾਰੀ ਲੋਕਾਂ ਨੂੰ ਕੀ ਸੁੱਖ ਸਹੂਲਤਾਂ ਦੇਣਗੇ। ਪਰ ਆਮ ਤੌਰ 'ਤੇ ਇਹ ਚੋਣ ਵਾਇਦੇ ਬਿਨ੍ਹਾਂ ਸੋਚੇ ਸਮਝੇ ਸਿਰਫ਼ ਤਾਕਤ ਹਥਿਆਉਣ ਲਈ ਲੋਕਾਂ ਨੂੰ ਭਰਮਿਤ ਕਰਨ ਲਈ ਹੁੰਦੇ ਹਨ।

ਕੀ ਹਰ ਬੈਂਕ ਖਾਤੇ 'ਚ ਲੱਖਾਂ ਰੁਪਏ ਕਾਲੇ ਧਨ ਨੂੰ ਚਿੱਟਾ ਧਨ ਕਰਕੇ ਪਾਉਣ ਦਾ ਵਾਇਦਾ ਜਾਇਜ਼ ਹੈ? ਪੰਜ ਸਾਲਾਂ 'ਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਵਾਇਦਾ ਜਾਂ ਤੋਹਫਾ ਠੀਕ ਹੈ? ਵਾਇਦਿਆਂ ਤੋਂ ਅੱਗੇ "ਗਰੰਟੀਆਂ" ਦੇਣ ਦੀ ਪਰੰਪਰਾ ਤੇ ਹੋੜ ਕੀ ਲੋਕਾਂ ਨੂੰ ਸਿਰਫ਼ ਵਿਹਲੜ ਬਣਕੇ ਰਹਿਣ ਵੱਲ ਰੁਚਿਤ ਨਹੀਂ ਕਰੇਗੀ? ਸਵਾਲ ਵੱਡੇ ਹਨ, ਜਿਹਨਾ ਦੇ ਹੱਲ ਵੀ ਉਤਨੇ ਹੀ ਵੱਡੇ ਲੱਭਣੇ ਪੈਣਗੇ ਹਨ।

ਸਵਾਲਾਂ ਤੋਂ ਵੀ ਵੱਡਾ ਸਵਾਲ ਇਹ ਹੈ ਕਿ ਚੋਣਾਂ ਵਿੱਚ ਤੋਹਫੇ ਵੰਡਣ ਲਈ ਨਕਦੀ, ਸ਼ਰਾਬ, ਨਸ਼ੀਲੇ ਪਦਾਰਥ, ਕੀਮਤੀ ਚੀਜ਼ਾਂ ਅਤੇ ਕਰੋੜਾਂ ਰੁਪਏ ਦੇ ਤੋਹਫੇ ਵੰਡਣ ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਵੇਲੇ ਖ਼ਬਰਾਂ ਆਈਆਂ ਹਨ। ਸਾਲ 2018 'ਚ ਚੋਣਾਂ ਵੇਲੇ ਜੋ ਬਰਾਮਦਗੀ ਇਹਨਾ ਵਸਤਾਂ ਦੀ ਕਰਨਾਟਕ ਵਿੱਚ ਕੀਤੀ ਗਈ ਸੀ, ਉਸ ਨਾਲੋਂ ਸਾਢੇ ਚਾਰ ਗੁਣਾ ਵੱਧ ਦੀ ਬਰਾਮਦਗੀ ਚੋਣ ਕਮਿਸ਼ਨ ਵਲੋਂ ਇਸ ਵੇਰ ਕੀਤੀ ਗਈ ਹੈ।

ਸਵਾਲ ਇਹ ਹੈ ਕਿ ਬਾਵਜੂਦ ਕੋਸ਼ਿਸ਼ਾਂ ਦੇ ਇਹ ਤੋਹਫੇ ਵੰਡਕੇ ਵੋਟ ਪ੍ਰਾਪਤ ਕਰਨ ਦਾ ਰੁਝਾਨ ਵਧ ਰਿਹਾ ਹੈ। ਪਰ ਕਿਸੇ ਵੀ ਸਿਆਸੀ ਦਲ ਵਲੋਂ ਇਸ ਨੂੰ ਰੋਕਣ ਜਾਂ ਠੱਲ ਪਾਉਣ ਲਈ ਕੋਈ ਅਵਾਜ਼ ਨਹੀਂ ਉਠਾਈ ਗਈ।

ਆਖ਼ਿਰ ਇਹ ਕਿਉਂ ਹੈ ਕਿ ਚੋਣ ਆਯੋਗ ਅਤੇ ਹੋਰ ਮਹਿਕਮੇ ਇਹਨਾ ਗੈਰ ਕਾਨੂੰਨੀ ਗਤੀਵਿਧੀਆਂ ਨੂੰ ਰੋਕਣ 'ਚ ਨਾ ਕਾਮਯਾਬ ਹਨ। ਜੇਕਰ ਇਹ ਰੁਝਾਣ ਵਧਦਾ ਰਿਹਾ ਤਾਂ ਲੋਕਤੰਤਰ ਦੇ ਲਈ ਅਸਲ 'ਚ ਕਿੰਨੀ ਕੁ ਥਾਂ ਬਚੇਗੀ ਦੇਸ਼ ਵਿੱਚ?

***

## "ਛੋਟਾ ਘੱਲੂਘਾਰਾ"

ਸਾਹਮਣਾ ਕਰਦੇ ਹੋਏ ਬਚ ਨਿਕਲਦੇ ਗਏ। ਕੁਝ ਸਿੰਘਾਂ ਨੇ ਆਪਣੇ ਘੜ ਬਿਆਸ ਦਰਿਆ 'ਚ ਠੇਲ੍ਹ ਦਿੱਤੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਲਲਕਾਰਿਆ ਕਿ ਮੌਤ ਨਾਲੋਂ ਲੜਦੇ ਸ਼ਹੀਦ ਹੋਣਾ ਹੀ ਚੰਗਾ ਹੈ। ਸਿੰਘ ਤੁਰਕੀ ਸੈਨਾ ਤੇ ਝਪਟ ਪਏ। ਤੁਰਕਾਨੀ ਸੈਨਾ ਦੇ ਆਗੂ ਮਿਰਜ਼ਾ ਹਿੰਮਤ ਬੇਗ, ਸੈਦ ਅਲੀ ਖਾਂ ਫ਼ੌਜਦਾਰ, ਜਸਪਤ ਰਾਏ ਦਾ ਲੜਕਾ ਹਰਭਜ ਰਾਏ, ਨਾਹਰ ਖਾਂ, ਕਰਮ ਬਖ਼ਸ਼ ਬੜੇ ਜੋਰ ਨਾਲ ਲੜੇ ਪਰ ਸਿੰਘਾਂ ਨੇ ਉਹਨਾਂ ਦੀ ਪੇਸ਼ ਨਾ ਜਾਣ ਦਿੱਤੀ। ਚਾਰ ਪੰਜ ਕੋਹ ਜਿੱਥੋਂ ਤਕ ਤੁਰਕਾਨੀ ਸੈਨਾ ਫੈਲੀ ਹੋਈ ਸੀ, ਨੂੰ ਚੀਰ ਕੇ ਸਿੰਘ ਨਿਕਲਦੇ ਗਏ। ਸਿੰਘਾਂ ਦੇ ਕਈ ਜਥੇਦਾਰ ਤੇ ਅਨੇਕਾਂ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਤੁਰਕਾਨੀ ਸੈਨਾ ਦੇ ਕਈ ਨਾਮੀ ਜਰਨੈਲ ਹਰਭਜ ਰਾਏ, ਨਾਹਰ ਖਾਂ, ਕਰਮ ਬਖਸ, ਅਸਗਰ ਖਾਂ ਆਦਿ ਮਾਰੇ ਗਏ। ਸ੍ਰ. ਸੁੱਖਾ ਸਿੰਘ ਰਾਮਗੜ੍ਹੀਆ ਦੀ ਲੱਤ ਗੋਲੀ ਲਖਣ ਕਰਕੇ ਜ਼ਖ਼ਮੀ ਹੋ ਗਈ ਪਰ ਉਸਨੇ ਹੌਸਲਾ ਨਹੀਂ ਛੱਡਿਆ ਅਤੇ ਆਪਣੇ ਜਥੇ ਦੀ ਅਗਵਾਈ ਕਰਦਾ ਰਿਹਾ।

ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਦਾ ਸਭ ਤੋਂ ਵੱਡਾ ਨੁਕਸਾਨ ਇਸ ਛੰਭ ਵਿਚੋਂ ਨਿਕਲਣ ਸਮੇਂ ਹੋਇਆ। ਇਸੇ ਲਈ ਇਸ ਨੂੰ ਸਿੱਖ ਇਤਿਹਾਸ ਵਿੱਚ ਛੋਟਾ ਘੱਲੂਘਾਰਾ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਮੁਗਲਾਂ ਦੇ ਦੋ ਦਹਾਕੇ ਚਲੇ ਇਸ ਤਸ਼ੱਦਦ ਵਿੱਚ ਫਿਰ 1762 ਈ. ਵਿੱਚ ਕੁੱਪ ਰਹੀੜੇ ਦੇ ਅਸਥਾਨ ਤੇ ਸਿੰਘਾਂ ਦੇ ਹੋਏ ਭਾਰੀ ਕਤਲੇਆਮ ਤੋਂ ਬਾਅਦ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਿਆ। ਘੱਲੂਘਾਰਾ ਸ਼ਬਦ ਅਫ਼ਗਾਨ ਬੋਲੀ ਵਿਚੋਂ ਹੈ, ਜਿਦਦਾ ਅਰਥ ਹੈ 'ਸਭ ਕੁਝ ਬਰਬਾਦ ਹੋ ਜਾਣਾ'।

ਛੰਭ ਵਿਚੋਂ ਨਿਕਲਣ ਸਮੇਂ ਕੁਝ ਸਿੰਘ ਕਠੂਹਾ ਤੇ ਜੰਮੂ ਆਦਿ ਰਾਵੀਓਂ ਪਾਰ ਚਲੇ ਗਏ। ਕੁਝ ਕਾਂਗੜਾ ਤੇ ਸਕੇਤ ਮੰਡੀ ਇਲਾਕਿਆਂ ਵਿੱਚ ਰਹਿਣ ਲੱਗੇ। ਕੁਝ ਜਥੇ ਬਿਆਸ ਪਾਰ ਕਰਕੇ ਪਹਾੜ ਦੇ ਨਾਲ ਨਾਲ ਕੀਰਤਪੁਰ ਚਲੇ ਗਏ ਉਥੋਂ ਫਿਰ ਮਾਝੇ ਵਿੱਚ ਪੁਜੇ। ਕੁਝ ਜਥੇ ਹਰਿਗੋਬਿੰਦ ਪੁਰ ਵਾਲੇ ਪਾਸਿਓਂ ਭੇਟਾ ਦੇ ਪੱਤਣ ਨੂੰ ਪਾਰ ਕਰਕੇ ਹੁਸ਼ਿਆਰਪੁਰ ਚਲੇ ਗਏ।

ਤਿੰਨ ਚਾਰ ਮਹੀਨੇ ਕਾਹਨੂੰਵਾਨ ਦੇ ਝਲ ਵਿੱਚ ਘਿਰੇ ਰਹਿਣ ਕਰਕੇ ਸਿੰਘਾਂ ਦੇ ਕੱਪੜੇ ਲੀੜੇ ਪਾਟੇ ਹੋਏ ਸਨ। ਪੈਰਾਂ ਵਿੱਚ ਜੋੜੇ ਵੀ ਨਹੀਂ ਸਨ। ਤਪੀ ਰੇਤ ਨੇ ਸਿੰਘਾਂ ਦੇ ਪੈਰਾਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ। ਸਿੰਘਾਂ ਨੇ ਪੈਰਾਂ ਨੂੰ ਕੱਪੜੇ ਤੇ ਦਰਖਤਾਂ ਦੇ ਪੱਤੇ ਛਿੱਲਾਂ ਨਾਲ ਬੰਨ ਕੇ ਰੇਤ ਨੂੰ ਪਾਰ ਕੀਤਾ। ਜਦੋਂ ਸਿੰਘ ਰਸਤਾ ਬਸਤਾਂ ਲੈ ਕੇ ਮੀਰਕੋਟ ਦੀ ਝਿੜੀ ਵਿੱਚ ਲੰਗਰ ਤਿਆਰ ਕਰਨ ਲੱਗੇ ਤਾਂ ਇਜੇ ਖਾਂ, ਜੋ ਦੋਆਬੇ ਦਾ ਹੁਕਮਰਾਨ ਸੀ, ਨੇ ਸਿੰਘਾਂ 'ਤੇ ਹਮਲਾ ਕਰ ਦਿੱਤਾ। ਟਾਕਰਾ ਕਰਕੇ ਹੋਏ ਸਿੰਘਾਂ ਦ ਜਥੇ ਅਲੀਵਾਲ ਦੇ ਪੁਲੋਂ ਸਤਲੁੱਜ ਪਾਰ ਕਰਕੇ ਮਾਲਵੇ ਵਿੱਚ ਦਾਖਲ ਹੋਏ। ਸਿੰਘ ਮਾਲਵੇ ਦੇ ਪਿੰਡਾਂ ਵਿੱਚ ਖਿੰਡ ਪੁੰਡ ਗਏ। ਮਾਲਵੇ ਦੀਆਂ ਸੰਗਤਾਂ ਨੇ ਸਿੰਘਾਂ ਨੂੰ ਸੰਭਾਲ ਲਿਆ। ਉਹਨਾਂ ਸਿੰਘਾਂ ਦੀ ਬੜੀ ਦੇਖ ਭਾਲ ਅਤੇ ਸੇਵਾ ਕੀਤੀ। ਕੁਝ ਹੀ ਦਿਨਾਂ ਵਿੱਚ ਸਿੰਘ ਤੰਦਰੁਸਤ ਹੋ ਕੇ ਆਪਣੇ ਘਰਾਂ ਨੂੰ ਪਰਤ ਗਏ।

ਕੁਝ ਹੀ ਸਮੇਂ ਵਿੱਚ ਮਾਝੇ 'ਚ ਸਿੰਘਾਂ ਦੇ ਜਥੇ ਸਰਗਰਮ ਹੋ ਗਏ। ਸਿੰਘਾਂ ਨੇ ਇਕ ਸਾਲ ਵਿੱਚ ਹੀ ਅੰਮ੍ਰਿਤਸਰ ਵਿਖੇ ਰਾਮਗੜ੍ਹ ਨਾਮ ਦਾ ਕਿਲਾ ਬਣਾਇਆ। ਉਥੋਂ ਫਿਰ ਜੰਗ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਲਖਪਤ ਰਾਏ ਦੁਆਬੇ ਵਿਚੋਂ ਲਾਹੌਰ ਪਰਤ ਗਿਆ।

ਛੋਟੇ ਘੱਲੂਘਾਰੇ ਦੀ ਯਾਦ ਵਿੱਚ ਗੁਰਦਾਸਪੁਰ ਵਿੱਚ ਛੰਭ ਕਾਹਨੂੰਵਾਨ ਵਿਖੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਨੇੜੇ ਹੀ ਅਬਦੁਲਾ ਵਾਲਾ ਕਾਹਨੂੰਵਾਨ ਵਿਖੇ ਅਜਾਇਬ ਘਰ ਹੈ।

***

## ਕੇਂਦਰੀ ਸਿੱਖ ਮਿਊਜ਼ੀਅਮ ਵਿੱਚ

ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ ਦਾ ਯੋਗਦਾਨ ਵੀ ਮਿਸਾਲੀ ਹੈ। ਉਨ੍ਹਾਂ ਨੇ 1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੌਰਾਨ 6 ਜੂਨ 1984 ਨੂੰ ਭਾਰਤੀ ਫ਼ੌਜਾਂ ਦਾ ਮੁਕਾਬਲਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ ਸੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਪੰਥਕ ਯੋਗਦਾਨ ਦੇਣ ਵਾਲੀਆਂ ਸ਼ਖ਼ਸੀਅਤਾਂ ਨੂੰ ਹਮੇਸ਼ਾ ਯਾਦ ਰੱਖਦੀ ਹੈ। ਸਮਾਗਮ ਦੌਰਾਨ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਜਥੇਦਾਰ ਦਲੀਪ ਸਿੰਘ ਤੇ ਸ਼ਹੀਦ ਭਾਈ ਅਮਰਜੀਤ ਸਿੰਘ ਖੇਮਕਰਨ ਦੇ ਪਰਿਵਾਰਕ ਮੈਂਬਰ ਅਤੇ ਪ੍ਰੁੱਜੀਆਂ ਸ਼ਖ਼ਸੀਅਤਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਕਰਵਾਏ ਸਮਾਗਮ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਸਮੇਤ ਹੋਰ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਮੌਜੂਦ ਸਨ।

***

## ਵੱਡੇ ਕਰਜ਼ੇ 'ਚ ਡੁੱਬਿਆ ਅਮਰੀਕਾ

ਭਰ 'ਚ ਅਮਰੀਕੀ ਆਰਥਿਕ ਲੀਡਰਸ਼ਿਪ ਦੇ ਕਮਜ਼ੋਰ ਹੋਣ ਦਾ ਖ਼ਤਰਾ ਵੀ ਕਾਫੀ ਵਧ ਜਾਵੇਗਾ। ਯੇਲੇਨ ਨੇ ਕਿਹਾ ਕਿ ਕਰਜ਼ੇ ਦੀ ਅਦਾਇਗੀ ਕਰਨ ਵਿੱਚ ਡਿਫਾਲਟ ਤੋਂ ਉਨ੍ਹਾਂ ਲਾਭ ਦੇ ਖ਼ਤਮ ਹੋਣ ਦਾ ਖ਼ਤਰਾ ਹੋਵੇਗਾ ਜਿਹੜੇ ਪਿਛਲੇ ਕੁਝ ਸਾਲਾਂ ਵਿੱਚ ਮਹਾਂਮਾਰੀ ਤੋਂ ਉਭਰਨ ਲਈ ਸਖ਼ਤ ਮਿਹਨਤ ਕਰਕੇ ਹਾਸਲ ਕੀਤੇ ਗਏ ਹਨ। ਇਸ ਦੇ ਨਾਲ ਹੀ ਇਹ ਇੱਕ ਗਲੋਬਲ ਮੰਦੀ ਨੂੰ ਵਧਾ ਦੇਵੇਗਾ ਜਿਹੜਾ ਕਿ ਅਮਰੀਕਾ ਨੂੰ ਪਿੱਛੇ ਲੈ ਜਾਵੇਗਾ। ਇਸ ਨਾਲ ਦੇਸ਼ ਦੀ ਰਾਸ਼ਟਰੀ ਸੁਰੱਖਿਆ ਦੇ ਹਿੱਤਾਂ 'ਤੇ ਵੀ ਖ਼ਤਰਾ ਵਧੇਗਾ।

ਮਹੱਤਵਪੂਰਨ ਗੱਲ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਜੋ ਬਿਡੇਨ ਨੇ ਪਹਿਲਾਂ ਹੀ ਕਿਹਾ ਸੀ ਕਿ ਜੇਕਰ ਕਾਂਗਰਸ ਸਰਕਾਰ ਦੇ ਬਿੱਲਾਂ ਦਾ ਭੁਗਤਾਨ ਕਰਨ ਲਈ ਖਜ਼ਾਨੇ ਕੋਲ ਪੈਸਾ ਖਤਮ ਹੋਣ ਤੋਂ ਪਹਿਲਾਂ ਕਰਜ਼ੇ ਦੀ ਸੀਮਾ ਵਿੱਚ ਵਾਧੇ ਨੂੰ ਮਨਜ਼ੂਰੀ ਨਹੀਂ ਦਿੰਦੀ ਹੈ, ਤਾਂ ਜੂਨ ਤੋਂ ਅਮਰੀਕੀ ਅਰਥਚਾਰੇ ਦੇ ਮੰਦੀ ਵਿੱਚ ਫਸਣ ਦਾ ਖ਼ਤਰਾ ਹੈ।

ਯੇਲੇਨ ਨੇ ਕਿਹਾ ਕਿ ਸੰਕਟ ਆਟੋ ਭੁਗਤਾਨਾਂ ਅਤੇ ਕ੍ਰੈਡਿਟ ਕਾਰਡਾਂ 'ਤੇ ਵਿਆਜ ਦਰਾਂ ਨੂੰ ਵਧਾ ਸਕਦਾ ਹੈ। ਜਦੋਂ ਕਿ ਕਰਜ਼ਿਆਂ ਦੀਆਂ ਦਰਾਂ ਪਹਿਲਾਂ ਹੀ 1 ਜੂਨ ਦੇ ਆਸਪਾਸ ਵੱਧ ਰਹੀਆਂ ਸਨ। ਇਸ ਕਾਰਨ ਅਮਰੀਕੀ ਅਰਥਚਾਰੇ ਨੂੰ ਵੱਡਾ ਝਟਕਾ ਝੱਲਣਾ ਪਵੇਗਾ। ਵਿੱਤੀ ਬਾਜ਼ਾਰਾਂ, ਸੰਸਥਾਵਾਂ ਅਤੇ ਖਪਤਕਾਰਾਂ ਦੇ ਭਰੋਸੇ ਨੂੰ ਹਿੱਲਣ ਦੇ ਪ੍ਰਭਾਵ ਦੀ ਕਲਪਨਾ ਕਰਨਾ ਵੀ ਸੰਭਵ ਨਹੀਂ ਹੈ।

***

## ਰਾਜਪੁਰਾ ਵਿਖੇ ਵਿਸ਼ਵ ਹਾਸ ਦਿਵਸ

ਰਿਸ਼ਤਿਆਂ 'ਚੋ ਪਿਆਰ ਮਨਫੀ ਹੋ ਰਿਹਾ, ਹਰ ਤਰਫ ਇਕਰਾਰ ਤੇ ਇਤਬਾਰ ਮਨਫੀ ਹੋ ਰਿਹਾ ਨਾਲ ਪ੍ਰੋਪਕ ਸ਼ਾਇਰੀ ਦਾ ਸਬੂਤ ਦਿਤਾ। ਡਾਕਟਰ ਗੁਰਵਿੰਦਰ ਸਿੰਘ ਅਮਨ ਪ੍ਰਧਾਨ ਨੇ ਮਿੰਨੀ ਕਹਾਣੀ ਸ਼ਰਾਧ ਸੁਣਾ ਕੇ ਵਿਅੰਗਾਤਮਕ ਢੰਗ ਨਾਲ ਵਹਿਮਾਂ 'ਤੇ ਤਿੱਖੀ ਚੋਟ ਮਾਰੀ। ਬਲਦੇਵ ਸਿੰਘ ਖੁਰਾਣ ਨੇ ਆਪਣੀ ਨਿਵੇਕਲੀ ਸ਼ੈਲੀ ਵਿੱਚ ਵਿਅੰਗ ਸੁਣਾਇਆ। ਉਹਨਾਂ ਮੰਚ ਸੰਚਾਲਨ ਵੀ ਕੀਤਾ। ਇਕ ਯਾਦਗਾਰੀ ਤਸਵੀਰ ਨਾਲ ਰੌਚਿਕ ਬੋਧਿਕ ਅਤੇ ਉਸਾਰੂ ਸਮਾਗਮ ਬੜੀ ਸਫਲਤਾ ਨਾਲ ਸੰਪੰਨ ਹੋਇਆ।

***

## ਜਲੰਧਰ ਦੇ ਬੈਟਾਂ ਦੀ ਇੰਡਸਟਰੀ

ਲਈ ਪੰਜਾਬ ਤੇ ਕੇਂਦਰ ਸਰਕਾਰ ਨੂੰ ਉਪਰਾਲੇ ਕਰਨੇ ਚਾਹੀਦੇ ਹਨ। ਅਜਿਹੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਇਹ ਉਦਯੋਗ ਮੁੜ ਤੋਂ ਪ੍ਰਫੁਲਿਤ ਹੋ ਸਕਣ। ਕਿਉਂਕਿ ਇਨ੍ਹਾਂ ਉਦਯੋਗਾਂ ਵਿੱਚ ਇਕ ਘਰ ਨਹੀਂ ਬਹੁਤ ਹੀ ਪਰਿਵਾਰ ਜੁੜੇ ਹੋਏ ਹਨ, ਜਿਨ੍ਹਾਂ ਦਾ ਗੁਜ਼ਾਰਾ ਇਨ੍ਹਾਂ ਉਦਯੋਗਾਂ ਵਿੱਚ ਮਿਲਣ ਵਾਲੇ ਰੁਜ਼ਗਾਰ ਰਾਹੀਂ ਹੀ ਚੱਲਦਾ ਹੈ। ਇਸ ਲਈ ਸਰਕਾਰ ਨੂੰ ਅਜਿਹੀਆਂ ਨੀਤੀਆਂ ਤਿਆਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਮੁੜ ਤੋਂ ਉਦਯੋਗ ਪ੍ਰਫੁਲਿਤ ਹੋ ਸਕਣ।

***

## ਸੱਪ ਰੋਬੋਟ ਨੂੰ ਪੁਲਾੜ ਵਿੱਚ ਭੇਜ ਕੇ

ਜਾ ਰਿਹਾ ਹੈ। ਇਹ ਰੋਬੋਟ ਐਨਸੇਲਾਡਸ 'ਤੇ ਜੀਵਨ ਦੇ ਵਧਣ-ਫੁੱਲਣ ਲਈ ਜ਼ਰੂਰੀ ਤੱਤਾਂ ਦੀ ਖੋਜ ਕਰੇਗਾ। ਪੁਲਾੜ ਮਿਸ਼ਨਾਂ ਵਿੱਚ, ਉਹ ਕਿਸੇ ਵੀ ਗ੍ਰਹਿ 'ਤੇ ਛੱਡੇ ਜਾਣ 'ਤੇ ਆਸਾਨੀ ਨਾਲ ਨਮੂਨੇ ਇਕੱਠੇ ਕਰ ਸਕਦੇ ਹਨ।

ਸਵੀਡਨ ਦੀ ਯੂਨੀਵਰਸਿਟੀ ਆਫ਼ ਐਗਰੀਕਲਚਰ ਦੀ ਖੋਜਕਰਤਾ ਐਲਸਾ ਦਾ ਕਹਿਣਾ ਹੈ ਕਿ ਉਹ ਆਪਣੀ ਲਚਕਤਾ ਕਾਰਨ ਕਿਸੇ ਵੀ ਥਾਂ 'ਤੇ ਪਹੁੰਚ ਸਕਦੇ ਹਨ। ਰੋਬੋ ਕੀੜੇ ਘੱਟ ਤੋਂ ਘੱਟ ਜਗ੍ਹਾ ਵਿੱਚ ਮੋੜ ਕੇ ਪਹੁੰਚਦੇ ਹਨ। ਇਨ੍ਹਾਂ ਦੀ ਰੀੜ੍ਹ ਦੀ ਹੱਡੀ ਵਰਗੀ ਕੋਈ ਬਣਤਰ ਨਹੀਂ ਹੁੰਦੀ। ਇਸ ਲਈ ਉਹ ਬਹੁਤ ਲਾਭਦਾਇਕ ਹਨ। ਰੋਬੋ ਦੇ ਕੀੜਿਆਂ ਵਿੱਚ ਜੈੱਲ ਦੀ ਮੌਜੂਦਗੀ ਕਾਰਨ, ਉਹ ਆਸਾਨੀ ਨਾਲ ਅੱਗੇ-ਪਿੱਛੇ ਘੁੰਮ ਸਕਦੇ ਹਨ।

ਰੋਬੋ ਕੀੜੇ ਦੀ ਲੰਬਾਈ ਲਗਭਗ 10 ਸੈਂਟੀਮੀਟਰ ਹੁੰਦੀ ਹੈ। ਇਨ੍ਹਾਂ ਕੀੜਿਆਂ ਨੂੰ ਸੈਂਸਰਾਂ ਨਾਲ ਚਲਾਇਆ ਜਾ ਸਕਦਾ ਹੈ। ਅਮਰੀਕਾ ਦੀ ਨੋਟਰੇ ਯੂਨੀਵਰਸਿਟੀ ਮੁਤਾਬਕ ਇਹ ਰੋਬੋ ਕੀੜੇ ਸੁਰੰਗਾਂ ਖੋਦਣ ਦਾ ਕੰਮ ਵੀ ਕਰ ਸਕਦੇ ਹਨ। ਇਸ ਲਈ ਇਨ੍ਹਾਂ ਦੀ ਵਰਤੋਂ ਮਾਈਨਿੰਗ ਸੈਕਟਰ ਵਿੱਚ ਵੀ ਕੀਤੀ ਜਾ ਸਕਦੀ ਹੈ। ਰੋਬੋ ਕੀੜੇ ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਦੌਰਾਨ ਮਲਬੇ ਦੇ ਢੇਰਾਂ ਵਿੱਚ ਦੱਬੇ ਲੋਕਾਂ ਨੂੰ ਲੱਭਣ ਵਿੱਚ ਬਹੁਤ ਮਦਦਗਾਰ ਹੋ ਸਕਦੇ ਹਨ।

ਵਿਗਿਆਨੀਆਂ ਨੂੰ ਉਮੀਦ ਹੈ ਕਿ ਐਨਸੇਲਾਡਸ ਦੇ ਸਮੁੰਦਰ ਅਤੇ ਗਰਮੀ ਕਾਰਨ ਉਥੇ ਜੀਵਨ ਹੋ ਸਕਦਾ ਹੈ। ਨਾਸਾ ਵੱਲੋਂ ਤਿਆਰ ਕੀਤੇ ਜਾ ਰਹੇ ਸੱਪ ਰੋਬੋਟ ਨੂੰ ਐਕਸੋਬਾਇਓਲੋਜੀ ਐਕਸਟੇਂਟ ਲਾਈਫ ਸਰਵੇਅਰ ਯਾਨੀ ਈਈਐਲਐਸ ਦਾ ਨਾਂ ਦਿੱਤਾ ਗਿਆ ਹੈ। ਰੋਬੋ ਸੱਪ ਐਨਸੇਲਾਡਸ ਦੀ ਬਰਫੀਲੀ ਸਤ੍ਹਾ 'ਤੇ ਜੀਵਨ ਦੇ ਵਧਣ-ਫੁੱਲਣ ਲਈ ਪਾਣੀ ਅਤੇ ਹੋਰ ਜ਼ਰੂਰੀ ਤੱਤ ਲੱਭਣ ਵਿੱਚ ਮਦਦ ਕਰੇਗਾ। ਜੇਕਰ ਇਹ 16 ਫੁੱਟ ਲੰਬਾ ਸੱਪ ਵਰਗਾ ਰੋਬੋਟ ਸਫਲ ਹੋ ਜਾਂਦਾ ਹੈ ਤਾਂ ਇਹ ਹੋਰ ਆਕਾਸ਼ੀ ਗ੍ਰਹਿਆਂ ਅਤੇ ਬਣਤਰਾਂ ਦੇ ਡੂੰਘਾਈ ਨਾਲ ਅਧਿਐਨ ਕਰਨ ਦਾ ਰਾਹ ਵੀ ਖੋਲ੍ਹ ਦੇਵੇਗਾ।

***

## ਰਿਕਾਰਡ ਮਸ਼ੀਨ

ਕੋਈ ਹੋਰ ਖਿਡਾਰੀ ਇਕੱਲਿਆਂ ਨਹੀਂ ਰਿਹਾ ਹੈ। ਆਪਣੇ ਕਰੀਅਰ ਦੌਰਾਨ ਸਚਿਨ ਨੇ 63 ਮੈਨ ਆਫ ਦ ਮੈਚ ਅਵਾਰਡ (62) ਜਿੱਤੇ ਹਨ, ਜੋ ਕਿ ਸਭ ਤੋਂ ਵੱਧ ਹੈ। ਉਸ ਕੋਲ 9 ਅਜਿਹੀਆਂ ਟਰਾਫੀਆਂ ਦੇ ਨਾਲ ਵਿਸ਼ਵ ਕੱਪ ਮੈਚਾਂ ਵਿੱਚ ਸਭ ਤੋਂ ਵੱਧ ਮੈਨ ਆਫ਼ ਦਾ ਮੈਚ ਪੁਰਸਕਾਰ ਵੀ ਹੈ। ਸਨਥ ਜੈਸੂਰੀਆ 48 ਪੁਰਸਕਾਰਾਂ ਨਾਲ ਦੂਜੇ ਸਥਾਨ 'ਤੇ ਹਨ।

ਇਹ ਇੱਕ ਅਜਿਹਾ ਰਿਕਾਰਡ ਹੈ ਜੋ ਦੱਸਦਾ ਹੈ ਕਿ ਸਚਿਨ ਸਿਰਫ਼ ਨਿੱਜੀ ਰਿਕਾਰਡਾਂ ਬਾਰੇ ਹੀ ਨਹੀਂ ਸਨ ਅਤੇ ਆਪਣੇ ਦੇਸ਼ ਲਈ ਰਿਕਾਰਡ ਗਿਣਤੀ ਵਿੱਚ ਮੈਚ ਜਿੱਤੇ ਸਨ। ਅਤੇ ਇਹ ਵੀ ਇੱਕ ਅਜਿਹਾ ਰਿਕਾਰਡ ਹੈ ਜੋ ਕਦੇ ਵੀ ਜਲਦੀ ਨਹੀਂ ਟੁੱਟੇਗਾ।

### ਜ਼ਿਆਦਾਤਰ 90 ਦੌੜਾਂ

ਹਾਲਾਂਕਿ ਸਚਿਨ ਨੇ ਸੈਂਕੜੇ ਦਾ ਸੈਂਕੜਾ ਲਗਾਇਆ ਹੈ, ਜੇਕਰ ਉਹ ਖੇਡ ਵਿੱਚ ਸਭ ਤੋਂ ਵੱਧ 90 ਦੌੜਾਂ ਬਣਾਉਣ ਦਾ ਰਿਕਾਰਡ ਨਾ ਰੱਖਦਾ ਤਾਂ ਉਹ ਹੋਰ ਵੀ ਕਈ ਦੌੜਾਂ ਬਣਾ ਸਕਦਾ ਸੀ। ਸਚਿਨ ਨੇ 90 ਦੇ ਦਹਾਕੇ 'ਚ 18 ਵਾਰ ਵਨਡੇ 'ਚ ਅਤੇ 10 ਵਾਰ ਟੈਸਟ 'ਚ ਦੌੜਾਂ ਬਣਾਈਆਂ ਹਨ। ਉਸ ਨੇ ਅੰਤਰਰਾਸ਼ਟਰੀ ਕ੍ਰਿਕਟ ਵਿੱਚ 90 ਦੇ ਦਹਾਕੇ ਵਿੱਚ ਸਭ ਤੋਂ ਵੱਧ ਆਊਟ ਹੋਣ ਦਾ ਰਿਕਾਰਡ (28) ਰੱਖਿਆ।

ਜਦੋਂ ਕਿ ਬਹੁਤ ਸਾਰੇ ਇਸ ਨੂੰ ਨਰਵਸ ਨਾਈਨਟੀਜ਼ ਕਹਿੰਦੇ ਹਨ, ਸਚਿਨ ਦੀਆਂ ਕੁਝ ਮਹਾਨ ਮੈਚ ਜੇਤੂ ਪਾਰੀਆਂ 90 ਦੇ ਦਹਾਕੇ ਵਿੱਚ ਸਨ। ਇਸ ਵਿੱਚ ਦੱਖਣੀ ਅਫ਼ਰੀਕਾ ਵਿੱਚ 2003 ਵਿਸ਼ਵ ਕੱਪ ਦੌਰਾਨ ਪਾਕਿਸਤਾਨ ਖ਼ਿਲਾਫ਼ 75 ਗੇਂਦਾਂ ਵਿੱਚ 98 ਦੌੜਾਂ ਦੀ ਸ਼ਾਨਦਾਰ ਪਾਰੀ ਵੀ ਸ਼ਾਮਲ ਹੈ।

### ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਦੌੜਾਂ

ਵਿਸ਼ਵ ਕੱਪ ਵਿੱਚ ਸਚਿਨ ਤੇਂਦੁਲਕਰ ਦਾ ਰਿਕਾਰਡ ਕਿਸੇ ਤੋਂ ਪਿੱਛੇ ਨਹੀਂ ਹੈ। ਉਸਨੇ 1992 ਤੋਂ 2011 ਤੱਕ ਰਿਕਾਰਡ ਛੇ ਵਿਸ਼ਵ ਕੱਪ ਖੇਡੇ। ਮੈਗਾ ਈਵੈਂਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਦਾ ਰਿਕਾਰਡ ਵੀ ਉਸਦੇ ਨਾਮ ਹੈ। ਸਚਿਨ ਨੇ 56.95 ਦੀ ਔਸਤ ਨਾਲ ਵਿਸ਼ਵ ਕੱਪ ਵਿੱਚ 2,278 ਦੌੜਾਂ ਬਣਾਈਆਂ ਹਨ।

ਇਨ੍ਹਾਂ ਵਿਸ਼ਵ ਕੱਪਾਂ ਦੌਰਾਨ, ਉਹ ਦੋ ਵਾਰ ਫਾਈਨਲ ਖੇਡਿਆ ਅਤੇ ਅੰਤ ਵਿੱਚ 2011 ਵਿੱਚ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿੱਚ ਟਰਾਫੀ ਜਿੱਤੀ। ਸਚਿਨ ਨੇ ਵਿਸ਼ਵ ਕੱਪ 'ਚ 6 ਸੈਂਕੜੇ ਅਤੇ 15 ਅਰਧ ਸੈਂਕੜੇ ਲਗਾਏ ਹਨ।

ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਦੂਜੇ ਨੰਬਰ 'ਤੇ ਰਿਕੀ ਪੋਂਟਿੰਗ 1743 ਦੌੜਾਂ ਦੇ ਨਾਲ ਹੈ ਅਤੇ ਸਿਖਰਲੇ 10 ਵਿੱਚ ਸਿਰਫ਼ ਸ਼ਾਕਿਬ ਅਲ ਹਸਨ ਹੀ ਅਜਿਹਾ ਖਿਡਾਰੀ ਹੈ ਜੋ ਹੁਣ ਇੱਕ ਸਰਗਰਮ ਕ੍ਰਿਕਟਰ ਹੈ। ਇਸ ਲਈ, ਇਹ ਵੀ ਇੱਕ ਅਜਿਹਾ ਰਿਕਾਰਡ ਹੈ ਜਿਸ ਦੇ ਟੁੱਟਣ ਦੀ ਸੰਭਾਵਨਾ ਬਹੁਤ ਘੱਟ ਹੈ।

***

## ਆਸਟ੍ਰੇਲੀਆ ਨਹੀਂ ਜਾਣਗੇ ਅਮਰੀਕੀ ਰਾਸ਼ਟਰਪਤੀ

ਕਿਸੇ ਅਮਰੀਕੀ ਰਾਸ਼ਟਰਪਤੀ ਦੀ ਪਾਪੂਆ ਨਿਊ ਗਿਨੀ ਦੀ ਇਹ ਪਹਿਲੀ ਅਧਿਕਾਰਤ ਯਾਤਰਾ ਹੋਣੀ ਸੀ। 90 ਲੱਖ ਦੀ ਆਬਾਦੀ ਵਾਲਾ ਦੇਸ਼ ਇਸ ਦੌਰੇ ਨੂੰ ਲੈ ਕੇ ਕਾਫੀ ਉਤਸ਼ਾਹਿਤ ਸੀ। ਜਿਥੇ ਬਿਡੇਨ ਨੇ ਪੈਸੀਫਿਕ ਆਈਲੈਂਡਜ਼ ਫੋਰਮ ਦੇ ਨੇਤਾਵਾਂ ਨਾਲ ਗਲਬਾਤ ਕਰਨੀ ਸੀ। ਅਲਬਾਨੀਜ਼ ਨੇ ਏਬੀਸੀ ਰੇਡੀਓ ਨੂੰ ਦੱਸਿਆ ਕਿ ਉਨ੍ਹਾਂ ਨੇ ਬਿਡੇਨ ਨਾਲ ਲੰਬੀ ਗੱਲਬਾਤ ਕੀਤੀ ਅਤੇ ਅਮਰੀਕੀ ਰਾਸ਼ਟਰਪਤੀ ਦੇ ਨਾ ਆਉਣ 'ਤੇ ਨਿਰਾਸ਼ਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਬਿਡੇਨ ਜਾਪਾਨ ਵਿੱਚ ਹੋਰ ਤਿੰਨ ਕਵਾਡ ਆਗੂਆਂ ਨੂੰ ਮਿਲਣ ਦੀ ਕੋਸ਼ਿਸ਼ ਕਰਨਗੇ।



## ਧਾਰਮਿਕ ਫਾਸ਼ੀਵਾਦ, ਨਿਰਕੁੰਸ਼ ਸੱਤਾ

ਹੈ। ਬੋਲੀ ਦਾ ਹਿੰਦੀਕਰਨ, ਸੱਭਿਆਚਾਰ ਦਾ ਹਿੰਦੀਕਰਨ, ਧਰਮ ਦੀ ਵਿਗੜੀ ਵਿਆਖਿਆ, ਸਿੱਖ ਵਿਦਵਾਨਾਂ ਲਈ ਵਿਕਾਸ ਦੇ ਸਾਰੇ ਰਾਹ ਬੰਦ ਕਰਨੇ, ਕੌਮ ਨੂੰ ਸਮੁੱਚੇ ਤੌਰ ’ਤੇ ਰਾਜਨੀਤਕ ਵਿਸ਼ ਨਾਲ ਲਬਰੇਜ਼ ਕਰ ਦੇਣਾ, ਆਰਥਿਕ ਤਬਾਹੀ ਦੇ ਸੂਖਮ ਯਤਨ, ਮੀਡੀਆ ’ਤੇ ਕੰਟਰੋਲ ਅਤੇ ਵੱਖਰੇ ਵਿਚਾਰ ਰੱਖਣ ਵਾਲਿਆਂ ਦੀ ਮੀਡੀਆ ਵਿਚੋਂ ਨਿਕਾਸੀ ਜਾਂ ਦਾਖਲਾ ਬੰਦ, ਗੁਰਬਾਣੀ ਦੀ ਭਾਰਤੀ ਨੇਸ਼ਨ ਸਟੇਟ ਦੇ ਹਿੱਤ ਬਹਿੰਦੀ ਵਿਆਖਿਆ ਅਤੇ ਇਸਦੇ ਨਾਲ ਹੀ ਹੋਰ ਬਹੁਤ ਸਾਰੇ ਮੋਰਚੇ ਹਨ ਜਿਨ੍ਹਾਂ ’ਤੇ ਲਗਾਤਾਰ ਕੰਮ ਹੋ ਰਿਹਾ ਹੈ। ਇਨ੍ਹਾਂ ਸਾਰੇ ਯਤਨਾਂ ਦਾ ਮਕਸਦ ਵਨਸਵੰਨਤਾ ਵਾਲੇ ਸਭਿਆਚਾਰਾਂ ਨੂੰ ਖਤਮ ਕਰਨਾ ਹੈ। ਸੋ ਇਸ ਸੰਬੰਧ ਵਿਚ ਘੱਟ ਗਿਣਤੀ ਕੌਮਾਂ ,ਦਲਿਤਾਂ , ਪਛੜਿਆਂ ਨੂੰ ਇਕ ਮੰਚ ਸਿਰਜਕੇ ਸਿਆਸੀ ਵਾਤਾਵਰਨ ਬਦਲਣ ਦੀ ਲੋੜ ਹੈ।

***

## ਕੀ ਮੀਡੀਆ ਸੱਚਮੁੱਚ

ਇਸ ਵਿੱਚ ਇਲੈਕਟ੍ਰਾਨਿਕ ਮੀਡੀਆ ਵੀ ਸ਼ਾਮਲ ਹੈ। ਇਸ ਮਾਧਿਅਮ ਦੀ ਸੁਤੰਤਰਤਾ ਲੋਕਤੰਤਰ ਲਈ ਮਹੱਤਵਪੂਰਨ ਹੈ।

ਅਸਲੀਅਤ ਤਾਂ ਇਹ ਹੈ ਕਿ ਅੱਜ ਮੀਡੀਆ ਦੀ ਆਜ਼ਾਦੀ ਨੂੰ ਸਭ ਤੋਂ ਵੱਡਾ ਖ਼ਤਰਾ ਇਸ਼ਤਿਹਾਰ ਦੇਣ ਵਾਲਿਆਂ ਤੋਂ ਹੈ। ਇਸ਼ਤਿਹਾਰਾਂ ਦਾ ਸਭ ਤੋਂ ਵੱਡਾ ਸਰੋਤ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਹਨ। ਉਹ ਉਨ੍ਹਾਂ ਲੋਕਾਂ ਨੂੰ ਇਸ਼ਤਿਹਾਰ ਨਹੀਂ ਦਿੰਦੇ ਜੋ ਸਰਕਾਰ ਦੀਆਂ ਨੀਤੀਆਂ ਦਾ ਸਮਰਥਨ ਨਹੀਂ ਕਰਦੇ। ਸਰਕਾਰ ਦੀਆਂ ਨੀਤੀਆਂ ਦਾ ਸਾਥ ਨਾ ਦੇਣ ਵਾਲਿਆਂ ਨੂੰ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸੇ ਲਈ ਅੱਜਕੱਲ੍ਹ ਬਹੁਤਾ ਮੀਡੀਆ ਸਰਕਾਰ ਦੇ ਸਿੰਗ ਬਣ ਗਿਆ ਹੈ।

ਜਮਹੂਰੀਅਤ ਦੀ ਰਾਖੀ ਲਈ ਜ਼ਰੂਰੀ ਹੈ ਕਿ ਇਸ਼ਤਿਹਾਰਾਂ ਦੀ ਵੰਡ ਦਾ ਕੰਮ ਕੋਈ ਸੁਤੰਤਰ ਏਜੰਸੀ ਕਰੇ। ਕੇਂਦਰ ਅਤੇ ਰਾਜ ਸਰਕਾਰਾਂ ਦੇ ਸਾਰੇ ਇਸ਼ਤਿਹਾਰ ਉਸ ਦੁਆਰਾ ਨਿਰਧਾਰਤ ਨਿਯਮਾਂ ਅਨੁਸਾਰ ਵੰਡੇ ਜਾਣੇ ਚਾਹੀਦੇ ਹਨ।

ਇਸ ਤੋਂ ਵੀ ਵੱਡਾ ਖ਼ਤਰਾ ਮੀਡੀਆ ਦੀ ਮਲਕੀਅਤ ਹੈ। ਬਹੁਤੇ ਮਾਲਕ ਆਪਣੇ ਸਨਅਤੀ ਹਿੱਤਾਂ ਦੀ ਪੂਰਤੀ ਲਈ ਸਰਕਾਰ ਅੱਗੇ ਆਤਮ ਸਮਰਪਣ ਕਰ ਦਿੰਦੇ ਹਨ। ਉਨ੍ਹਾਂ ਨੂੰ ਇਸ਼ਤਿਹਾਰ ਮਿਲੇ ਜਾਂ ਨਾ ਮਿਲੇ, ਵਿਕਰੀ ਵਧੇ ਜਾਂ ਨਾ, ਉਹ ਲੋਕ ਹਿੱਤਾਂ ਦੀ ਬਜਾਏ ਸਰਕਾਰ ਨੂੰ ਖ਼ੁਸ਼ ਰੱਖਣਾ ਚਾਹੁੰਦੇ ਹਨ। ਇਸੇ ਤਰ੍ਹਾਂ ਸਨਅਤਕਾਰਾਂ ਨੇ ‘ਅੰਨਾ ਅੰਦੋਲਨ’ ਦੌਰਾਨ ‘ਹਰ ਹਰ ਮੋਦੀ’ ਦਾ ਪ੍ਰਚਾਰ ਕਰਕੇ ਅਡਵਾਨੀ ਜੀ ਨੂੰ ਪਿੱਛੇ ਕਰ ਦਿੱਤਾ। ਮੀਡੀਆ ਅਤੇ ਜਮਹੂਰੀਅਤ ਦੇ ਭਲੇ ਲਈ ਜ਼ਰੂਰੀ ਹੈ ਕਿ ਮੀਡੀਆ ਉਦਯੋਗ ’ਤੇ ਪੂੰਜੀਪਤੀਆਂ ਦਾ ਕੰਟਰੋਲ ਖਤਮ ਕੀਤਾ ਜਾਵੇ।

ਇਹ ਠੀਕ ਹੈ ਕਿ ਬੁੱਧੀਜੀਵੀ ਅਤੇ ਆਲੋਚਕ ਭਾਰਤੀ ਮੀਡੀਆ ਦੀ ਪੂਰਨ ਆਜ਼ਾਦੀ ਦਾ ਢਿੰਡੋਰਾ ਪਿੱਟਦੇ ਰਹਿੰਦੇ ਹਨ ਪਰ ਕੀ ਕਦੇ ਇਹ ਵੀ ਸੋਚਿਆ ਹੈ ਕਿ ਭਾਰਤੀ ਮੀਡੀਆ ਦੇ ਸੀਨੀਅਰ ਪੱਤਰਕਾਰ ਜਾਂ ਸੰਪਾਦਕ ਸਰਕਾਰ ਜਾਂ ਇਸ਼ਤਿਹਾਰਦਾਤਾਵਾਂ ਤੋਂ ਆਜ਼ਾਦ ਹੋਣਾ ਵੀ ਚਾਹੁੰਦੇ ਹਨ ਜਾਂ ਨਹੀਂ ?

ਅਸਲ ਵਿੱਚ ਦੁਨੀਆ ਭਰ ਦਾ ਮੀਡੀਆ ਕਾਰਪੋਰੇਟਾਂ ਦੇ ਹੱਥਾਂ ਵਿੱਚ ਹੈ, ਜਿਨ੍ਹਾਂ ਦਾ ਇੱਕੋ ਇੱਕ ਉਦੇਸ਼ ਵੱਧ ਤੋਂ ਵੱਧ ਮੁਨਾਫ਼ਾ ਕਮਾਉਣਾ ਹੈ। ਅਸਲ ਵਿੱਚ ਪ੍ਰੈਸ ਦੀ ਆਜ਼ਾਦੀ ਬਿਲਕੁਲ ਨਹੀਂ ਹੈ। ਵੱਡੇ ਪੱਤਰਕਾਰ ਮੋਟੀਆਂ ਤਨਖ਼ਾਹਾਂ ਲੈਂਦੇ ਹਨ ਅਤੇ ਇਸੇ ਕਰਕੇ ਉਹ ਫੈਨਸੀ ਜੀਵਨ ਸ਼ੈਲੀ ਦੇ ਆਦੀ ਹੋ ਗਏ ਹਨ। ਉਹ ਇਸ ਨੂੰ ਗੁਆਉਣਾ ਨਹੀਂ ਚਾਹੁਣਗੇ ਅਤੇ ਇਸ ਲਈ ਉਹ ਆਪਣੇ ਆਕਾਵਾਂ ਦੇ ਹੁਕਮਾਂ ਦੀ ਪਾਲਣਾ ਕਰਦੇ ਹਨ ।ਹੁਣ ਤੁਸੀਂ ਹੀ ਸੋਚੋ ਕਿ ਅਜਿਹੇ ਮਾਹੌਲ ਵਿੱਚ ਕਿਸ ਤਰਾਂ ਭਾਰਤੀ ਮੀਡੀਆ ਆਪਣੀ ਆਜ਼ਾਦ ਭੂਮਿਕਾ ਨਿਭਾਅ ਸਕਦਾ ਹੈ। ਪਿਛਲੇ ਕੁਝ ਸਮੇਂ ਦੌਰਾਨ ਸੱਚ ਬੋਲਣ ਵਾਲੇ ਕੁਝ ਨਾਮੀ ਪੱਤਰਕਾਰਾਂ ਦੇ ਕਤਲਾਂ ਨਾਲ ਪੱਤਰਕਾਰਾਂ ਵਿੱਚ ਦਹਿਸ਼ਤ ਵੀ ਫੈਲੀ, ਜਿਸ ਕਰਕੇ ਵੱਡੀ ਗਿਣਤੀ ਪੱਤਰਕਾਰ ਸੱਚ ਨੂੰ ਲਿਖਣ ਲਗਿਆ ਡਰਨ ਲੱਗੇ ਹਨ।ਇਸ ਕਰਕੇ ਹੀ ਭਾਰਤ ਦੇ ਵੱਡੀ ਗਿਣਤੀ ਪੱਤਰਕਾਰ ਸਰਕਾਰ ਵੱਲੋਂ ਉਸਾਰੀ ਕੰਧ ਦੇ ਉਰਲੇ ਪਾਸੇ ਹੀ ਵੇਖ ਰਹੇ ਹਨ ਅਤੇ ਉਹਨਾਂ ਵਿੱਚ ਕੰਧ ਦੇ ਪਰਲੇ ਪਾਸੇ ਵੇਖਣ ਦੀ ਹਿੰਮਤ ਨਹੀਂ ਹੈ, ਜਿਸ ਕਾਰਨ ਪੱਤਰਕਾਰੀ ਦੇ ਮਿਆਰ ’ਤੇ ਸਵਾਲ ਉਠ ਰਹੇ ਹਨ। ਪਹਿਲਾਂ ਸਰਕਾਰ ਵੱਲੋਂ ਦਿਤੇ ਜਾਂਦੇ ਇਸ਼ਤਿਹਾਰਾਂ ਦੀ ਪੱਤਰਕਾਰਾਂ ਵੱਲੋਂ ਪਰਖ ਪੜਚੋਲ ਕੀਤੀ ਜਾਂਦੀ ਸੀ ਅਤੇ ਵੱਖ- ਵੱਖ ਮੁੱਦਿਆਂ ’ਤੇ ਪੱਤਰਕਾਰਾਂ ਵੱਲੋਂ ਸਰਕਾਰ ਵੱਲੋਂ ਜਾਰੀ ਇਸ਼ਤਿਹਾਰਾਂ ਦੀ ਸੱਚਾਈ ’ਤੇ ਵੀ ਟਿੱਪਣੀਆਂ ਕੀਤੀਆਂ ਜਾਂਦੀਆਂ ਸਨ, ਪਰ ਅੱਜ ਦੇ ਸਮੇਂ ਵਿੱਚ ਇਸ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਇਹ ਠੀਕ ਹੈ ਕਿ ਹਰ ਮੀਡੀਆ ਅਦਾਰੇ ਅਤੇ ਅਖ਼ਬਾਰਾਂ ਲਈ ਸਰਕਾਰੀ ਇਸ਼ਤਿਹਾਰ ਬਹੁਤ ਜ਼ਰੂਰੀ ਹੁੰਦੇ ਹਨ ਪਰ ਇਸਦੇ ਨਾਲ ਮੀਡੀਆ ਨੂੰ ਆਪਣੀ ਨਿਰਪੱਖਤਾ ਨੂੰ ਕਾਇਮ ਜ਼ਰੂਰ ਰੱਖਣਾ ਚਾਹੀਦਾ ਹੈ।ਮੀਡੀਆ ਨੂੰ ਚਾਹੀਦਾ ਹੈ ਕਿ ਉਹ ਹਰ ਹਰ ਮਸਲੇ ਅਤੇ ਹਰ ਮੁੱਦੇ ਸਬੰਧੀ ਆਪਣੀ ਨਿਰਪੱਖ ਸੋਚ ਦਾ ਪ੍ਰਗਟਾਵਾ ਕਰੇ ਅਤੇ ਮੀਡੀਆ ਨੂੰ ਸਹੀ ਮਾਅਨਿਆਂ ਵਿੱਚ ਆਜ਼ਾਦ ਰਖਿਆ ਜਾਵੇ।

***

## ਨਵੀਂ ਦੁਨੀਆਂ

ਉਸ ਨੇ ਅਗੋਂ ਕੀ ਕਰਨਾ ਹੈ, ਰਾਤ ਤਕ ਉਹ ਸੋਚਦਾ ਰਿਹਾ, ਪਰ ਸੁਝਿਆ ਕੁਝ ਨਾ ਤੇ ਅਖ਼ੀਰ ਇਹ ਫ਼ੈਸਲਾ ਕੀਤਾ ਕਿ ਅਜੇ ਦਫ਼ਤਰ ਹੀ ਜਾਓ ਤੇ ਜਦੋਂ ਕਦੀ ਹੋਰ ਕੋਈ ਕੰਮ ਸੁੱਝੇਗਾ ਤਾਂ ਨੌਕਰੀ ਛੱਡ ਦੇਵਾਂਗਾ।ਅਗਲੀ ਸਵੇਰ ਦਫ਼ਤਰ ਜਾਂਦਿਆਂ ਮਦਨ ਦੇ ਦਿਲ ਵਿੱਚ ਡਰ ਸੀ ਕਿ ਕਲ ਦੀ ਗ਼ੈਰ ਹਾਜ਼ਰੀ ਦਾ ਕੀ ਬਣੇਗਾ ? ਦਫ਼ਤਰ ਵਿੱਚ ਵੀ ਉਸ ਦੇ ਮਿੱਤਰਾਂ ਦੇ ਦਿਲ ਵਿੱਚ ਘਬਰਾਹਟ ਸੀ ਕਿ ਪਤਾ ਨਹੀਂ ਮਦਨ ਨੂੰ ਕੀ ਸਜ਼ਾ ਮਿਲੇ। ਸਾਢੇ ਦਸ ਵਜੇ ਮਦਨ ਨੂੰ ਸੁਪਰਿਟੈਂਡੈਂਟ ਵਲੋਂ ਸੱਦਾ ਆ ਗਿਆ।

ਸੁਪਰੈਟੈਂਡੈਂਟ ਸਾਹਿਬ ਆਪਣੇ ਦਫ਼ਤਰ ਵਿੱਚ ਕੁਰਸੀ ਨਾਲ ਢੋ ਲਾਈ ਖੜੇ ਸਨ। ਹੱਥ ਵਿੱਚ ਉਨ੍ਹਾਂ ਮਘਿਆ ਹੋਇਆ ਸਿਗਰਟ ਫੜਿਆ ਹੋਇਆ ਸੀ।

“ਕਲ ਕਿਉਂ ਨਹੀਂ ਆਏ ਤੁਸੀਂ ?”

ਮਦਨ ਚੁਪ ਸੀ, “ਇਹ ਵੀ ਤੇ ਆਖ਼ਰ ਸਰਕਾਰੀ ਦਫ਼ਤਰ ਹੈ, ਇਹ ਤੇ ਨਹੀਂ ਨਾ ਹੋ ਸਕਦਾ ਕਿ ਜਦੋਂ ਮਰਜ਼ੀ ਹੋਵੇ ਆ ਜਾਉ ਤੇ ਜਦੋਂ ਮਰਜ਼ੀ ਹੋਵੇ ਨਾ ਆਓ।” “ਜੀ, ਇਕ ਵਾਰੀ ਮੇਰਾ ਕਸੂਰ ਮੁਆਫ਼ ਕੀਤਾ ਜਾਏ”, ਮਦਨ ਨੇ ਬੜੇ ਅੌਖੇ ਹੋ ਕੇ ਸੰਘੋਂ ਆਵਾਜ਼ ਕੱਢੀ, ਪਰ ਉਸ ਦਾ ਅੰਦਰ ਘਿਰ ਰਿਹਾ ਸੀ। ਉਸ ਨੂੰ ਇਸ ਤਰ੍ਹਾਂ ਲਗਦਾ ਸੀ ਜਿਵੇਂ ਉਸ ਨੂੰ ਬੜੀ ਤੇਹ ਲਗੀ ਹੋਈ ਹੈ ਤੇ ਜੇ ਝਟ ਪਟ ਪਾਣੀ ਨਾ ਮਿਲਿਆ ਤਾਂ ਉਹ ਖੜਾ ਨਹੀਂ ਰਹਿ ਸਕੇਗਾ।

“ਕਸੂਰ ਮੁਆਫ ਕਰਨਾ ਤੇ ਮੇਰੇ ਵੱਸ ਦੀ ਗੱਲ ਨਹੀਂ, ਤੈਨੂੰ ਪਤਾ ਹੈ ਕਿ ਮੈਂ ਤੈਨੂੰ ਸੀਨੀਅਰ ਕਲਰਕ ਬਣਾਏ ਜਾਣ ਲਈ ਸਿਫ਼ਾਰਸ਼ ਕੀਤੀ ਸੀ। ਉਹ ਗੱਲ ’ਤੇ ਹੁਣ ਗਈ। ਤੈਨੂੰ ਸਜ਼ਾ ਕੀ ਮਿਲਣੀ ਹੈ ਇਹ ਫ਼ੈਸਲਾ ਡਿਪਟੀ ਸੈਕਰੇਟਰੀ ਸਾਹਿਬ ਨੇ ਕਰਨਾ ਹੈ। ਪਰ ਮੁਸ਼ਕਲ ਹੈ ਤੇ ਇਹ ਹੈ ਕਿ ਇਨ੍ਹਾਂ ਕੱਚੀਆਂ ਨੌਕਰੀਆਂ ਵਿੱਚ ਅਫ਼ਸਰ ਜੋ ਸਜ਼ਾ ਚਾਹੇ ਦੇ ਸਕਦਾ ਹੈ। ਨੌਕਰੀਉਂ ਜਵਾਬ ਮਿਲ ਜਾਣਾ ਕੋਈ ਵੱਡੀ ਗੱਲ ਨਹੀਂ। ਮੈਂ ਹੈਰਾਨ ਹਾਂ ਕਿ ਤੁਸਾਂ ਲੋਕਾਂ ਨੂੰ ਆਪਣੇ ਆਪ ਦਾ ਆਪਣੇ ਬਾਲ ਬੱਚੇ ਦਾ ਰਤੀ ਫ਼ਿਕਰ ਨਹੀਂ।”

ਮਦਨ ਦੇ ਲੱਤਾਂ ਪੈਰ ਨਿਘਰ ਚੁਕੇ ਸਨ। ਉਸ ਨੂੰ ਆਪਣੇ ਸਾਹਮਣੇ ਹਨੇਰਾ ਲਗ ਰਿਹਾ ਸੀ। ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਸ ਦੀ ਛਾਤੀਂ ਵਿਚੋਂ ਕਿਸੇ ਰੁੱਗ ਭਰ ਕੇ ਆਂਦਰਾਂ ਕੱਢ ਲਈਆਂ ਹੋਣ ਤੇ ਉਸ ਦਾ ਸਾਰਾ ਦਿਲ ਨਚੋੜ ਲਿਆ ਹੋਵੇ। ਉਹ ਢਹਿਣ ਲੱਗਾ ਪਰ ਸੁਪਰਿਟੈਂਡੈਂਟ ਸਾਹਿਬ ਦੇ ਦੋਹਾਂ ਮੋਢਿਆਂ ਨੂੰ ਹੱਥ ਪਾ ਕੇ ਉਨ੍ਹਾਂ ਦੀ ਛਾਤੀ ਤੇ ਢੋ ਲਾ ਕੇ ਡਿਗਨੋਂ ਬਚ ਗਿਆ। ਉਸ ਨੂੰ ਏਨਾ ਸਮਝਣ ਦੀ ਹੋਸ਼ ਅਜੇ ਬਾਕੀ ਸੀ ਕਿ ਇਸ ਤਰ੍ਹਾਂ ਖੜੇ ਹੋਣਾ ਬੜੀ ਬਦਤਮੀਜ਼ੀ ਹੈ, ਪਰ ਉਹ ਭੋਂ ਤੇ ਡਿਗਣਾ ਨਹੀਂ ਚਾਹੁੰਦਾ ਸੀ।

## ਸਾਲ 2019 ਤੋਂ ਬਾਅਦ ਨਹੀਂ ਦਿਤਾ ਗਿਆ

ਪ੍ਰਾਪਤਕਰਤਾ’ ਲਿਖ ਸਕਦਾ ਹੈ।

**ਕਿਹੋ ਜਿਹਾ ਲੱਗਦਾ ਹੈ ਮੈਡਲ ?**

ਮੈਡਲ ਵਿੱਚ ਪਿੱਪਲ ਦੇ ਪੱਤੇ ਉੱਤੇ ਪਲੈਟੀਨਮ ਦਾ ਬਣਿਆ ਚਮਕਦਾ ਸੂਰਜ ਹੈ। ਪੱਤੇ ਦਾ ਕਿਨਾਰਾ ਵੀ ਪਲੈਟੀਨਮ ਦਾ ਹੁੰਦਾ ਹੈ। ਇਸ ਦੇ ਤਹਿਤ ਸਿਲਵਰ ’ਚ ਹਿੰਦੀ ’ਚ ਭਾਰਤ ਰਤਨ ਲਿਖਿਆ ਜਾਂਦਾ ਹੈ।ਇਸਦੇ ਉਲਟੇ ਪਾਸੇ ਅਸ਼ੋਕ ਪਿੱਲਰ ਦੇ ਹੇਠਾਂ ਹਿੰਦੀ ਵਿੱਚ ਸੱਤਿਆਮੇਵ ਜਯਤੇ ਲਿਖਿਆ ਹੋਇਆ ਹੈ।

**ਭਾਰਤ ਰਤਨ ਨਾਲ ਜੁੜੀਆਂ ਜ਼ਰੂਰੀ ਗੱਲਾਂ**

ਭਾਰਤ ਰਤਨ ਜਾਂ ਤਾਂ ਜੀਵਨ ਕਾਲ ਦੌਰਾਨ ਜਾਂ ਮਰਨ ਉਪਰੰਤ ਦਿੱਤਾ ਜਾਂਦਾ ਹੈ।2013 ਵਿੱਚ ਪਹਿਲੀ ਵਾਰ, ਖੇਡਾਂ ਦੇ ਖੇਤਰ ਵਿੱਚ ਸਭ ਤੋਂ ਵੱਧ ਯੋਗਦਾਨ/ਪ੍ਰਦਰਸ਼ਨ ਲਈ ਭਾਰਤ ਰਤਨ ਦੇਣ ਦਾ ਫੈਸਲਾ ਕੀਤਾ ਗਿਆ ਸੀ।

ਇਸ ਤੋਂ ਬਾਅਦ 2014 ਵਿੱਚ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ਇਹ ਸਨਮਾਨ ਦਿੱਤਾ ਗਿਆ।

ਇਹ ਪੁਰਸਕਾਰ ਗੈਰ-ਭਾਰਤੀਆਂ ਨੂੰ ਵੀ ਦਿੱਤਾ ਜਾ ਸਕਦਾ ਹੈ। ਮਦਰ ਟੈਰੇਸਾ ਨੂੰ 1980 ਵਿੱਚ ਭਾਰਤ ਰਤਨ ਦਿੱਤਾ ਗਿਆ ਸੀ। ਆਜ਼ਾਦੀ ਘੁਲਾਟੀਏ ਖਾਨ ਅਬਦੁਲ ਗੱਫਾਰ ਖਾਨ (ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਪੈਦਾ ਹੋਏ ਅਤੇ ਬਾਅਦ ਵਿੱਚ ਪਾਕਿਸਤਾਨ ਚਲੇ ਗਏ) ਅਤੇ ਦੱਖਣੀ ਅਫਰੀਕਾ ਦੇ ਸਾਬਕਾ ਰਾਸ਼ਟਰਪਤੀ ਨੈਲਸਨ ਮੰਡੇਲਾ ਨੂੰ ਵੀ ਇਸ ਸਨਮਾਨ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਕਿਸੇ ਇੱਕ ਸਾਲ ਵਿੱਚ ਵੱਧ ਤੋਂ ਵੱਧ ਤਿੰਨ ਭਾਰਤ ਰਤਨ ਦਿੱਤੇ ਜਾ ਸਕਦੇ ਹਨ।

ਇਸ ਸਬੰਧੀ ਸਿਰਫ਼ ਸਰਟੀਫਿਕੇਟ ਅਤੇ ਮੈਡਲ ਹੀ ਦਿੱਤੇ ਜਾਂਦੇ ਹਨ। ਕੋਈ ਫੰਡ ਪ੍ਰਾਪਤ ਨਹੀਂ ਹੁੰਦਾ।

**ਭਾਰਤ ਰਤਨ ਪੁਰਸਕਾਰ ਦਾ ਸਿਆਸੀਕਰਨ ?**

ਸਰਕਾਰਾਂ ਸਾਲਾਂ ਤੋਂ ਭਾਰਤ ਰਤਨ ਦੇਣ ਦੇ ਫੈਸਲੇ ਵਿੱਚ ਸਿਆਸੀ ਨਫਾ-ਨੁਕਸਾਨ ਦੇਖ ਰਹੀਆਂ ਹਨ, ਇਸ ਦੀਆਂ ਕਈ ਉਦਾਹਰਣਾਂ ਮਿਲ ਸਕਦੀਆਂ ਹਨ। ਆਰਟੀਆਈ ਕਾਰਕੁੰਨ ਅਤੇ ਖੇਡ ਪ੍ਰੇਮੀ ਹੇਮੰਤ ਦੂਬੇ ਦਾ ਕਹਿਣਾ ਹੈ ਕਿ ਦਰਅਸਲ, ਭਾਰਤ ਰਤਨ ਪੁਰਸਕਾਰ ਦਾ ਵੀ ਸਿਆਸੀਕਰਨ ਹੋ ਗਿਆ ਹੈ। ਜਦੋਂ ਭਾਰਤੀ ਜਨਤਾ ਪਾਰਟੀ ਨੇ ਮਹਾਰਾਸ਼ਟਰ ਚੋਣਾਂ ਵਿੱਚ ਆਪਣੇ ਚੋਣ ਮਨੋਰਥ ਪੱਤਰ ਵਿੱਚ ਲਿਖਿਆ ਸੀ ਕਿ ਜੇਕਰ ਵੀਰ ਸਾਵਰਕਰ ਚੋਣ ਜਿੱਤ ਗਏ ਤਾਂ ਉਨ੍ਹਾਂ ਨੂੰ ਭਾਰਤ ਰਤਨ ਦਿੱਤਾ ਜਾਵੇਗਾ।

***

## ਪਿਤਾ ਲਈ ਭਾਰਤ ਰਤਨ ਦੀ ਭੀਖ ਨਹੀਂ

ਦੇਣ ਦੀ ਫਾਈਲ ’ਤੇ ਦਸਤਖਤ ਕੀਤੇ ਸਨ ਅਤੇ ਤਤਕਾਲੀ ਖੇਡ ਮੰਤਰੀ ਨੂੰ ਇਸ ਦੀ ਜਾਣਕਾਰੀ ਦਿੱਤੀ ਸੀ। ਇਸ ਫੈਸਲੇ ਨੂੰ ਬਾਅਦ ਵਿੱਚ ਪਲਟ ਦਿੱਤਾ ਗਿਆ। ਅਜਿਹਾ ਕਰਕੇ ਸਰਕਾਰ ਨੇ ਨਾ ਸਿਰਫ਼ ਸਾਡਾ ਅਪਮਾਨ ਕੀਤਾ ਹੈ, ਸਗੋਂ ਦੇਸ਼ ਦੇ ਇੱਕ ਸਰਵੋਤਮ ਖਿਡਾਰੀ ਦਾ ਵੀ ਅਪਮਾਨ ਕੀਤਾ ਹੈ।ਅਸ਼ੋਕ, ਜੋ ਵਿਸ਼ਵ ਚੈਂਪੀਅਨ ਅਤੇ ਓਲੰਪਿਕ ਤਮਗਾ ਜੇਤੂ ਟੀਮ ਦੇ ਮੈਂਬਰ ਸਨ, ਨੇ ਕਿਹਾ- ਪੁਰਸਕਾਰਾਂ ਦੀ ਭੀਖ ਨਹੀਂ ਮੰਗੀ ਜਾਂਦੀ। ਸਰਕਾਰ ਯੋਗ ਵਿਅਕਤੀਆਂ ਨੂੰ ਇਨਾਮ ਦਿੰਦੀ ਹੈ। ਹੁਣ ਇਹ ਸਰਕਾਰ ’ਤੇ ਨਿਰਭਰ ਕਰਦੀ ਹੈ ਕਿ ਉਹ ਇਸ ਬਾਰੇ ਫੈਸਲਾ ਲੈਂਦੀ ਹੈ ਅਤੇ ਦੇਖਦੀ ਹੈ ਕਿ ਧਿਆਨਚੰਦ ਨੂੰ ਭਾਰਤ ਰਤਨ ਦਿੱਤਾ ਜਾਣਾ ਚਾਹੀਦਾ ਹੈ ਜਾਂ ਨਹੀਂ।

***

## ਸਰਕਾਰਾਂ ਨੇ ਧਿਆਨਚੰਦ ਦੇ ਭਾਰਤ ਰਤਨ ਨੂੰ

ਨੂੰ ਮਰਨ ਉਪਰੰਤ ਦੇਸ਼ ਦੇ ਸਰਵਉੱਚ ਨਾਗਰਿਕ ਸਨਮਾਨ ‘ਭਾਰਤ ਰਤਨ’ ਨਾਲ ਸਨਮਾਨਿਤ ਕਰਨ ਦੀ ਅਕਸਰ ਮੰਗ ਅਤੇ ਚਰਚਾ ਹੁੰਦੀ ਰਹੀ ਹੈ, ਪਰ ਇਹ ਜਾਣਨਾ ਦਿਲਚਸਪ ਹੋਵੇਗਾ ਕਿ ਉਨ੍ਹਾਂ ਨੂੰ ਇਹ ਸਨਮਾਨ ਕਿਉਂ ਅਤੇ ਕਿਵੇਂ ਨਹੀਂ ਮਿਲਿਆ ?

2014 ਵਿੱਚ ਮੇਜਰ ਧਿਆਨਚੰਦ ਦੇ ਨਾਂ ਦੀ ਸਿਫ਼ਾਰਸ਼ ਨੂੰ ਰੱਦ ਕਰਦਿਆਂ ਤਤਕਾਲੀ ਯੂਪੀਏ ਸਰਕਾਰ ਨੇ ਕ੍ਰਿਕਟਰ ਸਚਿਨ ਤੇਂਦੁਲਕਰ ਨੂੰ ‘ਭਾਰਤ ਰਤਨ’ ਦਿੱਤਾ ਸੀ।

ਆਰਟੀਆਈ ਤੋਂ ਮਿਲੀ ਜਾਣਕਾਰੀ ਅਨੁਸਾਰ 2013 ਵਿੱਚ ਮੇਜਰ ਧਿਆਨ ਚੰਦ ਦਾ ਰੈਜ਼ਿਊਮੇ ਕਈ ਮਹੀਨੇ ਪਹਿਲਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦਫ਼ਤਰ ਪਹੁੰਚ ਗਿਆ ਸੀ। ਇਸ ’ਤੇ ਪੀਐੱਮ ਦੀ ਮਨਜ਼ੂਰੀ ਵੀ ਮਿਲ ਗਈ ਸੀ ਪਰ ਬਾਅਦ ’ਚ ਅਚਾਨਕ ਸਚਿਨ ਦੇ ਨਾਂ ’ਤੇ ਮੋਹਰ ਲੱਗ ਗਈ।

11 ਅਪ੍ਰੈਲ 2011 ਨੂੰ ਭਾਜਪਾ ਦੇ ਸੰਸਦ ਮੈਂਬਰ ਮਧੂਸੂਦਨ ਯਾਦਵ ਨੇ ਕੇਂਦਰ ਸਰਕਾਰ ਨੂੰ ਸਚਿਨ ਤੇਂਦੁਲਕਰ ਨੂੰ ਭਾਰਤ ਰਤਨ ਦੇਣ ਦੇ ਨਿਯਮਾਂ ਨੂੰ ਬਦਲਣ ਦੀ ਅਪੀਲ ਕੀਤੀ। ਉਦੋਂ ਤੱਕ ਇਹ ਸਨਮਾਨ ਸਾਹਿਤ, ਕਲਾ, ਵਿਗਿਆਨ ਅਤੇ ਲੋਕ ਸੇਵਾ ਦੇ ਖੇਤਰ ਵਿੱਚ ਦਿੱਤਾ ਜਾਂਦਾ ਸੀ, ਖਿਡਾਰੀਆਂ ਲਈ ਭਾਰਤ ਦਾ ਸਭ ਤੋਂ ਵੱਡਾ ਸਨਮਾਨ ਅਰਜੁਨ ਪੁਰਸਕਾਰ ਹੈ।

ਇਸ ਤੋਂ ਬਾਅਦ ਸਰਕਾਰ ਨੇ ਭਾਰਤ ਰਤਨ ਦੇ ਨਿਯਮਾਂ ’ਚ ਬਦਲਾਅ ਕਰਦੇ ਹੋਏ ਜ਼ਿਕਰਯੋਗ ਕੰਮ ਕਰਨ ਵਾਲੇ ਸਾਰੇ ਭਾਰਤੀਆਂ ਨੂੰ ਪੁਰਸਕਾਰ ਲਈ ਯੋਗ ਮੰਨਿਆ, ਜਿਸ ’ਚ ਖੇਡਾਂ ਨੂੰ ਵੀ ਸ਼ਾਮਲ ਕੀਤਾ ਗਿਆ। 22 ਦਸੰਬਰ 2011 ਨੂੰ, ਭਾਰਤੀ ਹਾਕੀ ਫੈਡਰੇਸ਼ਨ ਨੇ ਧਿਆਨਚੰਦ ਨੂੰ ਭਾਰਤ ਰਤਨ ਦੇਣ ਦੀ ਸਿਫ਼ਾਰਸ਼ ਕੀਤੀ।

ਵੈਸਟਇੰਡੀਜ਼ ਦੇ ਖਿਲਾਫ ਸਚਿਨ ਦਾ ਵਿਦਾਇਗੀ ਟੈਸਟ 14 ਨਵੰਬਰ 2013 ਨੂੰ ਸ਼ੁਰੂ ਹੋਇਆ, ਅਗਲੇ ਦਿਨ 15 ਨਵੰਬਰ ਨੂੰ ਪ੍ਰਧਾਨ ਮੰਤਰੀ ਨੇ ਇਸ ਨੂੰ ਰਾਸ਼ਟਰਪਤੀ ਕੋਲ ਭੇਜਿਆ, ਜਿਸ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਤੁਰੰਤ ਮਨਜ਼ੂਰੀ ਦੇ ਦਿੱਤੀ, 16 ਨਵੰਬਰ ਨੂੰ ਮੈਚ ਖਤਮ ਹੋਣ ਤੋਂ ਪਹਿਲਾਂ ਸਚਿਨ ਨੂੰ ਇਹ ਪੁਰਸਕਾਰ ਦਿੱਤਾ ਗਿਆ।

ਦੂਜੇ ਪਾਸੇ 17 ਜੁਲਾਈ 2013 ਨੂੰ ਖੇਡ ਮੰਤਰਾਲੇ ਨੇ ਮੇਜਰ ਧਿਆਨਚੰਦ ਨੂੰ ਭਾਰਤ ਰਤਨ ਦੇਣ ਲਈ ਪ੍ਰਧਾਨ ਮੰਤਰੀ ਨੂੰ ਰਸਮੀ ਸਿਫ਼ਾਰਸ਼ ਭੇਜੀ ਸੀ। ਮੇਜਰ ਧਿਆਨਚੰਦ ਦੀ ਫਾਈਲ ਪੀਐਮਓ ਦਫ਼ਤਰ ਵਿੱਚ ਮਹੀਨਿਆਂ ਤੱਕ ਲਟਕਦੀ ਰਹੀ। ਮੇਜਰ ਧਿਆਨਚੰਦ ਦੇ ਬੇਟੇ ਅਤੇ ਸਾਬਕਾ ਓਲੰਪੀਅਨ ਅਸ਼ੋਕ ਕੁਮਾਰ ਦੱਸਦੇ ਹਨ ਕਿ ਜਦੋਂ ਫੈਸਲੇ ਦੀ ਵਾਰੀ ਆਈ ਤਾਂ ਫੈਸਲਾ ਪਲਟ ਗਿਆ।

**ਮੋਦੀ ਸਰਕਾਰ ਦਾ ਦੌਰ**

ਯੂ.ਪੀ.ਏ. ਤੋਂ ਬਾਅਦ ਆਈ ਮੋਦੀ ਸਰਕਾਰ ਨੇ ਪੰਡਿਤ ਮਦਨ ਮੋਹਨ ਮਾਲਵੀਆ ਨੂੰ ਮਰਨ ਉਪਰੰਤ ਭਾਰਤ ਰਤਨ ਨਾਲ ਸਨਮਾਨਿਤ ਕੀਤਾ, ਪਰ ਮੇਜਰ ਧਿਆਨਚੰਦ ਵੱਲ ਧਿਆਨ ਨਹੀਂ ਦਿੱਤਾ ਗਿਆ।

***

## ਯੂਕੇ : ਮਨੀ ਲਾਂਡਰਿੰਗ ਮਾਮਲੇ ’ਚ

ਵੈਨ ਨੂੰ ਡੱਚ ਪੁਲਿਸ ਦੁਆਰਾ ਰੋਕ ਲਿਆ ਗਿਆ ਸੀ,ਇਸ ਤੋਂ ਪਹਿਲਾਂ ਕਿ ਇਹ ਹੌਲੈਂਡ ਦੇ ਹੁੱਕ ’ਤੇ ਇੱਕ ਕਿਸ਼ਤੀ ਤੱਕ ਪਹੁੰਚ ਸਕੇ। ਇੱਕ ਬਿਆਨ ਵਿੱਚ ਹਿੱਲ ਨੇ ਕਿਹਾ ਕਿ ਇਹ ਕੇਸ ਐਨਸੀਏ ਦੁਆਰਾ ਜਨਤਾ ਦੀ ਸੁਰੱਖਿਆ ਅਤੇ ਲੋਕਾਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਦੋਵਾਂ ਵਿੱਚ ਸ਼ਾਮਲ ਅਪਰਾਧਿਕ ਨੈਟਵਰਕਾਂ ਨੂੰ ਨਿਸ਼ਾਨਾ ਬਣਾਉਣ ਲਈ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਸੀਂ ਉਹਨਾਂ ਨੂੰ ਖਤਮ ਕਰਨ ਲਈ ਆਪਣੀ ਕਾਰਵਾਈ ਜਾਰੀ ਰੱਖਾਂਗੇ।

***

## ਪੰਜਾਬ ਦੇ ਧਰਾਤਲ ਦੇ ਅਨੁਕੂਲ ਵਿਕਾਸ

ਉੱਤਰ ਸਪੱਸ਼ਟ ਹੈ ਕਿ ਪੰਜਾਬ ਵਿਚ ਕਿਤਾਬ, ਕਲਾ ਅਤੇ ਹੁਨਰ ਦੀ ਕਦਰ ਘਟ ਗਈ ਹੈ। ਪੰਜਾਬ ਦੀਆਂ ਸਮੱਸਿਆਵਾਂ ਦੇ ਸਥਾਈ ਹੱਲ ਕੱਢਣ ਲਈ ਸਰਕਾਰ ਅਤੇ ਬੁੱਧੀਜੀਵੀ ਵਰਗ ਨੂੰ ਪੰਜਾਬ ਦੇ ਧਰਾਤਲ ਨਾਲ ਜੁੜਨਾ ਪਵੇਗਾ ਅਤੇ ਪੰਜਾਬ ਦੀਆਂ ਨਵੀਆਂ ਚੁਣੌਤੀਆਂ ਨੂੰ ਸਮਝਣਾ ਪਵੇਗਾ। ਰਾਜ ਸਰਕਾਰ ਨੂੰ ਆਪਣੇ ਇਖਲਾਕੀ ਫਰਜ਼ਾਂ ਨੂੰ ਪਛਾਣਦੇ ਹੋਏ ਮੌਲਿਕ, ਸੁਤੰਤਰ ਅਤੇ ਵਿਲੱਖਣ ਨੁਹਾਰ ਵਾਲੇ ਪੰਜਾਬ ਦੇ ਧਰਾਤਲ ਦੇ ਅਨੁਕੂਲ ਵਿਕਾਸ ਮਾਡਲ ਸਿਰਜਣ ਦੀ ਲੋੜ ਹੈ।

***

## ਮਨੀਪੁਰ ਹਿੰਸਾ, ਭਾਜਪਾ ਦੀ ਫਿਰਕ

ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਕੁੱਕੀ ਭਾਈਚਾਰੇ ਵੱਲੋਂ ਇਸ ਦਾ ਵਿਰੋਧ ਕਰਦਿਆਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਮਨੀਪੁਰ ਦੀ ਭਾਜਪਾ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਕੁਕੀ ਦੇ ਪ੍ਰਦਰਸ਼ਨ ਵਿਰੁੱਧ ਵਰਤੀ ਗਈ ਭਾਸ਼ਾ ਕੁਕੀ ਭਾਈਚਾਰੇ ਨੂੰ ਬਹੁ-ਗਿਣਤੀ ਭਾਈਚਾਰੇ ਦੇ ਹਿੱਤ ਪੂਰਦੀ ਜਾਪੀ। ਭਾਜਪਾ ਸਰਕਾਰ ਦੇ ਸਟੈਂਡ ਨੇ ਇਸ ਫਿਰਕੂ ਹਿੰਸਾ ਦੀ ਅੱਗ ਨੂੰ ਵੀ ਭੜਕਾਇਆ।ਕੂਕੀ ਦੇ ਦਬਦਬੇ ਵਾਲੇ ਇਲਾਕਿਆਂ ਵਿਚ ਮੈਤਈ ਭਾਈਚਾਰੇ ਨਾਲ ਸਬੰਧਤ ਲੋਕਾਂ ’ਤੇ ਹਮਲਾ ਕੀਤਾ ਗਿਆ।ਤੁਰੰਤ ਹੀ ਇਹ ਹਿੰਸਾ ਘਾਟੀ ਅਤੇ ਮੈਦਾਨੀ ਇਲਾਕਿਆਂ ਵਿੱਚ ਫੈਲ ਗਈ। ਕੂਕੀ ਲੋਕਾਂ ’ਤੇ ਵੀ ਹਮਲਾ ਕੀਤਾ ਗਿਆ। ਅਤੇ ਹੁਣ ਤੱਕ 50 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ।ਹਿੰਸਾ ਦਾ ਪੈਮਾਨਾ ਅਤੇ ਕਤਲਾਂ ਦੀ ਗਿਣਤੀ ਮਾਮੂਲੀ ਨਹੀਂ ਹੈ। ਹਿੰਸਾ ਹੌਲੀ-ਹੌਲੀ ਘਟ ਰਹੀ ਹੈ। ਪਰ ਇਹ ਵੀ ਸਪੱਸ਼ਟ ਹੈ ਕਿ ਹੁਣ ਭਾਜਪਾ ਸਰਕਾਰ ਤੋਂ ਕੁਝ ਵੀ ਆਸ ਰੱਖਣੀ ਵਿਅਰਥ ਹੈ। ਮਨੀਪੁਰ ਦੇ ਲੋਕਾਂ ਨੂੰ ਮਨੀਪੁਰ ਵਿੱਚ ਸਦਭਾਵਨਾ ਅਤੇ ਸ਼ਾਂਤੀ ਬਣਾਈ ਰੱਖਣ ਲਈ ਕੰਮ ਕਰਨਾ ਹੋਵੇਗਾ।ਫਿਰਕੂ ਸਿਆਸਤ ਨੂੰ ਰੱਦ ਕਰਨਾ ਹੋਵੇਗਾ।

***

## ਬੱਚਿਆਂ ਦੇ ਦਿਮਾਗ ਨੂੰ ਤਬਾਹ ਕਰ ਰਹੀ ਹ

ਜਾਣੀ ਚਾਹੀਦੀ ਹੈ। ਕੁਝ ਖੋਜਕਰਤਾ ਬੱਚਿਆਂ ਅਤੇ ਨੌਜਵਾਨਾਂ ਨੂੰ ਔਨਲਾਈਨ ਪੋਰਨੋਗ੍ਰਾਫੀ ਵਿਰੁੱਧ ਸਿੱਖਿਅਤ ਕਰਨ ਲਈ ਮਜ਼ਬੂਤ ? ?ਮੀਡੀਆ ਸਾਖਰਤਾ ਪ੍ਰੋਗਰਾਮਾਂ ਦੀ ਵਕਾਲਤ ਕਰਦੇ ਹਨ। ਫ੍ਰਾਈਟੈਗ ਨੂੰ ਲੱਗਦਾ ਹੈ ਕਿ ਮੀਡੀਆ ਸਾਖਰਤਾ ਦੀ ਵਕਾਲਤ ਕਰਨ ਨਾਲ ਗੱਲ ਨਹੀਂ ਬਣੇਗੀ।ਉਹ ਕਹਿੰਦੀ ਹੈ,ਇਹ ਸ਼ਬਦ ਉਦੋਂ ਵਰਤੇ ਜਾਂਦੇ ਹਨ ਜਦੋਂ ਬੱਚਿਆਂ ਨੂੰ ਦੁਰਵਿਵਹਾਰ ਅਤੇ ਹੈਰਾਨ ਕਰਨ ਤੇ ਦੁਖ ਪਹੁੰਚਾਉਣ ਵਾਲੀ ਹਿੰਸਕ ਸਮੱਗਰੀ ਤੋਂ ਬਚਾਉਣ ਦੀ ਜ਼ਿੰਮੇਵਾਰੀ ਮਾਤਾ-ਪਿਤਾ ਨਹੀਂ ਲੈਣਾ ਚਾਹੁੰਦੇ। ਉਹ ਸਾਰੀ ਜ਼ਿੰਮੇਵਾਰੀ ਬੱਚਿਆਂ ਦੇ ਨਾਜ਼ੁਕ ਮੋਢਿਆਂ ’ਤੇ ਪਾ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਉਹਨਾਂ ਨੂੰ ਇਸ ਬਾਰੇ ਖੁਦ ਸਮਝਣਾ ਹੋਵੇਗਾ ਤੇ ਖੁਦ ਨੂੰ ਬਚਾਉਣਾ ਹੋਵੇਗਾ। ਉਨ੍ਹਾਂ ਨੂੰ ਉਹ ਕੰਮ ਕਰਨੇ ਪੈਂਦੇ ਹਨ ਜੋ ਸ਼ਾਇਦ ਮਾਂ ਬਾਪ ਵੀ ਨਹੀਂ ਕਰ ਸਕਦੇ। ਫ੍ਰੀਟੈਗ ਅੱਗੇ ਕਹਿੰਦੀ ਹੈ, ਇਹ 10 ਸਾਲ ਦੇ ਬੱਚੇ ਨੂੰ ਕਾਰ ਚਲਾਉਣਾ ਸਿਖਾਕੇ ਫਿਰ ਉਸਨੂੰ ਕਾਰ ਹਾਈਵੇ ’ਤੇ ਗੱਡੀ ਚਲਾਉਣ ਦੇਣ ਵਰਗਾ ਹੈ।

ਫਰੀਟੈਗ ਅਨੁਸਾਰ ਖੋਜ ਦਰਸਾਉਂਦੀ ਹੈ ਕਿ ਜੋ ਬਾਲਗ ਜ਼ਿਆਦਾ ਪੋਰਨੋਗ੍ਰਾਫੀ ਦੇਖਦੇ ਹਨ, ਉਹ ਬਾਲ ਅਧਿਕਾਰਾਂ ਦੀ ਰੱਖਿਆ ਵਿੱਚ ਘੱਟ ਦਿਲਚਸਪੀ ਰੱਖਦੇ ਹਨ,ਕਿਉਂਕਿ ਉਹ ਵਹਿਸ਼ੀ ਹੁੰਦੇ ਹਨ। ਉਹ ਕਹਿੰਦੀ ਹੈ, ਸਕੂਲਾਂ ਵਿੱਚ ਡਿਜੀਟਾਈਜੇਸ਼ਨ ਦੀ ਨੀਤੀ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ। ਅਸਲ ਵਿੱਚ ਇਸਦਾ ਮਤਲਬ ਹੈ ਕਿ ਬਾਲ ਸੁਰੱਖਿਆ ਅੰਤ ਵਿੱਚ ਹੈ। ਇਸ ਬਾਰੇ ਸਿਆਸੀ ਫੈਸਲਾ ਹੋਣਾ ਚਾਹੀਦਾ ਹੈ ਕਿ ਸਪਲਾਇਰਾਂ ਅਤੇ ਕੰਪਨੀਆਂ ਵਲੋਂ ਸਕੂਲਾਂ ਨੂੰ ਟੇਬਲੈਟ ਦੇਣੇ ਚਾਹੀਦੇ ਹਨ ਜਿਸ ਵਿਚ ਫਿਲਟਰ ਇੰਸਟਾਲ ਹੋਵੇ ਤੇ ਬੱਚੇ ਪੋਰਨੋਗ੍ਰਾਫੀ ਨਾ ਦੇਖ ਸਕਣ। ਘੱਟੋ-ਘੱਟ ਜਰਮਨ ਕ੍ਰਿਮੀਨਲ ਕੋਡ ਦੇ ਆਰਟੀਕਲ 184 ਨੂੰ ਗੰਭੀਰਤਾ ਨਾਲ ਲੈਣਾ ਹੋਵੇਗਾ ਅਤੇ ਕਹਿਣਾ ਹੋਵੇਗਾ ਕਿ ਅਸੀਂ ਉਦੋਂ ਤੱਕ ਕੋਈ ਵੀ ਟੈਬਲੇਟ ਪੇਸ਼ ਨਹੀਂ ਕਰਾਂਗੇ, ਜਦੋਂ ਤੱਕ ਪ੍ਰਭਾਵੀ ਸੁਰੱਖਿਆ ਫਿਲਟਰ ਸਥਾਪਤ ਨਹੀਂ ਕੀਤੇ ਜਾਂਦੇ। ਉੱਤਰੀ ਰਾਈਨ-ਵੈਸਟਫਾਲੀਆ ਦੀ ਉੱਚ ਸੂਬਾਈ ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਬਹੁਤ ਸਾਰੇ ਪਲੇਟਫਾਰਮ ਬੱਚਿਆਂ ਅਤੇ ਨਾਬਾਲਗਾਂ ਦੀ ਸੁਰੱਖਿਆ ਲਈ ਜਰਮਨ ਕਾਨੂੰਨ ਦੇ ਤਹਿਤ ਲੋੜੀਂਦੇ ਨਿਯਮਾਂ ਦੀ ਪਾਲਣਾ ਨਹੀਂ ਕਰ ਰਹੇ ਹਨ। ਉਪਭੋਗਤਾ ਨੂੰ ਇਹ ਪੁੱਛਣਾ ਕਿ ਕੀ ਉਹ 18 ਸਾਲ ਦਾ ਹੈ ਜਾਂ ਨਹੀਂ ਸਿਰਫ ਇੱਕ ਕਲਿੱਕ ਨਾਲ ਭਵਿੱਖ ਵਿੱਚ ਅਜਿਹਾ ਕਾਫ਼ੀ ਨਹੀਂ ਹੋਵੇਗਾ।ਇਹ ਇੱਕ ਮਜ਼ਾਕ ਹੈ ਅਤੇ ਇਹ ਯਕੀਨੀ ਤੌਰ ’ਤੇ ਨਾਕਾਫ਼ੀ ਹੈ। ਪੋਰਨ ਪਲੇਟਫਾਰਮ ਅਜੇ ਵੀ ਟਾਲਮਟੋਲ ਕਰ ਰਹੇ ਹਨ. ਉਨ੍ਹਾਂ ਨੂੰ ਡਰ ਹੈ ਕਿ ਉਮਰ ਵੈਰੀਫਿਕੇਸ਼ਨ ਸਿਸਟਮ ਲਾਗੂ ਕਰਨ ਨਾਲ ਕਈ ਬਾਲਗ ਉਪਭੋਗਤਾ ਵੀ ਭੱਜ ਜਾਣਗੇ। ਚਿੰਤਕ ਸਮਿੱਟ ਦਾ ਕਹਿਣਾ ਹੈ ਕਿ ਇੱਥੇ ਪਹਿਲ ਬੱਚਿਆਂ ਅਤੇ ਨਾਬਾਲਗਾਂ ਦੀ ਸੁਰੱਖਿਆ ਦੀ ਹੈ।ਉਸ ਦੀ ਸਿਰਫ਼ ਜਰਮਨੀ ਵਿਚ ਹੀ ਨਹੀਂ, ਪੂਰੇ ਯੂਰਪ ਵਿਚ ਲੋੜ ਹੈ।ਸਮਿੱਟ ਦਾ ਮੰਨਣਾ ਹੈ ਕਿ ਇੰਟਰਨੈੱਟ ਨੇ ਬੇਅੰਤ ਸੰਭਾਵਨਾਵਾਂ ਖੋਲ੍ਹ ਦਿੱਤੀਆਂ ਹਨ, ਪਰ ਇਹ ਔਨਲਾਈਨ ਸੰਸਾਰ ਨਫ਼ਰਤ, ਹਿੰਸਾ ਅਤੇ ਬੱਚਿਆਂ ਨਾਲ ਦੁਰਵਿਵਹਾਰ ਨਾਲ ਵੀ ਭਰਿਆ ਹੋਇਆ ਹੈ, ਜਿਸ ਲਈ ਨਿਯਮ ਅਤੇ ਕਾਨੂੰਨ ਹੋਣੇ ਚਾਹੀਦੇ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com